ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
www.amritsartimes.live
QUOMANTRY AMRITSAR TIMES
West/East Coast Edition | Volume 23 | Issue 200| 5 to 11 November, 2025 | Ph.: (510) 240-5949 | Email: asrtimes@gmail.com

## ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

ਵੱਲੋਂ ਸੰਸਾਰ ਭਰ ਵਿੱਚ ਬੈਠੇ ਨਾਨਕ ਨਾਮਲੇਵਾ ਸੰਗਤਾਂ ਨੂੰ ਅਕਾਲ ਜੋਤ, ਬ੍ਰਹਿਮੰਡੀ ਧੁਨ ਦੇ ਮਾਲਕ ਸ਼੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ ।



### ਖ਼ਾਲਸਾਈ ਰੰਗ 'ਚ ਰੰਗਿਆ ਗਿਆ ਯੂਬਾ ਸਿਟੀ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਵਿੱਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ







ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ 46ਵੇਂ ਸਾਲਾਨਾ ਮਹਾਨ ਨਗਰ ਕੀਰਤਨ ਵਿੱਚ ਜਿੱਥੇ ਹਜ਼ਾਰਾਂ ਦੀ ਤਾਦਾਦ ਦੇ ਨਾਲ ਸੰਗਤਾਂ ਨੇ ਸ਼ਮੂਲੀਅਤ ਕੀਤੀ ਉੱਥੇ ਨਾਲ ਨਾਲ ਐਤਕਾਂ ਇੱਕ ਅਦਭੁਤ ਨਜ਼ਾਰਾ ਦੇਖਣ ਨੂੰ ਮਿਲਿਆ ਕਿ ਇਸ ਵਿਸ਼ਾਲ ਨਗਰ ਕੀਰਤਨ ਦਾ ਕੰਟਰੋਲ ਐਤਕਾਂ ਵੱਖ-ਵੱਖ ਸੈਨਾਵਾਂ, ਐਫ਼.ਬੀ.ਆਈ., ਸਵਾਤ ਟੀਮ ਸੀ.ਆਈ.ਏ., ਸੀ.ਐਚ.ਪੀ., ਸੈਰਫ਼ ਤੇ ਸਥਾਨਕ ਪੁਲਿਸ ਵੱਲੋਂ ਕੀਤਾ ਗਿਆ। ਭਾਵੇਂ ਕਿ ਇਸ ਵਿਸ਼ਾਲ ਨਗਰ ਕੀਰਤਨ ਦਾ ਪ੍ਰਬੰਧ ਕਈ ਮਹੀਨਿਆਂ ਤੋਂ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਪਰ ਮੁੱਖ ਸਮਾਗਮ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਤੋਂ ਸ਼ੁਰੂ ਹੋ ਕੇ ਨਗਰ ਕੀਰਤਨ ਤੱਕ ਚੱਲਿਆ। ਇਸ ਦੌਰਾਨ ਜੋ ਇਸ ਧਾਰਮਿਕ ਦੀਵਾਨਾਂ ਦੇ ਵਿੱਚ ਵੱਖ- ਵੱਖ ਜਥੇ ਤੇ ਪ੍ਰਚਾਰਕ ਪਹੁੰਚੇ ਉਹਨਾਂ ਵਿੱਚ ਭਾਈ ਤਵਨੀਤ ਸਿੰਘ ਚੰਡੀਗੜ੍ਹ ਵਾਲੇ, ਭਾਈ ਹਰਬਲਜੀਤ ਸਿੰਘ, ਭਾਈ ਕਰਨਜੀਤ ਸਿੰਘ ਖ਼ਾਲਸਾ ਯੂ. ਕੇ. ਵਾਲੇ, ਇਸ ਤੋਂ ਇਲਾਵਾ ਕਥਾਵਾਚਕ ਭਾਈ ਹਰਪਾਲ ਸਿੰਘ ਫ਼ਤਿਹਗੜ੍ਹ ਸਾਹਿਬ ਵਾਲੇ ਢਾਡੀ ਭਾਈ ਗੁਰਪ੍ਰੀਤ ਸਿੰਘ ਲਾਂਡਰਾਂ ਵਾਲੇ ਵਿਸ਼ੇਸ਼ ਤੌਰ 'ਤੇ ਇਹਨਾਂ ਸਮਾਗਮਾਂ ਵਿੱਚ ਸ਼ਾਮਿਲ ਹੋਏ। ਇਸ ਤੋਂ ਇਲਾਵਾ ਜੋ ਵਿਸ਼ੇਸ਼ ਕੀਰਤਨ ਸਮਾਗਮ 18 ਅਕਤੂਬਰ ਤੋਂ ਦੋ ਨਵੰਬਰ ਤੱਕ ਚਲਦੇ ਰਹੇ। ਬਾਕੀ ਸਮੇਂ ਸਮੇਂ 'ਤੇ ਹੋਏ ਸਮਾਗਮਾਂ ਦੌਰਾਨ ਹੀ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ, ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ, ਰੈਣ ਸਬਾਈ ਕੀਰਤਨ ਤੇ ਸ਼ੁੱਕਰਵਾਰ ਨੂੰ ਸ਼ਾਮ ਨੂੰ ਆਤਿਸ਼ਬਾਜ਼ੀ ਹੋਈ। ਇਹਨਾਂ ਸਮਾਗਮਾਂ ਦੌਰਾਨ ਹੀ ਸ਼ਨੀਵਾਰ ਨੂੰ ਅੰਮ੍ਰਿਤ ਸੰਚਾਰ ਹੋਇਆ ਤੇ ਸ਼ਨੀਵਾਰ ਨੂੰ ਹੀ ਸਵੇਰੇ ਨਿਸ਼ਾਨ ਸਾਹਿਬ ਜੀ ਦੇ ਚੋਲ਼ਾ ਸਾਹਿਬ ਦੀ ਸੇਵਾ ਹੋਈ। ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ

ਕੀਰਤਨ ਦਰਬਾਰ ਹੋਇਆ। ਇਸ ਤੋਂ ਉਪਰੰਤ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਭਾਰੀ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਵੱਖ ਵੱਖ ਫਲੈਟਾਂ ਦੀ ਅਗਵਾਈ ਪੰਜ ਪਿਆਰਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਕੀਤੀ। ਸ਼ਨੀਵਾਰ ਦੇ ਭਾਰੀ ਦੀਵਾਨਾਂ 'ਚ ਸ਼ੈਰਫ਼ ਚੀਫ਼ ਜਿਮ ਰਨੀਅਨ, ਡਿਸਟਰਿਕਟ ਅਟਾਰਨੀ ਜੈਨੂਫ਼ਰ ਡੂਪਰੇ, ਸੁਪਰਵਾਈਜ਼ਰ ਸਟੀਵ ਸਮਿਥ, ਮਾਈਕ ਜਗਮਾਰ ਸੁਪਰਵਾਈਜ਼ਰ, ਜੈਫ਼ ਬੂਨ ਸੁਪਰਵਾਈਜ਼ਰ ਸਟਰ ਕਾਊਂਟੀ ਤੋਂ ਇਲਾਵਾ ਸਾਰੇ ਕੌਂਸਲ ਮੈਂਬਰ ਇਸ ਸਮਾਗਮ ਵਿੱਚ ਸ਼ਾਮਿਲ ਹੋਏ। ਇਸ ਤੋਂ ਇਲਾਵਾ ਕ੍ਰਿਸ ਚੈਪਲਨ ਸੀਈਓ ਐਡਵਾਂਟੇਜ ਹੈਥ ਕੇਅਰ, ਨੀਲ ਹੇਜ, ਜੋ ਡਿਸਟਕ ਕਾਊਂਟੀ ਦੇ ਬਿਲਡਿੰਗ ਵਿਭਾਗ ਦੇ ਮੁਖੀ ਹਨ ਬਕਾਇਦਾ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਿਲ ਹੋਏ, ਉਕਤ ਸਾਰੇ ਅਹੁਦੇਦਾਰਾਂ ਤੇ ਆਫ਼ੀਸਲਜ ਨੂੰ ਸਨਮਾਨਿਤ ਕੀਤਾ ਗਿਆ। ਸਿੱਖ ਭਾਈਚਾਰੇ ਦੇ ਮੁੱਖ ਬੁਲਾਰਿਆਂ ਵਿੱਚ ਡਾਕਟਰ ਅਮਰਜੀਤ ਸਿੰਘ, ਡਾਕਟਰ ਪ੍ਰਿਤਪਾਲ ਸਿੰਘ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਧਾਮੀ ਅਕਾਲੀ ਦਲ, ਜਸਵੰਤ ਸਿੰਘ ਹੋਠੀ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਬਖਸ਼ੀਸ਼ ਸਿੰਘ ਸਿਖਸ ਫ਼ਾਰ ਜਸਟਿਸ ਸਰਬਜੀਤ ਸਿੰਘ ਸਾਬੀ, ਕਮਲਜੀਤ ਕਾਹਲੋਂ ਯੂਨਾਈਟਡ ਸਿੱਖਸ, ਬਸੰਤ ਸਿੰਘ ਸਿੱਖ ਯੂਥ ਆਫ਼ ਅਮਰੀਕਾ ਨਿਊ ਜਰਸੀ, ਭੁਪਿੰਦਰ ਕੌਰ ਯੂਨਾਈਟਡ ਸਿੱਖਸ, ਗੁਰਿੰਦਰਜੀਤ ਸਿੰਘ ਮਾਨ੍ਹਾ ਸਿੱਖ ਫ਼ੈਡਰੇਸ਼ਨ ਆਫ਼ ਯੂ.ਐਸ.ਏ., ਗੁਰਨਾਮ ਸਿੰਘ ਪੰਮਾ, ਪ੍ਰਧਾਨ ਯੂਬਾ ਸਿਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਬਜੀਤ ਸਿੰਘ ਥਿਆੜਾ ਆਦਿ ਤੋਂ ਇਲਾਵਾ ਬਾਹਰਲੇ ਦੇਸ਼ਾਂ ਤੋਂ ਆਏ ਬੁਲਾਰਿਆਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ।

(ਬਾਕੀ ਸਫ਼ਾ 26 'ਤੇ)




ਸਿੱਖ ਫੈਡਰੇਸ਼ਨ ਯੂ.ਐਸ.ਏ. ਅਤੇ ਸਿੱਖ ਯੂਥ ਆਫ਼ ਅਮਰੀਕਾ ਦਾ ਟੈਂਟ ਵੀ ਆਕਰਸ਼ਿਤ ਦਾ ਕੇਂਦਰ ਬਣਿਆ ਰਿਹਾ।

# ਗਲਾਸਗੋ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਨਗਰ ਕੀਰਤਨ ਸਜਾਇਆ

### ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤ ਨੇ ਕੀਤੀ ਸ਼ਿਰਕਤ



ਗਲਾਸਗੋ /ਏ.ਟੀ.ਨਿਊਜ਼: ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਸਭਾ ਗੁਰਦੁਆਰਾ ਐਲਬਰਟ ਡਰਾਈਵ ਤੋਂ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਵਿੱਚ ਸੁੰਦਰ ਪਾਲਕੀ ਸਾਹਿਬ ਸੇਂਟ ਐਂਡਰਿਊ ਡਰਾਈਵ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰੂਘਰ ਵੱਲ ਨੂੰ ਚਾਲੇ ਪਾਏ। ਗੁਰੂਘਰ ਦੇ ਵਜੀਰ ਭਾਈ ਅਮਰੀਕ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਗਗਨਦੀਪ ਸਿੰਘ ਦੇ ਜੱਥੇ ਵੱਲੋਂ ਸਾਰੇ ਰਾਹ ਸ਼ਬਦ ਕੀਰਤਨ ਰਾਹੀਂ ਫਿਜ਼ਾਵਾਂ ਸੰਗੀਤਮਈ ਕਰ ਦਿੱਤੀਆਂ। ਸੰਗਤਾਂ ਵੱਲੋਂ ਕੀਤਾ ਜਾ ਰਿਹਾ ਜਾਪ ਵੱਖਰਾ ਹੀ ਮਾਹੌਲ ਸਿਰਜ ਰਿਹਾ ਸੀ। ਇਹ ਨਗਰ ਕੀਰਤਨ ਇਸ ਗੱਲੋਂ ਵੀ ਵਿਲੱਖਣ ਸੀ ਕਿ ਪੈਂਡਾ ਬਹੁਤਾ ਜਿਆਦਾ ਨਹੀਂ ਸੀ ਤੇ ਹੋਰਨਾਂ ਸ਼ਹਿਰਾਂ ਵਾਂਗ ਰਸਤਿਆਂ ਦੇ ਪੜਾਵਾਂ ਵਿੱਚ ਸੰਗਤਾਂ ਵੱਲੋਂ ਪਕਵਾਨ ਤਿਆਰ ਨਹੀਂ ਕੀਤੇ ਜਾ ਰਹੇ ਸਨ। ਸਿਰਫ ਤੇ ਸਿਰਫ ਪਹਿਲਾਂ ਤਿਆਰ ਕੀਤੇ ਪਕਵਾਨ ਹੀ ਸੰਗਤ ਨੂੰ ਵਰਤਾਏ ਗਏ ਤਾਂ ਕਿ ਵਿਸਾਖੀ ਨਗਰ ਕੀਰਤਨ ਵੇਲੇ ਸਾਊਥਾਲ ਵਿੱਚ ਵਾਪਰੀ ਘਟਨਾ ਵਾਂਗ ਕੋਈ ਹੋਰ ਘਟਨਾ ਨਾ ਵਾਪਰੇ। ਜਿਉਂ ਹੀ ਨਗਰ ਕੀਰਤਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰੂਘਰ ਪਹੁੰਚਿਆ ਤਾਂ ਮੁੱਖ ਸੇਵਾਦਾਰ ਕੁਲਵੰਤ ਸਿੰਘ ਗੌਰਡਨ, ਗਿਆਨੀ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਤੇ ਸੰਗਤ ਨੇ ਨਗਰ ਕੀਰਤਨ ਦਾ ਜੋਸ਼ੀਲਾ ਸਵਾਗਤ ਕੀਤਾ।

(ਬਾਕੀ ਸਫ਼ਾ 26 'ਤੇ)



# ਪੰਜਾਬੀਆਂ ਦੇ ਅਮਰੀਕਾ-ਕੈਨੇਡਾ ਪਰਵਾਸ ਨੂੰ ਪਈ ਠੱਲ੍ਹ

## ਟਰੰਪ ਸਰਕਾਰ ਨੇ ਵਿਦੇਸ਼ੀ ਪਰਵਾਸੀ ਕਾਮਿਆਂ ਲਈ ਵਰਕ ਪਰਮਿਟ ਦੇ 'ਆਪਣੇ ਆਪ ਵਿਸਥਾਰ' ਨੂੰ ਕੀਤਾ ਖ਼ਤਮ

## ਕੈਨੇਡਾ ਵੀ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਦੇਣ ਲੱਗਿਆ 'ਦੇਸ਼ ਨਿਕਾਲ਼ਾ'

## ਅਮਰੀਕਾ-ਕੈਨੇਡਾ ਦੇ ਨਵੇਂ ਸਖ਼ਤ ਕਾਨੂੰਨਾਂ ਕਾਰਨ ਟੁੱਟ ਗਏ ਹਜ਼ਾਰਾਂ ਪੰਜਾਬੀਆਂ ਦੇ ਸੁਪਨੇ

**ਜਗਮੋਹਨ ਸਿੰਘ 'ਲੱਕੀ'**



**ਪੰਜਾਬ ਤੋਂ ਦੂਜੇ ਮੁਲਕਾਂ ਵੱਲ ਪਰਵਾਸ ਮੁੱਢ ਕਦੀਮ ਤੋਂ ਜਾਰੀ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਵੀ ਇਹ ਪਰਵਾਸ ਜਾਰੀ ਰਹਿਣ ਦੇ ਆਸਾਰ ਹਨ। ਜਿਸ ਤਰ੍ਹਾਂ ਹਿਮਾਲਿਆ ਦੇ ਉੱਚੇ ਪਰਬਤ ਵਿਦੇਸ਼ਾਂ ਤੋਂ ਆਉਣ ਵਾਲੀਆਂ ਠੰਡੀਆਂ ਬਰਫ਼ੀਲੀਆਂ ਹਵਾਵਾਂ ਨੂੰ ਤਾਂ ਰੋਕ ਲੈਂਦੇ ਹਨ ਪਰ ਇਹ ਉੱਚੇ ਪਰਬਤ ਸਾਈਬੇਰੀਆ, ਮੰਗੋਲੀਆ ਅਤੇ ਕਾਲੇ ਸਾਗਰ ਤੋਂ ਆਉਣ ਵਾਲੀਆਂ 'ਕੂੰਜਾਂ' ਨੂੰ ਭਾਰਤ ਵਿੱਚ ਆਉਣ ਤੋਂ ਨਹੀਂ ਰੋਕ ਸਕਦੇ। ਉਸੇ ਤਰ੍ਹਾਂ ਵਿਦੇਸ਼ਾਂ ਦੇ ਸਖ਼ਤ ਕਾਨੂੰਨ ਵੀ ਪੰਜਾਬੀਆਂ ਦੇ ਦੂਜੇ ਮੁਲਕਾਂ ਵੱਲ ਹੁੰਦੇ ਪਰਵਾਸ ਨੂੰ ਰੋਕਣ ਵਿੱਚ ਅਸਮਰਥ ਹਨ। ਪੰਜਾਬੀ ਤਾਂ 'ਮਾਂ ਦੀ ਕੁੱਖ' ਵਿੱਚ ਹੀ ਪੰਜਾਬ ਤੋਂ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵੱਲ 'ਪਰਵਾਸ' ਕਰਨ ਦਾ ਸੁਪਨਾ ਵੇਖਣ ਲੱਗ ਪੈਂਦੇ ਹਨ**

ਵਿਸ਼ਵ ਦੀ ਮਹਾਂਸ਼ਕਤੀ ਅਮਰੀਕਾ ਅਤੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਕੈਨੇਡਾ ਪੰਜਾਬੀਆਂ ਦੇ ਮਨਭਾਉਂਦੇ ਦੇਸ਼ ਰਹੇ ਹਨ ਅਤੇ ਵੱਡੀ ਗਿਣਤੀ ਪੰਜਾਬੀ ਪੁਰਾਤਨ ਸਮੇਂ ਤੋਂ ਸੱਤ ਸਮੁੰਦਰ ਪਾਰ ਕਰਕੇ ਇਹਨਾਂ ਦੋਵੇਂ ਮੁਲਕਾਂ 'ਚ ਜਾ ਰਹੇ ਹਨ ਪਰ ਪੰਜਾਬੀਆਂ ਦੇ ਇਹਨਾਂ ਦੋਵਾਂ ਮੁਲਕਾਂ ਵੱਲ ਹੁੰਦੇ ਪਰਵਾਸ ਨੂੰ ਹੁਣ ਠੱਲ੍ਹ ਪੈਂਦੀ ਜਾ ਰਹੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਅਮਰੀਕਾ ਅਤੇ ਕੈਨੇਡਾ ਨੇ ਆਪਣੇ ਵੀਜ਼ਾ ਨਿਯਮਾਂ ਅਤੇ ਕਾਨੂੰਨਾਂ ਨੂੰ ਬਹੁਤ ਸਖ਼ਤ ਕਰ ਦਿੱਤਾ ਹੈ, ਜਿਸ ਕਾਰਨ ਪੰਜਾਬੀਆਂ ਲਈ ਅਮਰੀਕਾ ਅਤੇ ਕੈਨੇਡਾ ਜਾਣਾ ਬਹੁਤ ਮੁਸ਼ਕਿਲ ਹੋ ਗਿਆ ਹੈ। ਦੂਜੇ ਪਾਸੇ ਕੈਨੇਡਾ ਅਤੇ ਅਮਰੀਕਾ ਨੇ ਆਪਣੇ ਦੇਸ਼ਾਂ ਅੰਦਰ ਅਜਿਹੇ ਕਾਨੂੰਨ ਲਾਗੂ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਕਾਰਨ ਉਥੇ ਰਹਿ ਰਹੇ ਗ਼ੈਰ ਕਾਨੂੰਨੀਆਂ ਪਰਵਾਸੀ ਪੰਜਾਬੀਆਂ ਨੂੰ ਦੇਸ਼ ਨਿਕਾਲ਼ਾ ਦਿੱਤਾ ਜਾਣ ਲੱਗਿਆ ਹੈ। ਇਸ ਦੇ ਨਾਲ ਹੀ ਕਾਨੂੰਨੀ ਤੌਰ 'ਤੇ ਗਏ ਪਰਵਾਸੀ ਪੰਜਾਬੀਆਂ ਨੂੰ ਵੀ ਅਮਰੀਕਾ 'ਚ ਰਹਿਣਾ ਮੁਸ਼ਕਿਲ ਹੋ ਰਿਹਾ ਹੈ। ਅਮਰੀਕਾ ਵੱਲੋਂ ਤਾਂ ਅਮਰੀਕਾ 'ਚ ਰਹਿ ਰਹੇ ਗ਼ੈਰ ਕਾਨੂੰਨੀ ਪਰਵਾਸੀ ਵੱਡੀ ਗਿਣਤੀ ਪੰਜਾਬੀਆਂ ਸਮੇਤ ਅਨੇਕਾਂ ਭਾਰਤੀਆਂ ਨੂੰ ਜਹਾਜ਼ ਭਰ ਕੇ ਭਾਰਤ ਭੇਜ ਵੀ ਦਿੱਤਾ ਗਿਆ ਹੈ। ਦੂਜੇ ਪਾਸੇ ਕੈਨੇਡਾ ਵੱਲੋਂ ਵੀ ਹੁਣ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲ਼ਾ ਦਿੱਤੇ ਜਾਣ ਦੀਆਂ ਕਨਸੋਆਂ ਹਨ, ਇਹਨਾਂ ਗ਼ੈਰ ਕਾਨੂੰਨੀ ਪਰਵਾਸੀਆਂ ਵਿੱਚ ਵੱਡੀ ਗਿਣਤੀ ਪੰਜਾਬੀ ਵੀ ਸ਼ਾਮਲ ਹਨ।

ਗੱਲ ਸ਼ੁਰੂ ਕਰਦੇ ਹਾਂ ਵਿਸ਼ਵ ਦੀ ਸੁਪਰ ਪਾਵਰ ਅਮਰੀਕਾ ਤੋਂ। ਅਮਰੀਕਾ ਵਿੱਚ ਹਾਲ ਇਹ ਹੋ ਗਿਆ ਹੈ ਕਿ ਡੋਨਾਲਡ ਟਰੰਪ ਨੇ ਅਮਰੀਕਾ ਦਾ ਰਾਸ਼ਟਰਪਤੀ ਬਣਦਿਆਂ ਸਾਲ ਅਨੇਕਾਂ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਕਈ ਜਹਾਜ਼ਾਂ ਵਿੱਚ ਭਰ ਕੇ ਭਾਰਤ ਵਾਪਸ ਭੇਜ ਦਿੱਤਾ। ਫੇਰ ਟਰੰਪ ਪ੍ਰਸ਼ਾਸਨ ਵੱਲੋਂ ਨਵੇਂ ਐਚ 1 ਬੀ ਵੀਜ਼ਾ ਦੀ ਫ਼ੀਸ ਵਧਾ ਕੇ ਇੱਕ ਲੱਖ ਡਾਲਰ ਕਰ ਦਿੱਤੀ ਗਈ। ਹੁਣ ਤਾਜ਼ਾ ਰਿਪੋਰਟਾਂ ਅਨੁਸਾਰ ਟਰੰਪ ਸਰਕਾਰ ਨੇ ਵਿਦੇਸ਼ੀ ਗ਼ੈਰ ਪਰਵਾਸੀ ਕਾਮਿਆਂ ਲਈ ਵਰਕ ਪਰਮਿਟ ਦੇ ਆਪਣੇ ਆਪ ਵਿਸਥਾਰ ਨੂੰ ਖਤਮ ਕਰ ਦਿੱਤਾ ਹੈ। ਵਰਕ ਪਰਮਿਟ ਵਿੱਚ ਇਸ ਤਬਦੀਲੀ ਦਾ ਅਸਰ ਭਾਰਤੀਆਂ ਅਤੇ ਅਮਰੀਕਾ ਰਹਿ ਰਹੇ ਪੰਜਾਬੀਆਂ 'ਤੇ ਵੀ ਪੈਣਾ ਸੁਭਾਵਿਕ ਹੈ। ਅਮਰੀਕੀ ਜਨਗਣਨਾ ਬਿਊਰੋ ਦੇ ਅੰਕੜਿਆਂ ਅਨੁਸਾਰ, 2022 ਤੱਕ ਅਮਰੀਕਾ ਕਰੀਬ 4.8 ਮਿਲੀਅਨ ਭਾਰਤੀ ਅਮਰੀਕੀਆਂ ਦਾ ਘਰ ਸੀ। ਇਸ ਵਿੱਚੋਂ 66 ਫੀਸਦੀ ਭਾਰਤੀ ਅਮਰੀਕੀ ਪਰਵਾਸੀ ਹਨ, ਜਦੋਂ ਕਿ 34 ਫੀਸਦੀ ਅਮਰੀਕਾ ਵਿੱਚ ਜਨਮੇ ਹਨ। ਅਮਰੀਕਾ ਕਈ ਦਹਾਕਿਆਂ ਤੋਂ ਪੰਜਾਬੀਆਂ ਦਾ ਮਨਪਸੰਦ ਦੇਸ਼ ਰਿਹਾ ਹੈ। ਪੰਜਾਬ ਦੇ ਕਈ ਪਿੰਡ ਤਾਂ ਅਜਿਹੇ ਹਨ, ਜਿਥੋਂ ਦੇ ਵੱਡੀ ਗਿਣਤੀ ਲੋਕ ਦਹਾਕਿਆਂ ਪਹਿਲਾਂ ਤੋਂ ਅਮਰੀਕਾ ਗਏ ਹੋਏ ਹਨ।





ਜੇ ਹੁਣ ਕੈਨੇਡਾ ਦੀ ਗੱਲ ਕੀਤੀ ਜਾਵੇ ਤਾਂ ਕੈਨੇਡਾ ਵੀ ਪੰਜਾਬੀਆਂ ਸਮੇਤ ਦੁਨੀਆਂ ਭਰ ਦੇ ਪਰਵਾਸ ਕਰਨ ਦੇ ਚਾਹਵਾਨ ਵਿਅਕਤੀਆਂ ਦੀ ਪਸੰਦ ਦਾ ਦੇਸ਼ ਰਿਹਾ ਹੈ ਪਰ ਹੁਣ ਕੈਨੇਡਾ ਨੇ ਜਿਥੇ ਆਪਣੇ ਵੀਜ਼ਾ ਕਾਨੂੰਨਾਂ ਨੂੰ ਸਖ਼ਤ ਕਰ ਦਿੱਤਾ ਹੈ, ਉਥੇ ਉਸ ਨੇ ਕੈਨੇਡਾ ਵਿੱਚ ਰਹਿਣ ਵਾਲੇ ਗੈਰ ਕਾਨੂੰਨੀ ਪਰਵਾਸੀਆਂ ਵਿਰੁੱਧ ਵੀ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਕੈਨੇਡਾ ਦੀ ਇਮੀਗ੍ਰੇਸ਼ਨ ਅਥਾਰਟੀ ਨੇ ਪਿਛਲੇ ਸਾਲਾਂ ਦੇ ਮੁਕਾਬਲੇ ਗ਼ੈਰਕਾਨੂੰਨੀ ਕਾਮਿਆਂ 'ਤੇ ਛਾਪੇ ਤੇਜ਼ ਕੀਤੇ ਹੋਏ ਹਨ। ਉਸਾਰੀ ਵਾਲੀਆਂ ਥਾਂਵਾਂ, ਰੈਸਟੋਰੈਂਟ, ਫ਼ਾਰਮ ਅਤੇ ਗੋਦਾਮਾਂ ਵਿੱਚੋਂ ਵੀਜ਼ਾ ਮਿਆਦ ਪੁਗਾ ਚੁੱਕੇ ਜ਼ਿਆਦਾਤਰ ਸਾਬਕਾ ਵਿਦਿਆਰਥੀ ਜਾਂ ਅਸਥਾਈ ਕਾਮਿਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਜਾਂ ਡਿਪੋਰਟੇਸ਼ਨ (ਦੇਸ਼ ਨਿਕਾਲੇ) ਦੇ ਨੋਟਿਸ ਜਾਰੀ ਕੀਤੇ ਗਏ ਹਨ। ਅਧਿਕਾਰਤ ਅੰਕੜੇ ਦੱਸਦੇ ਹਨ ਕਿ ਕੈਨੇਡਾ ਤੋਂ ਬਰਖ਼ਾਸਤ ਕੀਤੇ ਜਾਣ ਦੇ ਮਾਮਲੇ ਵਿੱਚ ਭਾਰਤ ਮੈਕਸੀਕੋ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਅਪ੍ਰੈਲ 2024 ਤੋਂ ਅਗਸਤ 2025 ਦੇ ਵਿਚਕਾਰ 2200 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ। ਦੂਜੇ ਦੇਸ਼ਾਂ ਦੇ ਲੋਕਾਂ ਲਈ ਭਾਵੇਂ ਕੈਨੇਡਾ ਜਾਣਾ ਮੁਸ਼ਕਿਲ ਹੋ ਗਿਆ ਹੈ ਪਰ ਅਜੇ ਵੀ ਵੱਡੀ ਗਿਣਤੀ ਲੋਕ ਕੈਨੇਡਾ ਜਾਣ ਦੀ ਇੱਛਾ ਰੱਖਦੇ ਹਨ।

ਜੇ ਭਾਰਤੀ ਵਿਦਿਆਰਥੀਆਂ ਦੀ ਗੱਲ ਕੀਤੀ ਜਾਵੇ ਤਾਂ ਨਵੇਂ ਅੰਕੜਿਆਂ ਅਨੁਸਾਰ, ਇਸ ਸਾਲ ਅਮਰੀਕਾ ਵਿੱਚ 44 ਫੀਸਦੀ ਅਤੇ ਕੈਨੇਡਾ ਵਿੱਚ 32 ਫੀਸਦੀ ਘੱਟ ਭਾਰਤੀ ਵਿਦਿਆਰਥੀ ਪਹੁੰਚੇ ਹਨ। ਇਸ ਦੀ ਬਜਾਏ ਜਰਮਨੀ, ਆਇਰਲੈਂਡ, ਦੁਬਈ, ਨਿਊਜ਼ੀਲੈਂਡ, ਸਾਈਪ੍ਰਸ ਅਤੇ ਯੂ.ਕੇ. ਵਰਗੇ ਦੇਸ਼ਾਂ ਵੱਲ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਵਧ ਰਿਹਾ ਹੈ। ਕਈ ਦੇਸ਼ ਇਸ ਮੌਕੇ ਦਾ ਫਾਇਦਾ ਉਠਾ ਰਹੇ ਹਨ ਅਤੇ ਆਪਣੇ ਵੀਜ਼ਾ ਨਿਯਮ ਢਿੱਲੇ ਕਰਕੇ ਭਾਰਤੀ ਯੁਵਾਵਾਂ ਨੂੰ ਬੁਲਾ ਰਹੇ ਹਨ। ਇਹ ਬਦਲਾਅ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਭਾਰਤੀ ਅਰਥਵਿਵਸਥਾ ਵਿੱਚ ਵੀ ਗਿਰਾਵਟ ਲਿਆ ਰਿਹਾ ਹੈ। ਭਾਵੇਂ ਕਿ ਅਨੇਕਾਂ ਹੋਰ ਦੇਸ਼ ਭਾਰਤੀ ਵਿਦਿਆਰਥੀਆਂ ਅਤੇ ਵੱਖ- ਵੱਖ ਕਿੱਤਿਆਂ ਦੇ ਮਾਹਿਰਾਂ ਨੂੰ ਵੀਜ਼ਾ ਸਹੂਲਤਾਂ ਦੇਣ ਦਾ ਐਲਾਨ ਕਰ ਰਹੇ ਹਨ ਪਰ ਪੰਜਾਬੀਆਂ ਸਮੇਤ ਪੂਰੇ ਭਾਰਤ ਦੇ ਲੋਕਾਂ ਦੇ ਮਨਪਸੰਦ ਦੇਸ਼ਾਂ ਅਮਰੀਕਾ ਅਤੇ ਕੈਨੇਡਾ ਵਿੱਚ ਜਾਣਾ ਅਤੇ ਉਥੇ ਰਹਿਣਾ ਬਹੁਤ ਮੁਸ਼ਕਿਲ ਹੋ ਗਿਆ ਹੈ।





ਜਿਸ ਤਰੀਕੇ ਨਾਲ ਅਮਰੀਕਾ ਅਤੇ ਕੈਨੇਡਾ ਵੱਲੋਂ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਉਹਨਾਂ ਦੇ ਜੱਦੀ ਮੁਲਕਾਂ ਵਿੱਚ ਵਾਪਸ ਭੇਜਿਆ ਜਾ ਰਿਹਾ ਹੈ। ਉਸ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਆਪਣੇ ਮੁਲਕਾਂ ਵਿੱਚ ਵਾਪਸ ਆ ਕੇ ਇਹ ਪਰਵਾਸੀ ਕੀ ਕਰਨਗੇ? ਅਮਰੀਕਾ ਅਤੇ ਕੈਨੇਡਾ ਵਿਚੋਂ ਦੇਸ਼ ਨਿਕਾਲ਼ਾ ਦਿੱਤੇ ਗਏ ਅਤੇ ਦੇਸ਼ ਨਿਕਾਲ਼ਾ ਦਿੱਤੇ ਜਾਣ ਵਾਲੇ ਗ਼ੈਰ ਕਾਨੂੰਨੀ ਪਰਵਾਸੀਆਂ ਵਿੱਚ ਪੰਜਾਬੀ ਵੀ ਵੱਡੀ ਗਿਣਤੀ ਵਿੱਚ ਹਨ, ਜਿਸ ਕਾਰਨ ਪੰਜਾਬ ਵਿੱਚ ਵੀ ਇਹ ਸਮੱਸਿਆ ਖੜੀ ਹੋ ਸਕਦੀ ਹੈ ਕਿ ਇਹ ਪਰਵਾਸੀ ਪੰਜਾਬੀ ਹੁਣ ਪੰਜਾਬ ਵਿੱਚ ਆ ਕੇ ਕੀ ਕਰਨਗੇ? ਇਹਨਾਂ ਵਿਚੋਂ ਵੱਡੀ ਗਿਣਤੀ ਪੰਜਾਬੀ ਆਪਣੀਆਂ ਜ਼ਮੀਨਾਂ ਵੇਚ ਕੇ ਅਤੇ ਘਰ ਗਹਿਣੇ ਰੱਖ ਕੇ ਜਾਂ ਕਰਜ਼ਾ ਲੈ ਕੇ ਵਿਦੇਸ਼ ਗਏ ਹਨ, ਇਸ ਕਾਰਨ ਉਹ ਵਾਪਸ ਪੰਜਾਬ ਆ ਕੇ ਖੇਤੀ ਵੀ ਨਹੀਂ ਕਰ ਸਕਦੇ। ਕਰਜ਼ੇ ਦੀਆਂ ਕਿਸ਼ਤਾਂ ਉਤਾਰਨ ਲਈ ਉਹਨਾਂ ਨੂੰ ਪੰਜਾਬ ਵਿੱਚ ਵੀ ਚੰਗੇ ਰੁਜ਼ਗਾਰ ਦੀ ਲੋੜ ਪਵੇਗੀ ਪਰ ਪੰਜਾਬ ਵਿੱਚ ਪਹਿਲਾਂ ਹੀ ਰੁਜ਼ਗਾਰ ਦੀ ਘਾਟ ਹੈ, ਜਿਸ ਕਾਰਨ ਲੱਖਾਂ ਪੰਜਾਬੀ ਨੌਜਵਾਨ ਬੇਰੁਜ਼ਗਾਰ ਫਿਰਦੇ ਹਨ। ਪੰਜਾਬ ਵਿੱਚ ਬੇਰੁਜ਼ਗਾਰੀ ਦਾ ਵੱਡਾ ਸੰਕਟ ਹੋਣ ਕਾਰਨ ਹੀ ਤਾਂ ਇਹ ਗ਼ੈਰ ਕਾਨੂੰਨੀ ਪਰਵਾਸੀ ਪਰਵਾਸ ਕਰਨ ਲਈ ਮਜਬੂਰ ਹੋਏ ਸਨ। ਇਸ ਪਾਸੇ ਵੀ ਪੰਜਾਬ ਸਰਕਾਰ ਅਤੇ ਸਮਾਜ ਨੂੰ ਧਿਆਨ ਦੇਣ ਦੀ ਲੋੜ ਹੈ।

ਅਮਰੀਕਾ ਅਤੇ ਕੈਨੇਡਾ ਵੱਲੋਂ ਆਪਣੇ ਵੀਜ਼ਾ ਨਿਯਮਾਂ ਅਤੇ ਕਾਨੂੰਨਾਂ ਨੂੰ ਭਾਵੇਂ ਜਿੰਨਾ ਮਰਜ਼ੀ ਸਖ਼ਤ ਕਰ ਲਿਆ ਜਾਵੇ ਪਰ ਪੰਜਾਬੀਆਂ ਨੂੰ ਗੁੜ੍ਹਤੀ ਹੀ ਪਰਵਾਸ ਕਰਨ ਦੀ ਮਿਲੀ ਹੁੰਦੀ ਹੈ। ਇਸ ਲਈ ਪੰਜਾਬੀਆਂ ਦਾ ਪਰਵਾਸ ਆਉਣ ਵਾਲੇ ਸਮੇਂ ਦੌਰਾਨ ਵੀ ਜਾਰੀ ਰਹਿ ਸਕਦਾ ਹੈ। ਹਾਂ! ਏਨਾ ਜ਼ਰੂਰ ਹੈ ਕਿ ਇਸ ਸਮੇਂ ਅਮਰੀਕਾ ਅਤੇ ਕੈਨੇਡਾ ਦੇ ਨਵੇਂ ਕਾਨੂੰਨਾਂ ਕਾਰਨ ਪੰਜਾਬੀਆਂ ਲਈ ਅਮਰੀਕਾ ਅਤੇ ਕੈਨੇਡਾ ਜਾਣਾ ਅਤੇ ਉਥੇ ਰਹਿਣਾ ਬਹੁਤ ਮੁਸ਼ਕਿਲ ਹੋ ਗਿਆ ਹੈ।





# ਐਡਵੋਕੇਟ ਹਰਜਿੰਦਰ ਸਿੰਘ ਧਾਮੀ 5ਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ

## ਧਾਮੀ ਦੀ ਭਾਰੀ ਜਿੱਤ ਕਿਉਂ ਹੋਈ ? ਨਵੇਂ ਅਕਾਲੀ ਦਲ ਦੀਆਂ ਵੋਟਾਂ ਪਹਿਲਾਂ ਨਾਲੋਂ ਵੀ ਕਿਉਂ ਘਟੀਆਂ ?

### ਪੰਜਾਬ ਦੇ ਪਾਣੀ, ਚੰਡੀਗੜ੍ਹ ਤੇ ਬੰਦੀ ਸਿੰਘਾਂ ਲਈ ਜਨਰਲ ਇਜਲਾਸ 'ਚ ਜ਼ੋਰਦਾਰ ਮਤੇ ਪਾਸ

### ਸੁਖਬੀਰ ਦੀ ਰਣਨੀਤੀ ਕਾਮਯਾਬ, ਨਵੇਂ ਅਕਾਲੀ ਦਲ ਦਾ ਪ੍ਰਭਾਵ ਘਟਿਆ

ਅੰਮ੍ਰਿਤਸਰ/ਏ.ਟੀ.ਨਿਊਜ਼: ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਹੋਈਆਂ ਚੋਣਾਂ ਦੌਰਾਨ ਹਰਜਿੰਦਰ ਸਿੰਘ ਧਾਮੀ ਭਾਰੀ ਵੋਟਾਂ ਨਾਲ ਫਿਰ ਪ੍ਰਧਾਨ ਬਣ ਗਏ। ਪੰਜਵੀਂ ਵਾਰ ਲਗਾਤਾਰ ਚੁਣੇ ਗਏ ਧਾਮੀ ਨੇ 136 ਵੋਟਾਂ ਵਿੱਚੋਂ 117 ਵੋਟਾਂ ਲੈ ਕੇ ਵੱਡੀ ਜਿੱਤ ਹਾਸਲ ਕੀਤੀ। ਵਿਰੋਧੀ ਉਮੀਦਵਾਰ ਮਿੱਠੂ ਸਿੰਘ ਕਾਹਨੇਕੇ ਨੂੰ ਸਿਰਫ਼ 18 ਵੋਟਾਂ ਮਿਲੀਆਂ, ਜਦਕਿ ਇੱਕ ਵੋਟ ਗਲਤ ਗਿਣੀ ਗਈ। ਇਹ ਜਿੱਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਲਈ ਵੱਡੀ ਰਾਜਨੀਤਿਕ ਸਫਲਤਾ ਹੈ ਅਤੇ ਨਵੇਂ ਅਕਾਲੀ ਦਲ (ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਧੜੇ) ਦੀ ਜਥੇਬੰਦਕ ਕਮਜ਼ੋਰੀ ਵੀ ਸਾਹਮਣੇ ਆਈ ਹੈ, ਕਿਉਂਕਿ ਉਹਨਾਂ ਦੇ ਕੁਝ ਸ਼੍ਰੋਮਣੀ ਕਮੇਟੀ ਮੈਂਬਰ ਬਾਦਲ ਦਲ ਨਾਲ ਚਲੇ ਗਏ ਸਨ। ਚੋਣਾਂ ਤੋਂ ਬਾਅਦ ਧਾਮੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਰੋਧੀਆਂ ਨੂੰ ਮਾਂ ਪਾਰਟੀ ਵਿੱਚ ਵਾਪਸ ਆਉਣਾ ਚਾਹੀਦਾ ਹੈ ਤਾਂ ਜੋ ਅਕਾਲੀ ਦਲ ਮਜਬੂਤ ਹੋ ਸਕੇ।

ਜਨਰਲ ਇਜਲਾਸ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅੱਗੇ ਪੰਜ ਪਿਆਰਿਆਂ ਦੀ ਹਾਜ਼ਰੀ ਵਿੱਚ ਹੋਇਆ। ਐਸ.ਜੀ.ਪੀ.ਸੀ. ਦੇ ਮੈਂਬਰਾਂ ਵਿੱਚੋਂ ਜ਼ਿਆਦਾਤਰ ਨੇ ਧਾਮੀ ਨੂੰ ਸਮਰਥਨ ਦਿੱਤਾ, ਜੋ ਅਕਾਲੀ ਦਲ ਦੇ ਉਮੀਦਵਾਰ ਸਨ। ਇਹ ਚੋਣਾਂ 2025-26 ਸੈਸ਼ਨ ਲਈ ਹੋਈਆਂ, ਜਿਸ ਵਿੱਚ ਧਾਮੀ ਨੇ ਪਿਛਲੇ ਚਾਰ ਸਾਲਾਂ ਦੇ ਕੀਤੇ ਕੰਮਾਂ ਨੂੰ ਆਧਾਰ ਬਣਾ ਕੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਦਿਲ ਜਿੱਤਿਆ। ਪਿਛਲੇ ਸਾਲ ਵੀ ਧਾਮੀ ਨੂੰ 107 ਵੋਟਾਂ ਮਿਲੀਆਂ ਸਨ, ਜਦਕਿ ਬੀਬੀ ਜਗੀਰ ਕੌਰ ਨੂੰ 33। ਪਰ ਤਾਜ਼ਾ ਜਿੱਤ ਵਿੱਚ ਵੋਟਾਂ ਦਾ ਫ਼ਰਕ ਹੋਰ ਵਧ ਗਿਆ, ਜੋ ਬਾਦਲ ਅਕਾਲੀ ਦਲ ਦੀ ਇਕਜੁਟਤਾ ਤੇ ਸੁਖਬੀਰ ਸਿੰਘ ਬਾਦਲ ਦੀ ਜਥੇਬੰਦਕ ਮਜਬੂਤ ਅਗਵਾਈ ਨੂੰ ਦਰਸਾਉਂਦਾ ਹੈ। ਨਵੇਂ ਅਕਾਲੀ ਦਲ ਦੀ ਇਸ ਹਾਰ ਨੇ ਉਹਨਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਇਸ ਨਾਲ ਸ਼੍ਰੋਮਣੀ ਕਮੇਟੀ ਵਿੱਚ ਅਕਾਲੀ ਦਲ ਦੀ ਪਕੜ ਹੋਰ ਮਜ਼ਬੂਤ ਹੋ ਗਈ ਹੈ।



#### ਨਵੇਂ ਅਕਾਲੀ ਦਲ ਦੀ ਕਰਾਰੀ ਹਾਰ ਦੇ ਕਾਰਨ

ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਬਣਾਉਣ ਵਾਲਾ ਇਹ ਨਵਾਂ ਅਕਾਲੀ ਦਲ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਆਧਾਰ ਬਣਾ ਕੇ ਬਣਿਆ ਸੀ, ਪਰ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਮੁਕਾਬਲਾ ਨਹੀਂ ਕਰ ਸਕੀ। ਨਵੇਂ ਅਕਾਲੀ ਦਲ ਨੇ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਆਪਣੇ ਹੱਕ ਵਿੱਚ ਵਰਤਣਾ ਚਾਹਿਆ, ਪਰ ਮੈਂਬਰਾਂ ਨੂੰ ਇਕਜੁਟ ਨਹੀਂ ਕਰ ਸਕਿਆ। ਨਵਾਂ ਅਕਾਲੀ ਦਲ ਚੋਣ ਚਿੰਨ੍ਹ, ਪਾਰਟੀ ਦਫ਼ਤਰ ਅਤੇ ਵਿੱਤੀ ਮਾਮਲਿਆਂ ਵਿੱਚ ਫਸੇ ਰਹੇ, ਜਿਸ ਨਾਲ ਧਰਾਤਲ 'ਤੇ ਕੰਮ ਨਹੀਂ ਹੋ ਸਕਿਆ। ਗਿਆਨੀ ਹਰਪ੍ਰੀਤ ਸਿੰਘ ਨੇ ਪੰਥਕ ਮੁੱਦਿਆਂ 'ਤੇ ਆਵਾਜ਼ ਉਠਾਈ, ਪਰ ਰਾਜਨੀਤਿਕ ਰਣਨੀਤੀ ਘੱਟ ਸੀ। ਉਹਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਨਿਸ਼ਾਨਾ ਬਣਾਇਆ, ਪਰ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਨਹੀਂ ਕਾਇਲ ਨਹੀਂ ਕਰ ਸਕੇ।

ਨਤੀਜਾ ਇਹ ਹੈ ਕਿ ਨਵਾਂ ਅਕਾਲੀ ਦਲ ਬਾਦਲ ਅਕਾਲੀ ਦਲ ਦੇ ਮੁਕਾਬਲੇ ਵਿੱਚ ਖੜ੍ਹਾ ਨਹੀਂ ਹੋ ਸਕਿਆ। ਉਸ ਦੀ ਹਾਰ ਨੇ ਸੁਖਬੀਰ ਸਿੰਘ ਬਾਦਲ ਨੂੰ ਮਜਬੂਤ ਕੀਤਾ ਹੈ। ਸੁਖਬੀਰ ਦੀ ਜਿੱਤ ਦਾ ਕਾਰਨ ਇਹ ਵੀ ਹੈ ਕਿ ਉਸਨੇ ਦਲ ਵਿਚ ਧੜੇਬੰਦੀ ਪੈਦਾ ਨਹੀਂ ਹੋਣ ਦਿੱਤੀ ਤੇ ਭਰੋਸੇਯੋਗ ਚਿਹਰੇ ਧਾਮੀ ਨੂੰ ਅੱਗੇ ਰੱਖਿਆ।

#### ਜਨਰਲ ਇਜਲਾਸ ਵਿੱਚ ਪਾਸ ਹੋਏ ਪ੍ਰਸਤਾਵ

* ਪੰਜਾਬ ਦੇ ਲੋਕਾਂ ਦਾ ਪੰਜਾਬ ਦੇ ਦਰਿਆਵਾਂ ਦੇ ਪਾਣੀ 'ਤੇ ਮੁੱਢਲਾ ਹੱਕ ਹੈ। ਦੂਜੇ ਰਾਜਾਂ ਨੂੰ ਪਾਣੀ ਦੇ ਕਿਸੇ ਵੀ ਗ਼ੈਰ-ਕਾਨੂੰਨੀ ਵਹਾਅ ਨੂੰ ਰੋਕਿਆ ਜਾਣਾ ਚਾਹੀਦਾ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਨਾਲ ਸਬੰਧਤ ਸਾਰੀਆਂ ਕਾਰਵਾਈਆਂ ਨੂੰ ਪੂਰੀ ਤਰ੍ਹਾਂ ਬੰਦ ਕੀਤਾ ਜਾਣਾ ਚਾਹੀਦਾ ਹੈ।

* ਚੰਡੀਗੜ੍ਹ, ਜੋ ਕਿ ਪੰਜਾਬ ਦੇ ਪਿੰਡਾਂ ਨੂੰ ਢਾਹ ਕੇ ਸਥਾਪਿਤ ਕੀਤਾ ਗਿਆ ਸੀ ਅਤੇ ਰਾਜ ਦੀ ਰਾਜਧਾਨੀ ਹੈ, ਨੂੰ ਪੂਰੀ ਤਰ੍ਹਾਂ ਪੰਜਾਬ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ।

* ਭਾਖੜਾ-ਬਿਆਸ ਪ੍ਰਬੰਧਨ ਬੋਰਡ ਵਿੱਚ ਪੰਜਾਬ ਦਾ ਹਿੱਸਾ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਨੂੰ ਆਪਣੀ ਮਨਮਾਨੀ ਬੰਦ ਕਰਨੀ ਚਾਹੀਦੀ ਹੈ।

* ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਨੀਂਹ ਹੈ। ਖੇਤੀਬਾੜੀ ਨਾਲ ਸਬੰਧਤ ਸਾਰੇ ਫੈਸਲੇ ਪੰਜਾਬ ਅਤੇ ਕਿਸਾਨਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਲਏ ਜਾਣੇ ਚਾਹੀਦੇ ਹਨ। ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਤੌਰ 'ਤੇ ਗਰੰਟੀ ਹੋਣੀ ਚਾਹੀਦੀ ਹੈ।

* ਇੱਕ ਸਰਹੱਦੀ ਰਾਜ ਵਜੋਂ, ਪੰਜਾਬ ਨੂੰ ਇਸਦੇ ਸਰੋਤਾਂ, ਟੈਕਸਾਂ ਅਤੇ ਨੀਤੀਆਂ 'ਤੇ ਪੂਰਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ।

* ਕੇਂਦਰ ਸਰਕਾਰ ਨੂੰ ਰਾਜਾਂ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਨਿਰਦੇਸ਼ ਦੇਣੇ ਚਾਹੀਦੇ ਹਨ। ਸੰਵਿਧਾਨ ਅਧੀਨ ਸਿੱਖਾਂ ਨੂੰ ਦਿੱਤੇ ਗਏ ਅਧਿਕਾਰਾਂ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਸਿੱਖ ਵਿਦਿਆਰਥੀਆਂ, ਜਿਨ੍ਹਾਂ ਵਿੱਚ ਕੱਕਾਰਾਂ ਵਾਲੇ ਵਿਦਿਆਰਥੀ ਵੀ ਸ਼ਾਮਲ ਹਨ, ਨੂੰ ਪ੍ਰੀਖਿਆ ਦੇਣ ਤੋਂ ਰੋਕਣ ਵਰਗੀਆਂ ਘਟਨਾਵਾਂ 'ਤੇ ਸਖ਼ਤੀ ਨਾਲ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

#### ਚੁਣੇ ਗਏ ਨਵੇਂ ਅਹੁਦੇਦਾਰ

ਸੀਨੀਅਰ ਵਾਈਸ ਪ੍ਰਧਾਨ: ਰਘੂਜੀਤ ਸਿੰਘ ਵੀਰਕ

ਜੂਨੀਅਰ ਵਾਈਸ ਪ੍ਰਧਾਨ: ਬਲਦੇਵ ਸਿੰਘ ਕਲਿਆਣ

ਜਨਰਲ ਸੈਕਟਰੀ: ਸ਼ੇਰ ਸਿੰਘ ਮੰਡਵਾਲ

ਅੰਤਰਿਮ ਕਮੇਟੀ ਵਿੱਚ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲਾ, ਗੁਰਪ੍ਰੀਤ ਸਿੰਘ ਝੱਬਰ, ਦਿਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਜੰਗਬਹਾਦਰ ਸਿੰਘ ਰਾਏ ਆਦਿ ਸ਼ਾਮਲ ਹਨ।

## ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਧਾਮੀ ਦੀ ਜਿੱਤ ਸਮੁੱਚੇ ਖਾਲਸਾ ਪੰਥ ਦੀ ਜਿੱਤ : ਬਾਦਲ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਜਿੱਤ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਧਾਮੀ ਅਤੇ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਜਿੱਤ ਸਿਰਫ਼ ਧਾਮੀ ਦੀ ਨਹੀਂ, ਸਗੋਂ ਸਮੁੱਚੇ ਖਾਲਸਾ ਪੰਥ ਦੀ ਇਤਿਹਾਸਕ ਜਿੱਤ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਏਜੰਸੀਆਂ ਦੇ ਬੰਦਿਆਂ ਨੇ ਪੂਰੀ ਤਾਕਤ ਲਗਾਈ ਕਿ ਕਿਸੇ ਤਰ੍ਹਾਂ ਖਾਲਸਾ ਪੰਥ ਦੀ ਸੁਪਰ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਕੀਤਾ ਜਾਵੇ ਪਰ ਪੰਥਕ ਜੱਥੇਬੰਦੀਆਂ ਅਤੇ ਮੈਂਬਰਾਂ ਨੇ ਡੱਟ ਕੇ ਇਸ ਸਾਜ਼ਿਸ਼ ਦਾ ਮੁਕਾਬਲਾ ਕੀਤਾ ਅਤੇ ਧਾਮੀ ਸਾਹਿਬ ਨੂੰ ਜਿਤਾਇਆ ਹੈ, ਉਹ ਵਧਾਈ ਦੇ ਪਾਤਰ ਹਨ। ਬਾਦਲ ਨੇ ਕਿਹਾ ਕਿ ਇਹ ਜਿੱਤ ਸਾਬਤ ਕਰਦੀ ਹੈ ਕਿ ਖ਼ਾਲਸਾ ਪੰਥ ਅਜੇ ਵੀ ਇਕਜੁੱਟ ਹੈ ਅਤੇ ਆਪਣੀਆਂ ਸੰਸਥਾਵਾਂ ਦੀ ਰੱਖਿਆ ਲਈ ਸਦਾ ਤਿਆਰ ਹੈ।

# ਅਮਰੀਕਾ ਦੀਆਂ ਚੋਣਾਂ 'ਚ ਭਾਰਤੀ ਮੂਲ ਦੇ ਆਗੂਆਂ ਨੇ ਸਿਰਜਿਆ ਇਤਿਹਾਸ

## ਤਿੰਨ ਪ੍ਰਮੁੱਖ ਭਾਰਤੀ-ਅਮਰੀਕੀ ਆਗੂਆਂ ਜ਼ੋਹਰਾਨ ਮਮਦਾਨੀ, ਆਫਤਾਬ ਪੁਰੇਵਾਲ ਅਤੇ ਗਜ਼ਾਲਾ ਹਾਸ਼ਮੀ ਨੇ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ 2025 ਦੀਆਂ ਚੋਣਾਂ ਭਾਰਤੀ-ਅਮਰੀਕੀ ਅਤੇ ਦੱਖਣੀ ਏਸ਼ਿਆਈ-ਅਮਰੀਕੀ ਭਾਈਚਾਰੇ ਲਈ ਇਤਿਹਾਸਕ ਸਾਬਤ ਹੋਈਆਂ ਹਨ। ਤਿੰਨ ਪ੍ਰਮੁੱਖ ਭਾਰਤੀ-ਅਮਰੀਕੀ ਆਗੂਆਂ ਜ਼ੋਹਰਾਨ ਮਮਦਾਨੀ, ਆਫਤਾਬ ਪੁਰੇਵਾਲ ਅਤੇ ਗਜ਼ਾਲਾ ਹਾਸ਼ਮੀ ਨੇ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ, ਜਿਸ ਨਾਲ ਅਮਰੀਕੀ ਰਾਜਨੀਤੀ ਵਿੱਚ ਵਿਭਿੰਨਤਾ ਅਤੇ ਪ੍ਰਤੀਨਿਧਤਾ ਦਾ ਇੱਕ ਨਵਾਂ ਅਧਿਆਇ ਸ਼ੁਰੂ ਹੋਇਆ। ਡੈਮੋਕਰੈਟਿਕ ਆਗੂ ਜ਼ੋਹਰਾਨ ਮਮਦਾਨੀ ਨੇ ਨਿਊਯਾਰਕ ਸਿਟੀ ਮੇਅਰ ਦੀ ਚੋਣ ਜਿੱਤ ਕੇ ਇਤਿਹਾਸ ਰਚਿਆ ਹੈ। ਉਹ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਦੇ ਪਹਿਲੇ ਦੱਖਣੀ ਏਸ਼ਿਆਈ ਅਤੇ ਮੁਸਲਿਮ ਮੇਅਰ ਬਣੇ। ਯੂਗਾਂਡਾ ਵਿੱਚ ਜਨਮੇ, ਮਮਦਾਨੀ ਮਸ਼ਹੂਰ ਫਿਲਮ ਨਿਰਮਾਤਾ ਮੀਰਾ ਨਾਇਰ ਅਤੇ ਵਿਦਵਾਨ ਮਹਿਮੂਦ ਮਮਦਾਨੀ ਦੇ ਪੁੱਤਰ ਹਨ। ਉਨ੍ਹਾਂ ਨੇ ਸਾਬਕਾ ਗਵਰਨਰ ਐਂਡਰਿਊ ਕਿਊਮੋ (ਆਜ਼ਾਦ ਉਮੀਦਵਾਰ) ਅਤੇ ਰਿਪਬਲਿਕਨ ਕਰਟਿਸ ਸਲੀਵਾ ਨੂੰ ਹਰਾਇਆ, ਜਿਨ੍ਹਾਂ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਕੀਤਾ। ਮਮਦਾਨੀ ਨੂੰ 50.6% (9,48,202) ਵੋਟਾਂ ਮਿਲੀਆਂ। ਉਨ੍ਹਾਂ ਦੀ ਮੁਹਿੰਮ ਰਹਿਣ-ਸਹਿਣ ਦੀ ਲਾਗਤ ਘਟਾਉਣ ਅਤੇ ਮਜ਼ਦੂਰ ਵਰਗ ਨੂੰ ਸਸ਼ਕਤ ਬਣਾਉਣ 'ਤੇ ਕੇਂਦਰਿਤ ਸੀ।



#### ਆਫਤਾਬ ਪੁਰੇਵਾਲ ਮੁੜ ਬਣੇ ਸਿਨਸਿਨਾਟੀ ਦੇ ਮੇਅਰ

ਭਾਰਤੀ ਮੂਲ ਦੇ ਡੈਮੋਕਰੈਟ ਆਫਤਾਬ ਪੁਰੇਵਾਲ ਨੇ ਰਿਪਬਲਿਕਨ ਕੋਰੀ ਬੋਮੈਨ ਨੂੰ ਹਰਾ ਕੇ ਸਿਨਸਿਨਾਟੀ ਦੇ ਮੇਅਰ ਵਜੋਂ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ ਹੈ। 2021 ਵਿੱਚ ਪਹਿਲੀ ਵਾਰ ਚੁਣੇ ਗਏ, ਪੁਰੇਵਾਲ ਨੇ ਸ਼ਹਿਰ ਵਿੱਚ ਆਰਥਿਕ ਮੌਕਿਆਂ ਅਤੇ ਜਨਤਕ ਸੇਵਾਵਾਂ ਦੇ ਵਿਸਥਾਰ 'ਤੇ ਧਿਆਨ ਕੇਂਦਰਿਤ ਕੀਤਾ। ਉਨ੍ਹਾਂ ਦੀ ਦੁਬਾਰਾ ਚੋਣ ਉਨ੍ਹਾਂ ਦੀ ਪ੍ਰਸਿੱਧੀ ਅਤੇ ਉਨ੍ਹਾਂ ਦੀ ਲੀਡਰਸ਼ਿਪ ਵਿੱਚ ਜਨਤਾ ਦੇ ਵਿਸ਼ਵਾਸ ਦੀ ਪੁਸ਼ਟੀ ਕਰਦੀ ਹੈ।

#### ਗਜ਼ਾਲਾ ਹਾਸ਼ਮੀ ਵਰਜੀਨੀਆ ਦੀ ਪਹਿਲੀ ਮੁਸਲਿਮ ਲੈਫਟੀਨੈਂਟ ਗਵਰਨਰ ਬਣੀ

ਭਾਰਤੀ ਮੂਲ ਦੀ ਗਜ਼ਾਲਾ ਹਾਸ਼ਮੀ ਨੇ ਵਰਜੀਨੀਆ ਦੀ ਲੈਫਟੀਨੈਂਟ ਗਵਰਨਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਉਹ ਰਾਜ ਦੀ ਪਹਿਲੀ ਮੁਸਲਿਮ ਅਤੇ ਦੱਖਣੀ ਏਸ਼ਿਆਈ ਅਮਰੀਕੀ ਉਪ ਰਾਜਪਾਲ ਬਣੀ ਹੈ। ਡੈਮੋਕਰੈਟਿਕ ਪਾਰਟੀ ਦੀ ਮੈਂਬਰ ਹਾਸ਼ਮੀ ਨੂੰ 54.2 ਫੀਸਦ ਵੋਟਾਂ ਮਿਲੀਆਂ। ਉਸ ਨੇ ਸਿੱਖਿਆ, ਸਿਹਤ, ਵਾਤਾਵਰਣ ਅਤੇ ਸਮਾਜਿਕ ਨਿਆਂ ਵਰਗੇ ਮੁੱਦਿਆਂ 'ਤੇ ਕੰਮ ਕੀਤਾ ਹੈ।

#### ਭਾਰਤੀ-ਅਮਰੀਕੀ ਭਾਈਚਾਰੇ ਲਈ ਮਾਣ ਵਾਲਾ ਪਲ

ਇੰਡੀਅਨ ਅਮਰੀਕਨ ਇਮਪੈਕਟ ਫੰਡ ਦੇ ਡਾਇਰੈਕਟਰ ਚਿੰਤਨ ਪਟੇਲ ਨੇ ਇਨ੍ਹਾਂ ਜਿੱਤਾਂ ਨੂੰ 'ਭਾਈਚਾਰੇ, ਰਾਸ਼ਟਰ ਅਤੇ ਲੋਕਤੰਤਰ ਲਈ ਇਤਿਹਾਸਕ ਪਲ' ਕਿਹਾ। ਇਹ ਜਿੱਤਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਭਾਰਤੀ ਮੂਲ ਦੇ ਨੇਤਾਵਾਂ ਨੇ ਹੁਣ ਅਮਰੀਕੀ ਰਾਜਨੀਤੀ ਦੀ ਮੁੱਖ ਧਾਰਾ ਵਿੱਚ ਆਪਣੇ ਆਪ ਨੂੰ ਮਜ਼ਬੂਤੀ ਨਾਲ ਸਥਾਪਿਤ ਕਰ ਲਿਆ ਹੈ।

## ਸੀ.ਟੀ. ਮਿਊਂਸਪਲ ਚੋਣਾਂ ਵਿੱਚ ਡੈਮੋਕ੍ਰੇਟਸ ਨੇ ਹਾਸਲ ਕੀਤੀ ਵੱਡੀ ਜਿੱਤ

ਵਾਸ਼ਿੰਗਟਨ/ਏ.ਟੀ.ਨਿਊਜ਼: ਡੋਨਾਲਡ ਟਰੰਪ ਦੀ ਵ੍ਹਾਈਟ ਹਾਊਸ ਵਿੱਚ ਵਾਪਸੀ ਤੋਂ ਬਾਅਦ ਕਨੈਕਟੀਕਟ ਦੀਆਂ ਪਹਿਲੀਆਂ ਆਮ ਚੋਣਾਂ ਵਿੱਚ ਪਿਛਲੇ ਦਿਨੀਂ ਡੈਮੋਕ੍ਰੇਟਸ ਨੇ ਇੱਕ ਵਿਸ਼ਾਲ ਲੀਡ ਹਾਸਲ ਕੀਤੀ। ਰਿਪਬਲਿਕਨਾਂ ਨੇ ਨਿਊ ਬ੍ਰਿਟੇਨ ਅਤੇ ਨੌਰਵਿਚ ਵਰਗੇ ਡੈਮੋਕ੍ਰੇਟਿਕ ਸ਼ਹਿਰਾਂ ਅਤੇ ਬ੍ਰੈਨਫੋਰਡ ਅਤੇ ਵੈਸਟਪੋਰਟ ਵਰਗੇ ਉਪਨਗਰਾਂ ਵਿੱਚ ਰਿਪਬਲਿਕਨ-ਨਿਯੰਤਰਿਤ ਚੋਟੀ ਦੀਆਂ ਸੀਟਾਂ ਜਿੱਤੀਆਂ।

ਇਹਨਾਂ ਨਤੀਜਿਆਂ ਨੇ ਇਹ ਵੀ ਦਿਖਾਇਆ ਕਿ ਰਿਪਬਲਿਕਨ ਉਮੀਦਵਾਰ ਐਨਸੋਨੀਆ, ਬ੍ਰਿਸਟਲ, ਸਟ੍ਰੈਟਫੋਰਡ ਅਤੇ ਮਿਲਫੋਰਡ ਵਿੱਚ ਡੈਮੋਕ੍ਰੇਟਸ ਤੋਂ ਹਾਰ ਗਏ, ਜਦੋਂ ਕਿ ਹੋਰ ਚੋਣਾਂ ਦੇ ਨਤੀਜੇ ਅਨਿਸ਼ਚਿਤ ਰਹੇ ਕਿਉਂਕਿ ਸ਼ੁਰੂਆਤੀ ਵੋਟਿੰਗ ਦੌਰਾਨ ਸੀਲਬੰਦ ਲਿਫ਼ਾਫ਼ਿਆਂ ਵਿੱਚ ਪਾਈਆਂ ਗਈਆਂ ਵੋਟਾਂ ਖੋਲ੍ਹੀਆਂ ਗਈਆਂ ਅਤੇ ਗਿਣਤੀ ਕੀਤੀ ਗਈ। ਨਿਊ ਬ੍ਰਿਟੇਨ ਵਿੱਚ, ਡੈਮੋਕ੍ਰੇਟਿਕ ਸਟੇਟ ਪ੍ਰਤੀਨਿਧੀ ਬੌਬੀ ਸਾਂਚੇਜ਼ ਦੀ ਭਾਰੀ ਜਿੱਤ ਨੇ ਇਸ ਗੱਲ ਨੂੰ ਸਾਬਿਤ ਕੀਤਾ ਕਿ ਮੇਅਰ ਏਰਿਨ ਸਟੀਵਰਟ ਦਾ ਉਸਦੇ ਚੁਣੇ ਹੋਏ ਉੱਤਰਾਧਿਕਾਰੀ, ਸ਼ੈਰਨ ਬੇਲੋਇਨ-ਸਾਵੇਦਰਾ 'ਤੇ ਕੋਈ ਪ੍ਰਭਾਵ ਨਹੀਂ ਸੀ। ਨੌਰਵਿਚ ਵਿੱਚ ਭਾਰੀ ਵੋਟਰ ਮਤਦਾਨ ਨੇ ਸਵਰਨਜੀਤ ਸਿੰਘ ਨੂੰ ਕਨੈਕਟੀਕਟ ਦੇ ਸਿੱਖ ਧਰਮ ਦੇ ਪਹਿਲੇ ਮੇਅਰ ਵਜੋਂ ਚੋਣ ਜਿੱਤਣ ਵਿੱਚ ਮਦਦ ਕੀਤੀ। ਉਹ ਰਿਪਬਲਿਕਨ ਪੀਟਰ ਨਿਸਟ੍ਰੋਮ ਦੀ ਜਗ੍ਹਾ ਲੈਣਗੇ, ਜਿਨ੍ਹਾਂ ਨੇ ਪਿਛਲੀਆਂ ਚੋਣਾਂ ਵਿੱਚ 2-1 ਡੈਮੋਕਰੇਟਿਕ ਲੀਡ ਨੂੰ ਹਰਾਇਆ ਸੀ।

ਦੋ ਵਾਰ ਸ਼ਹਿਰ ਦੇ ਕੌਂਸਲਰ, ਸਵਰਨਜੀਤ ਸਿੰਘ ਨੂੰ ਰਾਜ ਦੇ ਪ੍ਰਮੁੱਖ ਡੈਮੋਕਰੇਟਸ ਦਾ ਸਮਰਥਨ ਪ੍ਰਾਪਤ ਹੋਇਆ, (ਬਾਕੀ ਸਫ਼ਾ 26 'ਤੇ)

# ਅਮਰੀਕਾ ਵੱਲੋਂ ਪਰਵਾਸੀਆਂ ਲਈ ਆਟੋਮੈਟਿਕ ਵਰਕ ਪਰਮਿਟ ਐਕਸਟੈਨਸ਼ਨ ਦੀ ਸਹੂਲਤ ਸਮਾਪਤ

## ਵੱਡੀ ਗਿਣਤੀ ਭਾਰਤੀ ਪਰਵਾਸੀਆਂ ਅਤੇ ਕਾਮਿਆਂ ਦੇ ਅਸਰਅੰਦਾਜ਼ ਹੋਣ ਦੀ ਸੰਭਾਵਨਾ

## 2022 ਤੱਕ ਕਰੀਬ 4.8 ਮਿਲੀਅਨ ਭਾਰਤੀ ਅਮਰੀਕੀਆਂ ਦਾ ਘਰ ਸੀ ਅਮਰੀਕਾ




ਵਾਸ਼ਿੰਗਟਨ/ਏ.ਟੀ.ਨਿਊਜ਼: ਐਚ 1 ਬੀ ਵੀਜ਼ਾ ਫੀਸ 100,000 ਅਮਰੀਕੀ ਡਾਲਰ ਤੱਕ ਵਧਾਉਣ ਤੋਂ ਕੁਝ ਹਫ਼ਤਿਆਂ ਬਾਅਦ, ਅਮਰੀਕੀ ਅਧਿਕਾਰੀਆਂ ਨੇ ਪਰਵਾਸੀਆਂ ਲਈ ਵਰਕ ਪਰਮਿਟਾਂ ਦੀ ਆਟੋਮੈਟਿਕ ਐਕਸਟੈਂਸ਼ਨ ਦੀ ਸਹੂਲਤ ਨੂੰ ਖਤਮ ਕਰਨ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨਾਲ ਵੱਡੀ ਗਿਣਤੀ ਭਾਰਤੀ ਪਰਵਾਸੀਆਂ ਅਤੇ ਕਾਮਿਆਂ ਦੇ ਅਸਰਅੰਦਾਜ਼ ਹੋਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਦੀ ਨਕੇਲ ਕੱਸਣ ਲਈ ਕੀਤੇ ਜਾ ਰਹੇ ਯਤਨਾਂ ਦੀ ਲੜੀ ਵਿਚ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਇਹ ਐਲਾਨ ਕੀਤਾ ਹੈ। ਵਿਦੇਸ਼ੀ ਨਾਗਰਿਕਾਂ ਦੇ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ ਦੀ ਵੈਧਤਾ ਨੂੰ ਵਧਾਉਣ ਤੋਂ ਪਹਿਲਾਂ ਹੁਣ ਪਰਵਾਸੀਆਂ ਦੀ ਸਹੀ ਸਕਰੀਨਿੰਗ ਤੇ ਜਾਂਚ ਨੂੰ ਤਰਜੀਹ ਦਿੱਤੀ ਜਾਵੇਗੀ। ਡੀ.ਐਚ.ਐਸ. ਨੇ ਇੱਕ ਪ੍ਰੈੱਸ ਰਿਲੀਜ਼ ਵਿੱਚ ਕਿਹਾ ਕਿ ਨਵੇਂ ਨਿਯਮ ਅਨੁਸਾਰ, 30 ਅਕਤੂਬਰ, 2025 ਨੂੰ ਜਾਂ ਇਸ ਤੋਂ ਬਾਅਦ ਆਪਣੇ 514 ਨੂੰ ਰੀਨਿਊ ਲਈ ਫਾਈਲ ਕਰਨ ਵਾਲੇ ਪਰਵਾਸੀਆਂ ਨੂੰ ਹੁਣ ਆਟੋਮੈਟਿਕ ਐਕਸਟੈਂਸ਼ਨ ਨਹੀਂ ਮਿਲੇਗੀ। ਇਸ ਫੈਸਲੇ ਨਾਲ ਸਭ ਤੋਂ ਵੱਧ ਅਸਰ 8-12 ਮੁੱਖ ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਇੱਕ : ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਇੱਕ 5 ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਅਤੇ ਸ਼ਰਨਾਰਥੀ ਜਾਂ ਸ਼ਰਨਾਰਥੀ ਸਥਿਤੀ ਵਾਲੇ ਪਰਵਾਸੀਆਂ 'ਤੇ ਪਏਗਾ।

ਬਾਇਡੇਨ ਪ੍ਰਸ਼ਾਸਨ ਦੇ ਪੁਰਾਣੇ ਨਿਯਮ ਮੁਤਾਬਕ ਜਿਹੜੇ ਪਰਵਾਸੀ ਆਪਣੇ ਈ.ਏ.ਡੀ. ਨੂੰ ਰੀਨਿਊ ਕਰਨ ਲਈ ਸਮੇਂ ਸਿਰ ਫਾਰਮ ਆਈ-765 ਦਾਇਰ ਕਰਦੇ ਸਨ, ਉਨ੍ਹਾਂ ਨੂੰ 540 ਦਿਨਾਂ ਦੀ ਆਟੋਮੈਟਿਕ ਐਕਸਟੈਂਸ਼ਨ ਮਿਲਦੀ ਸੀ। ਅਮਰੀਕੀ ਜਨਗਣਨਾ ਬਿਊਰੋ ਦੇ ਅੰਕੜਿਆਂ ਅਨੁਸਾਰ, 2022 ਤੱਕ ਅਮਰੀਕਾ ਕਰੀਬ 4.8 ਮਿਲੀਅਨ ਭਾਰਤੀ ਅਮਰੀਕੀਆਂ ਦਾ ਘਰ ਸੀ। ਇਸ ਵਿੱਚੋਂ 66 ਫੀਸਦੀ ਭਾਰਤੀ ਅਮਰੀਕੀ ਪਰਵਾਸੀ ਹਨ, ਜਦੋਂ ਕਿ 34 ਫੀਸਦੀ ਅਮਰੀਕਾ ਵਿੱਚ ਜਨਮੇ ਹਨ।


# ਯੂਬਾ ਸਿਟੀ ਦੇ ਗੁਰਨਾਮ ਸਿੰਘ ਪੰਮਾ ਦੀ ਬਦਤਮੀਜ਼ੀ ਦੀ ਨਿਖੇਧੀ

ਸਿੱਖ ਯੂਥ ਆਫ਼ ਅਮਰੀਕਾ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਫੈਡਰੇਸ਼ਨ ਯੂ.ਐਸ.ਏ., ਖ਼ਾਲਿਸਤਾਨ ਅਫੇਅਰਜ਼ ਸੈਂਟਰ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਯੂਬਾ ਸਿਟੀ ਨਗਰ ਕੀਰਤਨ ਵੇਲੇ ਤਕਰੀਬਨ ਸਾਰੇ ਬੁਲਾਰਿਆਂ ਨੂੰ ਸਟੇਜ ਤੋਂ ਬੋਲਣ ਦਾ ਸਮਾਂ ਦਿੱਤਾ ਜਾਂਦਾ ਹੈ। ਪਰ ਉੱਥੇ ਅਸੀਂ ਕਦੇ ਵੀ ਕਿਸੇ ਦਾ ਨਾਮ ਲੈ ਕੇ ਵਿਅਕਤੀ ਦੀ ਨੁਕਤਾਚੀਨੀ ਨਹੀਂ ਸੁਣੀ। ਸਨਿੱਚਰਵਾਰ ਰਾਤ ਨੂੰ ਪੰਥਕ ਬੁਲਾਰੇ ਬੋਲਦੇ ਹਨ ਅਤੇ ਇਸ ਵਾਰ ਗੁਰਨਾਮ ਸਿੰਘ ਪੰਮਾ ਨੇ ਇੱਕ ਕਹਾਣੀ ਸੁਣਾ ਕੇ ਆਪਣੇ ਆਪ ਨੂੰ 1984 ਤੋਂ ਖ਼ਾਲਿਸਤਾਨੀ ਸੰਘਰਸ਼ ਦਾ ਮੁੱਦਈ ਦੱਸਿਆ। ਵੈਸੇ ਤਾਂ ਕੈਲੇਫੋਰਨੀਆ ਦੇ ਸਿੱਖ ਸਰਕਲਾਂ ਨੂੰ ਭਾਈ ਸਾਹਿਬ ਬਾਰੇ ਜਾਣਕਾਰੀ ਹੈ ਪਰ ਸੰਗਤ ਨੂੰ ਦੱਸ ਦੇਈਏ ਕਿ ਇਹ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਝੂਠ ਬੋਲਿਆ, ਜਦੋਂ 1992 ਵਿੱਚ ਸਿੱਖ ਸੰਘਰਸ਼ ਮੱਠਾ ਪਿਆ ਤਾਂ ਅਕਾਲੀ ਦਲ ਬਾਦਲ ਦੇ ਅਮਰੀਕਾ ਵਿੱਚ ਅਹੁਦੇਦਾਰ ਬਣੇ ਤੇ ਯੂਬਾ ਸਿਟੀ ਗੁਰਦੁਆਰਾ ਸਾਹਿਬ ਖ਼ਾਲਿਸਤਾਨੀ ਸੰਘਰਸ਼ ਵਿਰੁੱਧ ਇੱਕ ਸੈਂਟਰ ਬਣਿਆ।

ਇਸ ਨੇ ਆਪਣੇ ਆਪ ਨੂੰ ਸ਼ੁਰੂ ਤੋਂ ਖ਼ਾਲਿਸਤਾਨੀ ਹੋਣ ਦੀ ਕਹਾਣੀ ਮੁਕਾਉਂਦੇ ਹੋਏ ਕਿਹਾ, ਹੁਣੇ ਡਾਕਟਰ ਪ੍ਰਿਤਪਾਲ ਸਿੰਘ ਹੋਰੀ ਬੋਲ ਕੇ ਗਏ ਹਨ ਮੈਨੂੰ ਤਾਂ ਉਹਨਾਂ ਦੀ ਕੋਈ ਗੱਲ ਸਮਝ ਨਹੀਂ ਆਈ ਅਤੇ ਡਾਕਟਰ ਅਮਰਜੀਤ ਸਿੰਘ ਵੀ ਬੋਲੇ ਹਨ ਤਾਂ ਮੈਨੂੰ ਲੱਗਿਆ ਜਿਵੇਂ ਉਹ ਕਿਸੇ ਗੁਰਦੁਆਰੇ ਦੇ ਗ੍ਰੰਥੀ ਬਨਣਾ ਚਾਹੁੰਦੇ ਹਨ। ਮੇਰੀ ਇਹਨਾਂ ਨੂੰ ਬੇਨਤੀ ਹੈ ਕਿ ਇਹ ਰਿਟਾਇਰ ਹੋ ਜਾਣ ਤੇ ਨੌਜਵਾਨਾਂ ਨੂੰ ਅੱਗੇ ਆਉਣ ਦੇਣ।

ਗੁਰਦੁਆਰਾ ਪ੍ਰਬੰਧਕਾਂ ਨੇ ਪ੍ਰੋਗਰਾਮ ਬਹੁਤ ਵਧੀਆ ਕੀਤੇ ਅਤੇ ਸੰਗਤ ਵੀ ਗੁਰਦੁਆਰਿਆਂ ਵਿੱਚ ਝਗੜਾ ਨਹੀਂ ਚਾਹੁੰਦੀ ਪਰ ਕਮੇਟੀ ਨੂੰ ਨੋਟਿਸ ਲੈਣਾ ਚਾਹੀਦਾ ਸੀ ਪੰਮਾ ਸਾਹਿਬ ਮੌਜੂਦਾ ਕਮੇਟੀ ਦੇ ਵਿਰੋਧੀ ਹੋਣ ਕਰਕੇ ਉੱਥੇ ਰੌਲਾ ਪੁਆਉਣਾ ਚਾਹੁੰਦੇ ਸਨ ਜਿਸ ਕਾਰਨ ਡਾਕਟਰ ਅਮਰਜੀਤ ਸਿੰਘ ਜਾਂ ਡਾਕਟਰ ਪ੍ਰਿਤਪਾਲ ਸਿੰਘ ਦੇ ਸਾਥੀਆਂ ਨੇ ਸੰਜਮ ਤੋਂ ਕੰਮ ਲਿਆ ਤੇ ਇਸ ਬਦਤਮੀਜ਼ੀ ਨੂੰ ਨਜ਼ਰ ਅੰਦਾਜ਼ ਕੀਤਾ।

ਵੈਸੇ ਤਾਂ ਸਿਆਣਾ ਬੰਦਾ ਸੁਣ ਕੇ ਪੰਮਾ ਸਾਹਿਬ ਦੀ ਲਿਆਕਤ ਦਾ ਅੰਦਾਜ਼ਾ ਲਾ ਸਕਦਾ ਹੈ ਪਰ ਅਸੀਂ ਪੰਮਾ ਸਾਹਿਬ ਬਾਰੇ ਇੱਕ




ਦੋ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦੇ ਹਾਂ : ਇੱਕ ਤਾਂ ਪੰਮਾ ਸਾਹਿਬ ਕੋਲ ਸੁਣਿਆ 5000 ਏਕੜ ਜ਼ਮੀਨ ਹੈ ਤੇ ਸ਼ਾਇਦ ਇਹਦਾ ਹੰਕਾਰ ਬੋਲਦਾ।

ਪੰਮਾ ਸਾਹਿਬ ਜੇ ਤੁਹਾਨੂੰ ਡਾਕਟਰ ਪ੍ਰਿਤਪਾਲ ਸਿੰਘ ਦੀ ਗੱਲ ਸਮਝ ਨਹੀਂ ਆਈ ਤਾਂ ਭਾਈ ਸਾਹਿਬ ਪੜ੍ਹ-ਲਿਖ ਲੈਣਾ ਸੀ। ਜੇ ਤੁਸੀਂ ਅਨਪੜ੍ਹ ਹੋ ਤਾਂ ਡਾਕਟਰ ਪ੍ਰਿਤਪਾਲ ਦਾ ਕੀ ਕਸੂਰ ਹੈ ? ਦੂਜਾ ਡਾਕਟਰ ਅਮਰਜੀਤ ਸਿੰਘ, ਤੁਹਾਡੇ ਜਾਂ ਕਿਸੇ ਹੋਰ ਤੋਂ ਤਨਖਾਹ ਨਹੀਂ ਲੈਂਦੇ ਜੋ ਰਿਟਾਇਰ ਹੋਣ। ਤੁਸੀਂ ਡਾਕਟਰ ਸਾਹਿਬ ਤੋਂ 10-12 ਸਾਲ ਵੱਡੇ ਹੋ ਤੇ ਤੁਸੀਂ ਤਾਂ ਰਿਟਾਇਰਮੈਂਟ ਲੈਂਦੇ ਨਹੀਂ - ਕਿੰਨੇ ਦਲ ਬਦਲ ਕੇ ਕਮੇਟੀ ਵਿੱਚ ਆਉਣ ਲਈ ਤਰਲੋ-ਮੱਛੀ ਰਹਿੰਦੇ ਹੋ। ਤੁਹਾਡੇ ਬੰਦੇ ਤਾਂ ਮਰਣ ਵੇਲੇ ਤੱਕ ਗੁਰਦੁਆਰਿਆਂ 'ਤੇ ਕਾਬਜ਼ ਰਹਿਣ ਪਰ ਜਿਹੜੇ 24 ਘੰਟੇ ਨਿਸ਼ਕਾਮ ਪੰਥ ਲਈ ਲਾਉਂਦੇ ਹਨ ਉਹਨਾਂ ਦੇ ਰਿਟਾਇਰ ਹੋਣ ਦੀ ਗੱਲ ਕਰਨੀ ਸਿੱਧੀ ਭਾਰਤੀ ਸਰਕਾਰ ਦੀ ਹਮਾਇਤ ਕਰਨੀ ਹੈ। ਇਹ ਉਹ ਬੰਦੇ ਹਨ ਜਿਨ੍ਹਾਂ ਨੂੰ ਭਾਰਤ ਸਰਕਾਰ ਮਾਰ ਮੁਕਾਉਣਾ ਚਾਹੁੰਦੀ ਹੈ ਜਿਸ ਦੇ ਸਬੂਤ ਸਾਹਮਣੇ ਆ ਗਏ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੁਸੀਂ ਭਾਰਤੀ ਕੌਂਸਲੇਟ ਦੇ ਇਸ਼ਾਰਿਆਂ ਤੇ ਚੱਲਦੇ ਹੋ, ਇਹ ਗੱਲ ਕਾਸਟ ਬਿੱਲ ਵੇਲੇ ਸਪੱਸ਼ਟ ਹੋ ਗਈ ਸੀ ਜਦੋਂ ਤੁਸੀਂ ਇਸ ਬਿੱਲ ਵਿਰੁੱਧ ਗਵਰਨਰ ਨੂੰ ਚਿੱਠੀ ਲਿਖੀ ਸੀ।

ਹੁਣ ਰਹੀ ਭਾਈ ਸਾਹਿਬ ਦੇ ਪੰਥਕ ਜੀਵਨ ਦੀ ਗੱਲ। 1984 ਵਿੱਚ ਭਾਵੁਕ ਹੋ ਕੇ ਵਰਲਡ ਸਿੱਖ ਆਰਗੇਨਾਈਜੇਸ਼ਨ ਵਿੱਚ ਸ਼ਾਮਿਲ ਹੋ ਗਏ। ਭਾਈ ਸਾਹਿਬ ਇਸ ਤਰ੍ਹਾਂ ਬੋਲ ਰਹੇ ਸਨ ਜਿਵੇਂ ਇਹ ਡਬਲਿਊ.ਐਸ.ਓ. ਦੇ ਸਿਰਕੱਢ ਲੀਡਰ ਹੋਣ। ਪਰ ਸੰਗਤ ਦੀ ਜਾਣਕਾਰੀ ਲਈ ਦੱਸ ਦੇਈਏ ਇਹ ਆਪਣਾ ਸਰੀਰ ਹੀ ਮੀਟਿੰਗਾਂ ਵਿੱਚ ਲੈ ਕੇ ਜਾਂਦੇ ਸਨ, ਕੰਮ ਇਸ ਭਾਈ ਨੇ ਉੱਥੇ ਵੀ ਕੁੱਝ ਨਹੀਂ ਕੀਤਾ। ਡਬਲਿਊ.ਐਸ.ਓ. ਨੂੰ ਖੋਰਾ ਲਾਉਣ ਵਾਲੇ ਵੀ ਇਹੀ ਭਾਈ ਸਨ, ਡਬਲਿਊ.ਐਸ.ਓ. ਨੂੰ ਛੱਡ ਕੇ ਅਕਾਲੀ ਦਲ (ਬਾਦਲ) ਵਿੱਚ ਸੱਭ ਤੋਂ ਪਹਿਲਾਂ ਇਹ ਸ਼ਾਮਲ ਹੋਇਆ। ਇਹ ਉਹਨਾਂ ਬੰਦਿਆਂ ਵਿੱਚੋਂ ਹਨ ਜਿਨ੍ਹਾਂ ਨੇ ਸੈਨ ਫਰਾਂਸਿਸਕੋ ਵਾਲਾ ਗਦਰ ਮੈਮੋਰੀਅਲ ਭਾਰਤੀ ਅੰਬੈਸੀ ਨੇ ਦਿੱਤਾ ਕਿ ਸਾਡੇ ਤੋਂ ਇਸਦੀ ਟੇਕ ਕੇਅਰ ਨਹੀਂ ਹੋ ਰਹੀ।

ਭਾਈ ਸਾਹਿਬ ਨੂੰ ਬੇਨਤੀ ਹੈ ਗੁਰੂ ਮਹਾਰਾਜ ਦੀ ਹਾਜ਼ਰੀ ਵਿੱਚ ਬੋਲਣ ਦਾ ਇੱਕ ਸਲੀਕਾ ਹੈ ਉਸ ਬਾਰੇ ਧਿਆਨ ਰੱਖਿਆ ਕਰੋ। ਤੁਸੀਂ ਓਨੇ ਸ਼ਹੀਦ ਸਿੰਘਾਂ ਦੀ ਫੋਟੋਆਂ ਨਹੀਂ ਦੇਖੀਆਂ ਹੋਣੀਆਂ ਜਿੰਨੇ ਸ਼ਹੀਦ ਸਿੰਘਾਂ ਦੀ ਡਾਕਟਰ ਸਾਹਿਬ ਹੋਰਾਂ ਨੇ ਸੇਵਾ ਕੀਤੀ ਹੋਣੀ ਹੈ। ਬੋਲਣ ਵੇਲੇ ਆਪਣਾ ਕੱਦ ਤੇ ਔਕਾਤ ਦਾ ਧਿਆਨ ਰੱਖਣਾ ਚਾਹੀਦਾ ਹੈ।

**ਸਿੱਖ ਜੱਥੇਬੰਦੀਆਂ ਨੂੰ ਬੇਨਤੀ**

ਸਾਡੀ ਸਾਰੀਆਂ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਉਨ੍ਹਾਂ ਦੇ ਕਈ ਕਾਰਕੁੰਨ ਸਾਡੇ ਬਹੁਤ ਸਤਿਕਾਰਯੋਗ ਸਿੱਖ ਲੀਡਰਾਂ ਜਾਂ ਸਾਡੀ ਜਥੇਬੰਦੀਆਂ ਦੇ ਵਿਰੁੱਧ ਕੁੱਝ ਸਾਲਾਂ ਤੋਂ ਪ੍ਰਚਾਰ ਕਰਦੇ ਆ ਰਹੇ ਹਨ, ਉਹਨਾਂ ਨੂੰ ਇਸ ਭੰਡੀ ਪ੍ਰਚਾਰ ਤੋਂ ਵਰਜਿਆ ਜਾਵੇ। ਅੱਗੇ ਤੋਂ ਅਸੀਂ ਫੈਸਲਾ ਕੀਤਾ ਹੈ ਕਿ ਅਜਿਹਾ ਹੋਣ ਦੀ ਸੂਰਤ ਵਿੱਚ ਅਸੀਂ ਜੱਥੇਬੰਦੀ ਦੇ ਤੌਰ 'ਤੇ ਉਸਦਾ ਬਣਦਾ ਜੁਆਬ ਦਿਆਂਗੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਜਥੇਬੰਦੀਆਂ ਵਿੱਚ ਕਈ ਵਿਚਾਰਧਾਰਕ ਵਖਰੇਵੇਂ ਹੋ ਸਕਦੇ ਹਨ ਉਹਨਾਂ ਬਾਰੇ ਚੰਗੀ ਸ਼ਬਦਾਵਲੀ ਵਿੱਚ ਆਪਣਾ ਪੱਖ ਰੱਖਣ ਦਾ ਹਰ ਕੋਲ ਅਧਿਕਾਰ ਹੈ ਪਰ ਬੇਬੁਨਿਆਦ ਇਲਜ਼ਾਮ ਤਰਾਸ਼ੀ ਕਰਨੀ ਠੀਕ ਨਹੀਂ। ਸਾਡੇ ਵੱਲੋਂ ਸਿੱਖਸ ਫਾਰ ਜਸਟਿਸ ਅਤੇ ਅਕਾਲੀ ਦਲ (ਮਾਨ) ਨੂੰ ਖਾਸ ਬੇਨਤੀ ਹੈ ਕਿ ਆਪਣੇ ਮੈਂਬਰਾਂ ਨੂੰ ਤਾੜਨਾ ਕਰੇ ਕਿ ਅੱਗੇ ਤੋਂ ਸਾਡੇ ਕਿਸੇ ਮੈਂਬਰ ਵਿਰੁੱਧ ਕੀਤੀ ਗਲਤ ਬਿਆਨਬਾਜ਼ੀ ਸਹਿਣ ਨਹੀਂ ਕੀਤੀ ਜਾਵੇਗੀ।

# ਅਮਰੀਕੀ ਲੋਕਾਂ ਲਈ ਅਮਰੀਕਨ ਡ੍ਰੀਮ ਵਾਪਸ ਲੈ ਰਹੇ ਹਾਂ : ਕਿਰਤ ਵਿਭਾਗ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਕਿਰਤ ਵਿਭਾਗ ਨੇ ਸੋਸ਼ਲ ਮੀਡੀਆ 'ਤੇ ਇੱਕ ਨਵਾਂ ਵਿਗਿਆਪਨ ਜਾਰੀ ਕਰਕੇ ਕੰਪਨੀਆਂ 'ਤੇ ਐਚ-1ਬੀ ਵੀਜ਼ਾ ਪ੍ਰੋਗਰਾਮ ਦਾ ਗਲਤ ਇਸਤੇਮਾਲ ਕਰਨ ਅਤੇ ਅਮਰੀਕੀ ਨੌਜਵਾਨਾਂ ਦੀਆਂ ਨੌਕਰੀਆਂ ਵਿਦੇਸ਼ੀ ਕਰਮਚਾਰੀਆਂ ਨਾਲ ਬਦਲਣ ਦਾ ਦੋਸ਼ ਲਗਾਇਆ ਹੈ। ਵੀਡੀਓ ਵਿੱਚ ਭਾਰਤ ਨੂੰ ਇਸ ਪ੍ਰਣਾਲੀ ਦੇ ਸਭ ਤੋਂ ਵੱਡੇ ਲਾਭਪਾਤਰੀ ਵਜੋਂ ਉਜਾਗਰ ਕੀਤਾ ਗਿਆ ਹੈ। ਲੇਬਰ ਵਿਭਾਗ ਨੇ ਆਪਣੀ ਐਕਸ ਪੋਸਟ ਵਿੱਚ ਕਿਹਾ ਕਿ ਐਚ-1ਬੀ ਵੀਜ਼ਾ ਦੀ ਬੇਤਹਾਸ਼ਾ ਦੁਰਵਰਤੋਂ ਕਾਰਨ ਨੌਜਵਾਨ ਅਮਰੀਕੀਆਂ ਦਾ ਅਮਰੀਕਨ ਡ੍ਰੀਮ ਉਨ੍ਹਾਂ ਤੋਂ ਖੋਹ ਲਿਆ ਗਿਆ



ਹੈ, ਕਿਉਂਕਿ ਉਨ੍ਹਾਂ ਦੀਆਂ ਨੌਕਰੀਆਂ ਵਿਦੇਸ਼ੀ ਵਰਕਰਾਂ ਨੂੰ ਦੇ ਦਿੱਤੀਆਂ ਗਈਆਂ ਹਨ। ਵਿਭਾਗ ਨੇ ਲਿਖਿਆ ਕਿ ਪ੍ਰਧਾਨ ਮੰਤਰੀ ਡੋਨਾਲਡ ਟਰੰਪ ਅਤੇ ਮੰਤਰੀ ਲੋਰੀ ਚਾਵੇਜ਼-ਡੀਰਿਮਰ ਦੀ ਅਗਵਾਈ ਹੇਠ ਹੁਣ ਅਸੀਂ ਕੰਪਨੀਆਂ ਨੂੰ ਜਵਾਬਦੇਹ ਬਣਾ ਰਹੇ ਹਾਂ ਅਤੇ ਅਮਰੀਕੀ ਲੋਕਾਂ ਲਈ ਅਮਰੀਕਨ ਡ੍ਰੀਮ ਵਾਪਸ ਲੈ ਰਹੇ ਹਾਂ। ਇਹ ਮੁਹਿੰਮ ਪ੍ਰੋਜੈਕਟ ਫਾਇਰਵਾਲ ਦੇ ਤਹਿਤ ਚਲਾਈ ਜਾ ਰਹੀ ਹੈ, ਜੋ ਕਿ 2025 ਦੇ ਸਤੰਬਰ ਵਿੱਚ ਸ਼ੁਰੂ ਹੋਈ ਸੀ। ਇਸ ਮੁਹਿੰਮ ਦਾ ਉਦੇਸ਼ ਕੰਪਨੀਆਂ ਨੂੰ ਤਕਨੀਕੀ ਅਤੇ ਇੰਜੀਨੀਅਰਿੰਗ ਭੂਮਿਕਾਵਾਂ ਵਿੱਚ ਅਮਰੀਕੀ ਕਰਮਚਾਰੀਆਂ ਨੂੰ ਘੱਟ ਤਨਖਾਹ ਵਾਲੇ ਵਿਦੇਸ਼ੀ ਪੇਸ਼ੇਵਰਾਂ (**ਬਾਕੀ ਸ.ਫਾ 26 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਅਤੇ ਚੀਨ ਵਿਚਾਲੇ ਮੱਠੀ ਪੈ ਸਕਦੀ ਹੈ 'ਟਰੇਡ ਵਾਰ'

## ਚੀਨ ਨਾਲ ਅਮਰੀਕਾ ਦਾ ਹੋਇਆ ਵਪਾਰਕ ਸਮਝੌਤਾ

## ਦੱਖਣੀ ਕੋਰੀਆ ਦੇ ਏਅਰ ਬੇਸ 'ਤੇ ਚੀਨ ਦੇ ਆਪਣੇ ਹਮਰੁਤਬਾ ਸ਼ੀ ਜਿਨਪਿੰਗ ਨੂੰ ਮਿਲੇ ਟਰੰਪ

ਬੁਸਾਨ(ਦੱਖਣੀ ਕੋਰੀਆ)/ਏ.ਟੀ. ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਿਛਲੇ ਦਿਨੀਂ ਦੱਖਣੀ ਕੋਰੀਆ ਦੇ ਏਅਰ ਬੇਸ 'ਤੇ ਚੀਨ ਦੇ ਆਪਣੇ ਹਮਰੁਤਬਾ ਸ਼ੀ ਜਿਨਪਿੰਗ ਨੂੰ ਮਿਲੇ। ਇੱਕ ਘੰਟਾ ਤੇ 40 ਮਿੰਟ ਦੇ ਕਰੀਬ ਚੱਲੀ ਇਸ ਬੈਠਕ ਮਗਰੋਂ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਟੈਰਿਫਾਂ ਵਿੱਚ ਕਟੌਤੀ ਲਈ ਚੀਨ ਨਾਲ ਇੱਕ ਸਮਝੌਤਾ ਕੀਤਾ ਹੈ। ਅਮਰੀਕੀ ਸਦਰ ਨੇ ਕਿਹਾ ਕਿ ਇਸ ਦੇ ਬਦਲੇ ਵਿੱਚ ਪੇਈਚਿੰਗ ਅਮਰੀਕੀ ਸੋਇਆਬੀਨ ਦੀ ਖਰੀਦਦਾਰੀ ਮੁੜ ਸ਼ੁਰੂ ਕਰੇਗਾ, ਦੁਰਲੱਭ ਧਰਤੀ ਖਣਿਜਾਂ ਦੀ ਬਰਾਮਦ ਨੂੰ ਜਾਰੀ ਰੱਖੇਗਾ ਅਤੇ ਫੈਂਟਾਨਿਲ ਦੇ ਗੈਰਕਾਨੂੰਨੀ ਵਪਾਰ ਖ਼ਿਲਾਫ਼ ਕਾਰਵਾਈ ਕਰੇਗਾ।

ਸੂਤਰਾਂ ਮੁਤਾਬਕ ਸਮਝੌਤੇ ਤਹਿਤ ਚੀਨੀ ਦਰਾਮਦਾਂ 'ਤੇ ਲੱਗਦੇ 57 ਫੀਸਦੀ ਟੈਰਿਫ ਵਿੱਚ ਦਸ ਫੀਸਦੀ ਦੀ ਕਟੌਤੀ ਕੀਤੀ ਜਾਵੇਗੀ। ਦੋਵਾਂ ਆਗੂਆਂ ਦਰਮਿਆਨ ਨੇ ਬੈਠਕ ਦੌਰਾਨ ਟੈਰਿਫ਼, ਕੰਪਿਊਟਰ ਚਿੱਪ, ਦੁਰਲੱਭ ਧਰਤੀ ਖਣਿਜਾਂ ਤੇ ਟਕਰਾਅ ਵਾਲੇ ਹੋਰਨਾਂ ਮੁੱਦਿਆਂ 'ਤੇ ਚਰਚਾ ਕੀਤੀ। ਸ਼ੀ ਨਾਲ ਮੁਲਕਾਤ ਮਗਰੋਂ ਟਰੰਪ ਵਾਸ਼ਿੰਗਟਨ ਲਈ ਰਵਾਨਾ ਹੋ ਗਏ। ਸਾਲ 2019 ਮਗਰੋਂ ਟਰੰਪ ਤੇ ਸ਼ੀ ਦੀ ਇਹ ਪਹਿਲੀ ਆਹਮੋ ਸਾਹਮਣੀ ਮੀਟਿੰਗ ਹੈ। ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (ਏਪੇਕ) ਸੰਮੇਲਨ ਤੋਂ ਇਕਪਾਸੇ ਹੋਈ ਇਹ ਮੀਟਿੰਗ ਦੋ ਘੰਟੇ (ਇਕ ਘੰਟਾ ਤੇ 40 ਮਿੰਟ) ਦੇ ਕਰੀਬ ਚੱਲੀ। ਟਰੰਪ ਨੇ ਹੱਥ ਮਿਲਾਇਆ ਅਤੇ ਸ਼ੀ ਨੂੰ ਆਪਣੀ ਕਾਰ ਤੱਕ ਲੈ ਗਏ। ਅਮਰੀਕੀ ਰਾਸ਼ਟਰਪਤੀ ਨੂੰ ਹਵਾਈ ਅੱਡੇ 'ਤੇ ਰੈੱਡ ਕਾਰਪੈਟ ਵਿਛਾ ਕੇ ਵਿਦਾਇਗੀ ਦਿੱਤੀ ਗਈ।



ਦੱਖਣੀ ਬੰਦਰਗਾਹੀ ਸ਼ਹਿਰ ਬੁਸਾਨ ਵਿੱਚ ਹੋਈ ਇਹ ਮੁਲਾਕਾਤ ਟਰੰਪ ਦੇ ਇਸ ਸਾਲ ਜਨਵਰੀ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਦੋਵਾਂ ਆਗੂਆਂ ਦਰਮਿਆਨ ਪਹਿਲੀ ਮਿਲਣੀ ਸੀ। ਬੈਠਕ ਤੋਂ ਪਹਿਲਾਂ ਟਰੰਪ ਨੇ ਸ਼ੀ ਨਾਲ ਹੱਥ ਮਿਲਾਉਂਦੇ ਹੋਏ ਕਿਹਾ, "ਸਾਡੀ ਇਹ ਮੁਲਾਕਾਤ ਬਹੁਤ ਸਫ਼ਲ ਹੋਣ ਜਾ ਰਹੀ ਹੈ, ਤੇ ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਪਰ ਉਹ (ਸ਼ੀ) ਇੱਕ ਬਹੁਤ ਹੀ ਸਖ਼ਤ ਵਾਰਤਾਕਾਰ ਹਨ।" ਦੋਵੇਂ ਆਗੂ ਜਦੋਂ ਗੱਲਬਾਤ ਸ਼ੁਰੂ ਕਰਨ ਲਈ ਆਪਣੇ ਵਫ਼ਦਾਂ ਨਾਲ ਬੈਠੇ, ਤਾਂ ਸ਼ੀ ਨੇ ਇੱਕ ਅਨੁਵਾਦਕ ਰਾਹੀਂ ਟਰੰਪ ਨੂੰ ਦੱਸਿਆ ਕਿ ਦੁਨੀਆ ਦੇ ਦੋ ਪ੍ਰਮੁੱਖ ਅਰਥਚਾਰਿਆਂ ਵਿੱਚ ਕਦੇ-ਕਦੇ ਟਕਰਾਅ ਹੋਣਾ ਸੁਭਾਵਕ ਤੇ ਆਮ ਗੱਲ ਹੈ। ਚੀਨੀ ਸਦਰ ਨੇ ਕਿਹਾ, "ਕੁਝ ਦਿਨ ਪਹਿਲਾਂ... ਸਾਡੀਆਂ ਦੋ ਆਰਥਿਕ ਅਤੇ ਵਪਾਰਕ ਟੀਮਾਂ ਆਪਣੀਆਂ ਮੁੱਖ ਚਿੰਤਾਵਾਂ ਨੂੰ ਹੱਲ ਕਰਨ ਬਾਰੇ ਬੁਨਿਆਦੀ ਸਹਿਮਤੀ 'ਤੇ ਪਹੁੰਚੀਆਂ। ਇਹ ਮੀਟਿੰਗ ਉਤਸ਼ਾਹਜਨਕ ਰਹੀ... ਮੈਂ ਚੀਨ-ਅਮਰੀਕਾ ਸਬੰਧਾਂ ਲਈ ਇੱਕ ਠੋਸ ਨੀਂਹ ਤਿਆਰ ਕਰਨ ਵਾਸਤੇ ਤੁਹਾਡੇ ਨਾਲ ਕੰਮ ਕਰਨਾ ਜਾਰੀ ਰੱਖਣ ਲਈ ਤਿਆਰ ਹਾਂ।" ਪਿਛਲੇ ਦਿਨੀਂ ਦੱਖਣੀ ਕੋਰੀਆ ਨਾਲ ਵਪਾਰਕ ਗੱਲਬਾਤ ਵਿੱਚ ਮਿਲੀ ਸਫਲਤਾ ਤੋਂ ਉਤਸ਼ਾਹਿਤ ਟਰੰਪ ਨੇ ਸ਼ੀ ਨਾਲ ਵਪਾਰ ਸਮਝੌਤਾ ਸਿਰੇ ਚੜ੍ਹਨ ਦੀ ਆਸ ਜਤਾਈ ਸੀ।

# ਹੁਣ ਆਸਾਨੀ ਨਾਲ ਮਿਲ ਜਾਵੇਗਾ ਸਾਊਦੀ ਅਰਬ ਦਾ ਵੀਜ਼ਾ



ਰਿਆਦ/ਏ.ਟੀ.ਨਿਊਜ਼: ਸਾਊਦੀ ਅਰਬ ਨੇ ਆਪਣੇ ਦੇਸ਼ ਦੀ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਪ੍ਰਕਿਰਿਆ ਨੂੰ ਹੋਰ ਆਸਾਨ ਬਣਾਉਣ ਲਈ ਡਿਜੀਟਲ ਕੇ.ਐਸ.ਏ. ਵੀਜ਼ਾ ਪਲੇਟਫਾਰਮ ਲਾਂਚ ਕੀਤਾ ਹੈ। ਇਸ ਨਵੇਂ ਡਿਜੀਟਲ ਸਿਸਟਮ ਦੇ ਸ਼ੁਰੂ ਹੋਣ ਨਾਲ, ਯਾਤਰੀਆਂ ਨੂੰ ਹੁਣ ਲੰਬੀਆਂ ਲਾਈਨਾਂ ਵਿੱਚ ਲੱਗਣ ਜਾਂ ਬਹੁਤ ਸਾਰੇ ਦਸਤਾਵੇਜ਼ ਇਕੱਠੇ ਕਰਨ ਦੀ ਜ਼ਰੂਰਤ ਨਹੀਂ ਪਵੇਗੀ।

**ਵੀਜ਼ਾ ਪ੍ਰੋਸੈਸਿੰਗ ਹੋਈ ਤੇਜ਼**

ਸਾਊਦੀ ਅਰਬ ਦੇ ਵਿਦੇਸ਼ ਮੰਤਰਾਲੇ ਨੇ ਕੇ.ਐਸ.ਏ. ਵੀਜ਼ਾ ਪਲੇਟਫਾਰਮ ਦਾ ਇੱਕ ਨਵਾਂ ਪਾਇਲਟ ਵਰਜ਼ਨ ਲਾਂਚ ਕੀਤਾ ਹੈ। ਇਸ ਡਿਜੀਟਲ ਪਲੇਟਫਾਰਮ ਰਾਹੀਂ ਵੀਜ਼ਾ ਅਪਲਾਈ ਕਰਨ 'ਤੇ ਪ੍ਰੋਸੈੱਸ ਵਿੱਚ ਤੇਜ਼ੀ ਆਵੇਗੀ। ਵੀਜ਼ਾ ਅਪਲਾਈ ਕਰਨ 'ਤੇ ਇਹ ਪ੍ਰਕਿਰਿਆ ਇੱਕ ਮਿੰਟ ਤੋਂ ਲੈ ਕੇ ਵੱਧ ਤੋਂ ਵੱਧ ਤਿੰਨ ਕਾਰਜ ਦਿਵਸਾਂ ਵਿੱਚ ਪੂਰੀ ਹੋ ਜਾਵੇਗੀ।

ਇਹ ਸਿਸਟਮ ਉਨ੍ਹਾਂ ਲੋਕਾਂ ਲਈ ਵੱਡੀ ਰਾਹਤ ਹੈ ਜੋ ਸਾਊਦੀ ਅਰਬ ਘੁੰਮਣ, ਹੱਜ ਜਾਂ ਉਮਰਾਹ ਕਰਨ, ਕਿਸੇ ਈਵੈਂਟ ਵਿੱਚ ਹਿੱਸਾ ਲੈਣ, ਜਾਂ ਆਪਣੇ ਦੋਸਤਾਂ ਅਤੇ ਪਰਿਵਾਰ ਨੂੰ ਮਿਲਣ ਲਈ ਜਾ ਰਹੇ ਹਨ। ਇਨ੍ਹਾਂ ਸਾਰੇ ਕਾਰਜਾਂ ਲਈ ਹੁਣ ਸਿਰਫ਼ ਇੱਕ ਹੀ ਜਗ੍ਹਾ 'ਤੇ ਵੀਜ਼ਾ ਅਪਲਾਈ ਕੀਤਾ ਜਾ ਸਕੇਗਾ।

**ਈ-ਵੀਜ਼ਾ ਮਿਲੇਗਾ ਸਿੱਧਾ ਈਮੇਲ 'ਤੇ**

ਇਸ ਨਵੇਂ ਪਲੇਟਫਾਰਮ ਰਾਹੀਂ ਈ-ਵੀਜ਼ਾ ਕਾਰਵਾਈ ਤੋਂ ਬਾਅਦ ਤੁਰੰਤ ਜਾਰੀ ਹੋਵੇਗਾ ਅਤੇ ਸਿੱਧਾ ਤੁਹਾਡੀ ਮੇਲ ਆਈਡੀ 'ਤੇ ਆ ਜਾਵੇਗਾ।

# ਬ੍ਰਿਟੇਨ 'ਚ ਹੋਈ ਮਹਾਰਾਜਾ ਰਣਜੀਤ ਸਿੰਘ ਦੀ ਪੇਂਟਿੰਗ ਅਤੇ ਟੀਪੂ ਸੁਲਤਾਨ ਦੀਆਂ ਪਿਸਤੌਲਾਂ ਦੀ ਨਿਲਾਮੀ

ਲੰਡਨ/ਏ.ਟੀ.ਨਿਊਜ਼: ਲੰਡਨ ਵਿੱਚ ਹੋਈ 'ਆਰਟਸ ਆਫ਼ ਦਿ ਇਸਲਾਮਿਕ ਵਰਲਡ ਐਂਡ ਇੰਡੀਆ' ਨਾਮਕ ਨਿਲਾਮੀ ਵਿੱਚ ਭਾਰਤ ਨਾਲ ਜੁੜੀਆਂ ਕਈ ਇਤਿਹਾਸਕ ਵਸਤਾਂ ਨੇ ਨਵੇਂ ਰਿਕਾਰਡ ਬਣਾਏ। ਇਸ ਨੀਲਾਮੀ ਵਿੱਚ ਕੁੱਲ ਇੱਕ ਕਰੋੜ ਪਾਊਂਡ ਤੋਂ ਵੱਧ ਦੀ ਰਕਮ ਇਕੱਠੀ ਹੋਈ। ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਲਈ ਬਣਾਈਆਂ ਗਈਆਂ ਚਾਂਦੀ ਨਾਲ ਜੜੀਆਂ ਫ਼ਲਿੰਟਲਾਕ ਪਿਸਤੌਲਾਂ ਦੀ ਜੋੜੀ 11 ਲੱਖ ਪਾਊਂਡ ਵਿੱਚ ਇੱਕ ਨਿੱਜੀ ਕੁਲੈਕਟਰ ਨੂੰ ਵੇਚੀਆਂ ਗਈਆਂ, ਜੋ ਇਸ ਦੀ ਅਨੁਮਾਨਿਤ ਕੀਮਤ ਤੋਂ ਲਗਭਗ 14 ਗੁਣਾ ਜ਼ਿਆਦਾ ਸੀ। ਇਹ ਪਿਸਤੌਲਾਂ 1799 ਵਿੱਚ ਈਸਟ ਇੰਡੀਆ ਕੰਪਨੀ ਦੁਆਰਾ ਸ਼੍ਰੀਰੰਗਪਟਨਮ ਦੀ ਲੜਾਈ ਦੌਰਾਨ ਟੀਪੂ ਦੇ ਖ਼ਜ਼ਾਨੇ ਤੋਂ ਮਿਲੀਆਂ ਸਨ।



ਇਸ ਨੀਲਾਮੀ ਦੀ ਹੋਰ ਵੱਡੀ ਖ਼ਾਸੀਅਤ ਸਿੱਖ ਸਮਰਾਟ ਮਹਾਰਾਜਾ ਰਣਜੀਤ ਸਿੰਘ ਦੀ ਇੱਕ ਪੇਂਟਿੰਗ ਰਹੀ, ਜੋ 9 ਲੱਖ 52 ਹਜ਼ਾਰ 500 ਪੌਂਡ ਵਿੱਚ ਵਿਕੀ। ਇਹ ਸਿੱਖ ਕਲਾ ਦੇ ਖੇਤਰ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ। ਬਿਸ਼ਨ ਸਿੰਘ ਵੱਲੋਂ ਬਣਾਈ ਗਈ ਇਸ ਕਲਾ ਰਚਨਾ ਵਿੱਚ ਰਣਜੀਤ ਸਿੰਘ ਨੂੰ ਹਾਥੀ 'ਤੇ ਸਵਾਰ ਹੋ ਕੇ ਲਾਹੌਰ ਦੇ ਬਾਜ਼ਾਰ ਤੋਂ ਇੱਕ ਜੂਲੂਸ ਵਿੱਚ ਜਾਂਦੇ ਹੋਏ ਦਰਸਾਇਆ ਗਿਆ ਹੈ। ਤਸਵੀਰ ਵਿੱਚ ਉਨ੍ਹਾਂ ਦੇ ਨਾਲ ਪੁੱਤਰ ਸ਼ੇਰ ਸਿੰਘ, ਭਾਈ ਰਾਮ ਸਿੰਘ, ਰਾਜਾ ਗੁਲਾਬ ਸਿੰਘ ਅਤੇ ਹੋਰ ਦਰਬਾਰੀ ਵੀ ਸ਼ਾਮਲ ਹਨ।

ਟੀਪੂ ਸੁਲਤਾਨ ਨਾਲ ਸੰਬੰਧਿਤ ਇੱਕ ਹੋਰ ਚਾਂਦੀ ਨਾਲ ਜੜੀ ਬੰਦੂਕ 'ਬਲੰਡਰਬਸ' ਜਾਂ 'ਬੁਕਮਾਰ' ਵੀ 5 ਲੱਖ 71 ਹਜ਼ਾਰ 500 ਪੌਂਡ ਵਿੱਚ ਨੀਲਾਮ ਹੋਈ। ਇਸ ਤੋਂ ਇਲਾਵਾ, ਮੁਗਲ ਬਾਦਸ਼ਾਹ ਅਕਬਰ ਦੀ ਲਾਇਬ੍ਰੇਰੀ ਤੋਂ ਮਿਲੀ 16ਵੀਂ ਸਦੀ ਦੀ ਇੱਕ ਕੁਰਾਨ ਦੀ ਪਾਂਡੁਲਿਪੀ 8 ਲੱਖ 63 ਹਜ਼ਾਰ 600 ਪੌਂਡ ਵਿੱਚ ਵੇਚੀ ਗਈ।

ਇਸ ਨੀਲਾਮੀ ਵਿੱਚ ਭਾਰਤ ਨਾਲ ਜੁੜੀਆਂ ਹੋਰ ਕਈ ਵਸਤਾਂ ਵੀ ਸ਼ਾਮਲ ਸਨ ਜਿਵੇਂ ਕਿ 52 ਭਾਰਤੀ ਪਹਿਰਾਵਿਆਂ ਦੀਆਂ ਤਸਵੀਰਾਂ ਵਾਲਾ ਇੱਕ ਐਲਬਮ ਸੈੱਟ ਜੋ 6 ਲੱਖ 9 ਹਜ਼ਾਰ 600 ਪੌਂਡ ਵਿੱਚ ਵਿਕਿਆ। ਇੱਕ ਜੜਾਊ ਖੰਜ਼ਰ ਅਤੇ 17ਵੀਂ ਸਦੀ ਦੀ 'ਝੀਲ ਵਿੱਚ ਖੇਡਦੇ ਹਾਥੀ' ਦੀ ਪੇਂਟਿੰਗ ਵੀ ਉੱਚੇ ਮੁੱਲ 'ਤੇ ਨੀਲਾਮ ਹੋਈਆਂ। ਸੋਥਬੀਜ਼ ਦੇ ਅਨੁਸਾਰ, ਇਸ ਹਫ਼ਤੇ ਦੀ ਨੀਲਾਮੀ ਵਿੱਚ 25 ਦੇਸ਼ਾਂ ਦੇ ਖਰੀਦਦਾਰਾਂ ਨੇ ਹਿੱਸਾ ਲਿਆ ਅਤੇ 20 ਫੀਸਦੀ ਖਰੀਦਦਾਰ ਨਵੇਂ ਸਨ।

# ਕੀ ਅਮਰੀਕਾ ਵਿੱਚ ਸੱਚਮੁੱਚ ਹਿੰਦੂ ਭਾਈਚਾਰੇ ਉੱਪਰ ਵਧ ਰਹੇ ਨੇ ਨਸਲੀ ਹਮਲੇ ?

## ਅਮਰੀਕਾ ਵਿੱਚ ਹਿੰਦੂ ਨਸਲੀ ਹਮਲਿਆਂ ਬਾਰੇ ਭਾਰਤ ਸਰਕਾਰ ਚੁੱਪ ਕਿਉਂ ?

## ਭਾਰਤ ਦੇ ਭਗਵੇਂਵਾਦੀ 'ਅਮਰੀਕੀ ਹਿੰਦੂਆਂ' ਲਈ ਪੈਦਾ ਕਰ ਰਹੇ ਨੇ ਮੁਸ਼ਕਿਲਾਂ

ਅਮਰੀਕਾ ਵਿੱਚ ਹਿੰਦੂ ਭਾਈਚਾਰੇ 'ਤੇ ਨਸਲੀ ਹਮਲਿਆਂ ਦੇ ਮਾਮਲੇ ਵਧਦੇ ਜਾ ਰਹੇ ਹਨ ਹੈ। ਇਹ ਹਮਲੇ ਨਾ ਸਿਰਫ਼ ਧਾਰਮਿਕ ਭੇਦਭਾਵ ਨਾਲ ਜੁੜੇ ਹਨ, ਸਗੋਂ ਰਾਜਨੀਤਕ ਮਾਹੌਲ ਨੇ ਵੀ ਇਸ ਨੂੰ ਹਵਾ ਦਿੱਤੀ ਹੈ। ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਦੇ 'ਮੇਕ ਅਮਰੀਕਾ ਗ੍ਰੇਟ ਅਗੇਨ' (ਮੈਗਾ) ਨਾਅਰੇ ਨੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਹੈ। ਮੁਸਲਮਾਨਾਂ ਅਤੇ ਬਲੈਕ ਭਾਈਚਾਰੇ ਤੋਂ ਬਾਅਦ ਹੁਣ ਹਿੰਦੂ ਭਾਈਚਾਰਾ ਵੀ ਇਸ ਨਫ਼ਰਤ ਦਾ ਸ਼ਿਕਾਰ ਹੋ ਰਿਹਾ ਹੈ। ਅਮਰੀਕੀ ਅਖ਼ਬਾਰਾਂ ਅਨੁਸਾਰ, ਮੋਦੀ ਸਰਕਾਰ ਨੇ ਅਜੇ ਤੱਕ ਅਧਿਕਾਰਿਕ ਤੌਰ ਉੱਪਰ ਕੋਈ ਸ਼ਿਕਾਇਤ ਨਹੀਂ ਕੀਤੀ।

ਅਮਰੀਕਾ ਵਿੱਚ ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 30 ਲੱਖ ਹੈ। ਇਹ ਲੋਕ ਜ਼ਿਆਦਾਤਰ ਭਾਰਤੀ ਮੂਲ ਦੇ ਹਨ ਅਤੇ ਉਹਨਾਂ ਨੇ ਵਿਦੇਸ਼ਾਂ ਵਿੱਚ ਪੜ੍ਹਾਈ ਕਰਕੇ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ ਹੈ। ਪਰ ਟਰੰਪ ਦੇ ਚੋਣ ਮੁਕਾਬਲੇ ਤੋਂ ਲੈ ਕੇ ਹੁਣ ਤੱਕ, ਇਮੀਗ੍ਰੇਸ਼ਨ ਨੂੰ ਲੈ ਕੇ ਚੱਲ ਰਹੀ ਬਹਿਸ ਨੇ ਨਸਲਵਾਦ ਨੂੰ ਹਵਾ ਦਿੱਤੀ ਹੈ। ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ਼.ਬੀ.ਆਈ.) ਦੇ ਅੰਕੜਿਆਂ ਅਨੁਸਾਰ, 2020 ਤੋਂ 2025 ਤੱਕ ਹਿੰਦੂਆਂ ਵਿਰੁੱਧ 100 ਤੋਂ 120 ਹੈਟ ਕ੍ਰਾਈਮਾਂ ਦੇ ਮਾਮਲੇ ਦਰਜ ਹੋਏ ਹਨ, ਜਿਸ ਵਿੱਚ 150 ਤੋਂ ਵੱਧ ਲੋਕ ਪੀੜਤ ਹੋਏ। 2015 ਤੋਂ ਇਹ ਗਿਣਤੀ ਤਿੰਨ ਗੁਣਾ ਵਧ ਗਈ ਹੈ। ਹੋਰ ਘੱਟ ਗਿਣਤੀਆਂ ਵਿਰੁੱਧ ਪ੍ਰਤੀ ਸਾਲ ਲਗਭਗ 2000 ਹੈਟ ਕ੍ਰਾਈਮ ਹੁੰਦੇ ਹਨ, ਪਰ ਹਿੰਦੂਆਂ ਤੇ ਹਮਲੇ ਵੀ ਤੇਜ਼ੀ ਨਾਲ ਵਧ ਰਹੇ ਹਨ।



ਇਸ ਨਫ਼ਰਤ ਦਾ ਇੱਕ ਵੱਡਾ ਕਾਰਨ ਧਾਰਮਿਕ ਭੇਦਭਾਵ ਹੈ। ਅਮਰੀਕੀ ਕੰਜ਼ਰਵੇਟਿਵ ਅਤੇ ਗੋਰੇ ਰਾਸ਼ਟਰਵਾਦੀ ਗਰੁੱਪਾਂ ਨੂੰ ਹਿੰਦੂ ਗੀਤੀ-ਰਿਵਾਜ 'ਗੈਰ-ਅਮਰੀਕੀ' ਲੱਗਦੇ ਹਨ। ਉਹ ਦੀਵਾਲੀ ਨੂੰ 'ਸ਼ੈਤਾਨੀ ਰਿਵਾਜ਼' ਕਹਿੰਦੇ ਹਨ ਅਤੇ ਲੱਛਮੀ-ਗਣੇਸ਼ ਦੀ ਪੂਜਾ ਵਿਰੁੱਧ ਨਫ਼ਰਤੀ ਟਿੱਪਣੀਆਂ ਕਰਦੇ ਹਨ। ਇਸ ਸਾਲ ਵ੍ਹਾਈਟ ਹਾਊਸ ਵਿੱਚ ਦੀਵਾਲੀ ਦੀ ਰੌਸ਼ਨੀ ਉੱਪਰ ਟਰੰਪ ਦੇ ਦੀਵੇ ਜਗਾਉਣ ਤੋਂ ਬਾਅਦ ਮੈਗਾ ਸਮਰਥਕਾਂ ਨੇ ਸੋਸ਼ਲ ਮੀਡੀਆ 'ਤੇ ਤੂਫ਼ਾਨ ਖੜ੍ਹਾ ਕਰ ਦਿੱਤਾ। ਕੈਲੀਫ਼ੋਰਨੀਆ ਵਿੱਚ ਦੀਵਾਲੀ ਦੀ ਛੁੱਟੀ ਨੂੰ ਵੀ ਵਿਰੋਧ ਕੀਤਾ ਗਿਆ ਸੀ। 2019 ਵਿੱਚ ਕੈਂਟਕੀ ਦੇ ਇੱਕ ਹਿੰਦੂ ਮੰਦਰ 'ਤੇ 'ਯੀਸੂ ਹੀ ਇਕਲੌਤਾ ਰੱਬ ਹੈ' ਲਿਖਣ ਵਾਲੇ ਨਿਸ਼ਾਨ ਲਗਾਏ ਗਏ। ਇਸ ਤਰ੍ਹਾਂ ਦੇ ਹਮਲੇ ਹੁਣ ਤੇਜ਼ ਹੋ ਗਏ ਹਨ।

ਇਸ ਵਿੱਚ ਵਾਈਸ ਪ੍ਰੈਜ਼ੀਡੈਂਟ ਜੇਡੀ ਵੈਂਸ ਦਾ ਰੋਲ ਵੀ ਵਿਵਾਦਤ ਹੈ। ਵੈਂਸ ਦੀ ਪਤਨੀ ਉਸ਼ਾ ਚਿਲੂਕੂਰੀ ਇੱਕ ਹਿੰਦੂ ਹੈ ਅਤੇ ਉਹਨਾਂ ਨੇ ਇੰਟਰ-ਰੀਲੀਜ਼ਨ ਵਿਆਹ ਕੀਤਾ ਹੈ। ਪਿਛਲੇ ਹਫ਼ਤੇ ਮਿਸੀਸੀਪੀ ਯੂਨੀਵਰਸਿਟੀ ਵਿੱਚ ਟਰਨਿੰਗ ਪੁਆਇੰਟ ਯੂ.ਐਸ.ਏ. ਦੇ ਪ੍ਰੋਗਰਾਮ ਵਿੱਚ ਇੱਕ ਭਾਰਤੀ ਮੂਲ ਦੀ ਵਿਦਿਆਰਥਣ ਨੇ ਵੈਂਸ ਤੋਂ ਸਵਾਲ ਕੀਤਾ: 'ਤੁਹਾਡੀ ਪਤਨੀ ਹਿੰਦੂ ਹੈ, ਘਰ ਵਿੱਚ ਵੱਖ-ਵੱਖ ਧਰਮਾਂ ਦਾ ਮਾਹੌਲ ਹੈ। ਫ਼ਿਰ ਅਮਰੀਕਾ ਨਾਲ ਪਿਆਰ ਸਾਬਤ ਕਰਨ ਲਈ ਈਸਾਈ ਕਿਉਂ ਬਣਨਾ ਪੈਂਦਾ ਹੈ ? 'ਅਤੇ ਇਮੀਗ੍ਰੇਸ਼ਨ ਬਾਰੇ - ਤੁਸੀਂ ਸਾਨੂੰ ਕਿਹਾ ਸੀ ਕਿ ਆਓ, ਪੜ੍ਹੋ, ਯੋਗਦਾਨ ਪਾਓ, ਪਰ ਹੁਣ ਕਹਿੰਦੇ ਹੋ 'ਬਹੁਤ ਹੋ ਗਏ ਇਮੀਗ੍ਰੈਂਟਸ ? ਅਸੀਂ ਕਾਨੂੰਨੀ ਤਰੀਕੇ ਨਾਲ ਆ ਕੇ ਮਿਹਨਤ ਕੀਤੀ, ਫ਼ਿਰ ਸਾਡੇ ਨਾਲ ਵਿਤਕਰਾ ਕਿਉਂ ?' ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਅਤੇ ਘੱਟ ਗਿਣਤੀਆਂ ਵਿੱਚ ਡਰ ਪੈਦਾ ਕਰ ਰਿਹਾ ਹੈ। ਵੈਂਸ ਨੇ ਪਹਿਲਾਂ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਉਹ ਚਾਹੁੰਦੇ ਹਨ ਕਿ ਉਸ਼ਾ ਵੀ ਉਹਨਾਂ ਵਾਂਗ ਕੈਥੋਲਿਕ ਈਸਾਈ ਬਣ ਜਾਵੇ, ਹਾਲਾਂਕਿ ਕੋਈ ਦਬਾਅ ਨਹੀਂ ਹੈ।

**(ਬਾਕੀ ਸਫ਼ਾ 26 'ਤੇ)**

# ਐਚ-1ਬੀ ਵੀਜ਼ਾ ਬਾਰੇ ਟਰੰਪ ਦੀ ਨਵੀਂ ਪਰਮਿਟ ਨੀਤੀ

## ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਦਿੱਤਾ ਡੂੰਘਾ ਝਟਕਾ

## ਹਜ਼ਾਰਾਂ ਨੌਕਰੀਆਂ ਖ਼ਤਰੇ ਵਿੱਚ, ਭਾਰਤੀ ਭਵਿੱਖ ਨੂੰ ਲੈਕੇ ਚਿੰਤਤ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਕੰਮ ਕਰ ਰਹੇ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਅਤੇ ਉਹਨਾਂ ਦੇ ਪਰਿਵਾਰਾਂ ਉੱਤੇ ਇੱਕ ਵੱਡਾ ਸੰਕਟ ਮੰਡਰਾ ਰਿਹਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ.ਐਸ.) ਨੇ ਨਵੇਂ ਨਿਯਮਾਂ ਅਧੀਨ ਇੱਕ ਵੱਡਾ ਬਦਲਾਅ ਕੀਤਾ ਹੈ, ਜਿਸ ਨਾਲ ਵਰਕ ਪਰਮਿਟ (ਐਮਪਲਾਇਮੈਂਟ ਆਥਾਰਾਈਜ਼ੇਸ਼ਨ ਡਾਕੂਮੈਂਟ - ਈਏਡੀ) ਦੇ ਮਿਆਦ ਵਧਾਉਣ ਵਿੱਚ ਆਟੋਮੈਟਿਕ ਐਕਸਟੈਂਸ਼ਨ ਦੀ ਵਿਵਸਥਾ ਖ਼ਤਮ ਕਰ ਦਿੱਤੀ ਗਈ ਹੈ। ਇਹ ਨਿਯਮ 30 ਅਕਤੂਬਰ 2025 ਤੋਂ ਲਾਗੂ ਹੋ ਗਿਆ ਹੈ ਅਤੇ ਇਸ ਦਾ ਸਭ ਤੋਂ ਵੱਧ ਨੁਕਸਾਨ ਭਾਰਤੀ ਐਚ-1ਬੀ ਵੀਜ਼ਾ ਧਾਰਕਾਂ, ਉਹਨਾਂ ਦੀਆਂ ਪਤਨੀਆਂ (ਐਚ-4 ਵੀਜ਼ਾ ਵਾਲੀਆਂ) ਅਤੇ ਵਿਦਿਆਰਥੀਆਂ ਨੂੰ ਹੋਵੇਗਾ। ਇਸ ਨਾਲ ਨਾ ਸਿਰਫ਼ ਨੌਕਰੀਆਂ ਖ਼ਤਰੇ ਵਿੱਚ ਪੈ ਗਈਆਂ ਹਨ, ਸਗੋਂ ਪੂਰੀ ਭਾਰਤੀ ਡਾਇਸਪੋਰਾ ਵਿੱਚ ਡਰ ਪੈਦਾ ਹੋ ਗਿਆ ਹੈ।

ਇਹ ਨਿਯਮ ਟਰੰਪ ਪ੍ਰਸ਼ਾਸਨ ਦੇ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦਾ ਹਿੱਸਾ ਹੈ, ਜਿਸ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਐਚ-1ਬੀ ਵੀਜ਼ਾ ਫੀਸ ਨੂੰ 1 ਲੱਖ ਡਾਲਰ ਤੱਕ ਵਧਾ ਦਿੱਤਾ ਸੀ ਅਤੇ ਫਲੋਰੀਡਾ ਵਰਗੇ ਰਾਜਾਂ ਵਿੱਚ ਵੀ ਵਿਦੇਸ਼ੀ ਕਰਮਚਾਰੀਆਂ ਉੱਤੇ ਪਾਬੰਦੀਆਂ ਲਗਾਈਆਂ ਹਨ। ਭਾਰਤੀ ਆਈਟੀ ਪੇਸ਼ੇਵਰ, ਜੋ ਅਮਰੀਕੀ ਤਕਨੀਕੀ ਉਦਯੋਗ ਦਾ ਮੂਖ ਆਧਾਰ ਹਨ, ਹੁਣ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

ਯਾਦ ਰਹੇ ਕਿ ਬਾਈਡੇਨ ਪ੍ਰਸ਼ਾਸਨ ਦੇ ਸਮੇਂ ਵਿੱਚ, ਜੇਕਰ ਕੋਈ ਵਿਦੇਸ਼ੀ ਨਾਗਰਿਕ ਆਪਣੇ ਈਏਡੀ ਦੇ ਰੀਨਿਊਅਲ ਲਈ ਤਾਰੀਖ ਤੋਂ 180 ਦਿਨ ਪਹਿਲਾਂ ਅਪਲਾਈ ਕਰਦਾ ਸੀ, ਤਾਂ ਉਸ ਨੂੰ 540 ਦਿਨਾਂ ਤੱਕ ਅਟੋਮੈਟਿਕ ਐਕਸਟੈਂਸ਼ਨ ਮਿਲ ਜਾਂਦਾ ਸੀ। ਇਸ ਨਾਲ ਉਹ ਆਪਣੀ ਨੌਕਰੀ ਜਾਰੀ ਰੱਖ ਸਕਦੇ ਸਨ, ਭਾਵੇਂ ਉਹਨਾਂ ਦਾ ਪੁਰਾਣਾ ਕਾਰਡ ਖ਼ਤਮ ਹੋ ਗਿਆ ਹੋਵੇ। ਪਰ ਹੁਣ ਡੀਐਚਐਸ ਨੇ ਇੱਕ ਇੰਟਰਿਮ ਫਾਈਨਲ ਰੂਲ ਜਾਰੀ ਕੀਤਾ ਹੈ, ਜਿਸ ਅਧੀਨ 30 ਅਕਤੂਬਰ 2025 ਤੋਂ ਬਾਅਦ ਰੀਨਿਊਅਲ ਅਪਲਾਈ ਕਰਨ ਵਾਲਿਆਂ ਨੂੰ ਕੋਈ ਅਟੋਮੈਟਿਕ ਐਕਸਟੈਂਸ਼ਨ ਨਹੀਂ ਮਿਲੇਗਾ।




ਇਸ ਨਾਲ ਜੇਕਰ ਕਿਸੇ ਦਾ ਈਏਡੀ ਖ਼ਤਮ ਹੋ ਜਾਂਦਾ ਹੈ ਅਤੇ ਨਵਾਂ ਅਪਰੂਵ ਨਹੀਂ ਹੁੰਦਾ, ਤਾਂ ਉਸ ਨੂੰ ਉਸੇ ਦਿਨ ਤੋਂ ਨੌਕਰੀ ਛੱਡਣੀ ਪਵੇਗੀ। ਯੂ.ਐਸ.ਸੀ.ਆਈ.ਐਸ. (ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼) ਅਨੁਸਾਰ, ਰੀਨਿਊਅਲ ਪ੍ਰੋਸੈੱਸਿੰਗ 3 ਤੋਂ 12 ਮਹੀਨੇ ਲੈ ਸਕਦੀ ਹੈ, ਜਿਸ ਨਾਲ ਹਜ਼ਾਰਾਂ ਲੋਕ ਨੂੰ ਨੌਕਰੀ ਗੁਆਉਣ ਦਾ ਖ਼ਤਰਾ ਪੈਦਾ ਹੋ ਗਿਆ ਹੈ।

ਇਹ ਬਦਲਾਅ ਟਰੰਪ ਪ੍ਰਸ਼ਾਸਨ ਦੀ ਰਾਸ਼ਟਰੀ ਸੁਰੱਖਿਆ ਨਾਲ ਜੁੜੀ ਨੀਤੀ ਦਾ ਹਿੱਸਾ ਹੈ। ਯੂ.ਐਸ.ਸੀ.ਆਈ.ਐਸ. ਡਾਇਰੈਕਟਰ ਜੋਸਫ਼ ਐਡਲੋ ਨੇ ਬਿਆਨ ਵਿੱਚ ਕਿਹਾ: 'ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਹਰ ਵਿਦੇਸ਼ੀ ਕਰਮਚਾਰੀ ਦੀ ਸਹੀ ਜਾਂਚ ਹੋਵੇ। ਇਹ ਨਿਯਮ ਜੂਨ 2025 ਵਿੱਚ ਬੋਲਡਰ, ਕੋਲੋਰਾਡੋ ਵਾਲੀ ਘਟਨਾ ਤੋਂ ਬਾਅਦ ਲਿਆ ਗਿਆ, ਜਿੱਥੇ ਇੱਕ ਸ਼ੱਕੀ ਵਿਅਕਤੀ ਨੂੰ ਅਟੋਮੈਟਿਕ ਐਕਸਟੈਂਸ਼ਨ ਮਿਲ ਗਿਆ ਸੀ। ਪਰ ਇਸ ਨਾਲ ਭਾਰਤੀ ਪੇਸ਼ੇਵਰਾਂ ਉੱਤੇ ਵਿਸ਼ੇਸ਼ ਬੋਝ ਪਿਆ ਹੈ, ਜੋ ਪਹਿਲਾਂ ਹੀ ਗ੍ਰੀਨ ਕਾਰਡ ਲਈ 20 ਸਾਲਾਂ ਦਾ ਇੰਤਜ਼ਾਰ ਕਰ ਰਹੇ ਹਨ।

### ਭਾਰਤੀਆਂ ਉੱਤੇ ਪਵੇਗਾ ਡੂੰਘਾ ਪ੍ਰਭਾਵ

ਇਸ ਨਵੇਂ ਨਿਯਮ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੀਆਂ ਸ਼੍ਰੇਣੀਆਂ ਵਿੱਚ ਭਾਰਤੀ ਐਚ-1ਬੀ ਵੀਜ਼ਾ ਧਾਰਕ ਸ਼ਾਮਲ ਹਨ, ਜੋ ਅਮਰੀਕੀ ਟੈਕ ਉਦਯੋਗ ਵਿੱਚ 71 ਫ਼ੀਸਦੀ ਹਿੱਸਾ ਰੱਖਦੇ ਹਨ। ਉਹਨਾਂ ਦੀਆਂ ਪਤਨੀਆਂ, ਜੋ ਐਚ-4 ਵੀਜ਼ਾ ਉੱਤੇ ਈ.ਏ.ਡੀ. ਨਾਲ ਕੰਮ ਕਰਦੀਆਂ ਹਨ, ਵੀ ਇਸ ਤੋਂ ਪ੍ਰਭਾਵਿਤ ਹੋਣਗੀਆਂ। ਇਸ ਤੋਂ ਇਲਾਵਾ, ਐਸਟੀਐੱਮ (ਸਾਇੰਸ, ਟੈਕਨਾਲੋਜੀ, ਇੰਜੀਨੀਅਰਿੰਗ, ਮੈਥ) ਖੇਤਰ ਦੇ ਵਿਦਿਆਰਥੀ, ਜੋ ਓਪੀਟੀ (ਆਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ) ਉੱਤੇ 24 ਮਹੀਨੇ ਦੀ ਐਕਸਟੈਂਸ਼ਨ ਲੈ ਕੇ ਕੰਮ ਕਰਦੇ ਹਨ, ਨੂੰ ਵੀ ਨੁਕਸਾਨ ਹੋਵੇਗਾ। ਗ੍ਰੀਨ ਕਾਰਡ ਲਈ ਅਡਜਸਟਮੈਂਟ ਆਫ਼ ਸਟੇਟਸ (ਏਓਐੱਸ) ਅਪਲਾਈ ਕਰਨ ਵਾਲੇ ਵੀ ਇਸ ਜੰਜਾਲ ਵਿੱਚ ਫਸ ਜਾਣਗੇ।

ਭਾਰਤੀ ਲੋਕਾਂ ਉੱਤੇ ਇਸ ਦਾ ਅਸਰ ਵਿਸ਼ੇਸ਼ ਤੌਰ ਤੇ ਭਾਰੀ ਪਵੇਗਾ। ਅਮਰੀਕਾ ਵਿੱਚ ਲਗਭਗ 48 ਲੱਖ ਭਾਰਤੀ ਅਮਰੀਕੀ ਰਹਿੰਦੇ ਹਨ, ਜਿਹਨਾਂ ਵਿੱਚੋਂ ਬਹੁਤੇ ਟੈਕ, ਹੈਲਥਕੇਅਰ ਅਤੇ ਰਿਸਰਚ ਸੈਕਟਰ ਵਿੱਚ ਕੰਮ ਕਰਦੇ ਹਨ। ਇਹ ਨਿਯਮ ਹਜ਼ਾਰਾਂ ਨੌਕਰੀਆਂ ਖ਼ਤਮ ਕਰ ਸਕਦਾ ਹੈ, ਕਿਉਂਕਿ ਰੀਨਿਊਅਲ ਵਿੱਚ ਦੇਰੀ ਹੋਣ ਤੇ ਲੋਕਾਂ ਨੂੰ ਤੁਰੰਤ ਨੌਕਰੀ ਛੱਡਣੀ ਪਵੇਗੀ।

ਇਸ ਨਾਲ ਨਾ ਸਿਰਫ਼ ਨੌਕਰੀਆਂ ਖ਼ਤਰੇ ਵਿੱਚ ਹਨ, ਸਗੋਂ ਪਰਿਵਾਰਕ ਜੀਵਨ ਵੀ ਪ੍ਰਭਾਵਿਤ ਹੋਵੇਗਾ। ਭਾਰਤੀ ਵਿਦੇਸ਼ੀ ਕਰਮਚਾਰੀਆਂ ਨੂੰ ਸਭ ਤੋਂ ਲੰਮਾ ਗ੍ਰੀਨ ਕਾਰਡ ਇੰਤਜ਼ਾਰ ਕਰਨਾ ਪੈਂਦਾ ਹੈ, ਜੋ ਕਈ ਵਾਰ 20 ਸਾਲਾਂ ਤੋਂ ਵੱਧ ਹੁੰਦਾ ਹੈ। ਇਸ ਨਵੇਂ ਨਿਯਮ ਨੇ ਉਹਨਾਂ ਦੇ ਸੁਪਨਿਆਂ ਨੂੰ ਹੋਰ ਚੁਣੌਤੀ ਦਿੱਤੀ ਹੈ।

### ਕਿਨ੍ਹਾਂ ਨੂੰ ਮਿਲੇਗੀ ਛੋਟ ?

ਡੀ.ਐਚ.ਐਸ. ਨੇ ਕੁਝ ਸ਼੍ਰੇਣੀਆਂ ਨੂੰ ਛੋਟ ਦਿੱਤੀ ਹੈ, ਜਿਵੇਂ ਕਿ ਟੈਂਪਰੇਰੀ ਪ੍ਰੋਟੈਕਟਿਡ ਸਟੇਟਸ (ਟੀ.ਪੀ.ਐੱਸ.) ਵਾਲੇ ਨਾਗਰਿਕ ਅਤੇ ਫੈਡਰਲ ਰਜਿਸਟਰ ਨੋਟਿਸ ਅਧੀਨ ਵਾਲੇ। ਗ੍ਰੀਨ ਕਾਰਡ ਹੋਲਡਰਾਂ, ਐਚ-1ਬੀ ਪ੍ਰਿੰਸੀਪਲ ਵੀਜ਼ਾ ਧਾਰਕਾਂ ਅਤੇ ਐੱਲ-1 ਟ੍ਰਾਂਸਫਰੀ ਵੀਜ਼ਾ ਵਾਲਿਆਂ ਨੂੰ ਵੀ ਈਏਡੀ ਦੀ ਲੋੜ ਨਹੀਂ, ਇਸ ਲਈ ਉਹਨਾਂ ਉਪਰ ਅਸਰ ਨਹੀਂ ਪਵੇਗਾ। ਪਰ ਬਾਕੀਆਂ ਲਈ ਯੂ.ਐਸ.ਸੀ.ਆਈ.ਐਸ. ਨੇ ਸਲਾਹ ਦਿੱਤੀ ਹੈ ਕਿ ਈਏਡੀ ਖ਼ਤਮ ਹੋਣ ਤੋਂ 180 ਦਿਨ ਪਹਿਲਾਂ ਅਪਲਾਈ ਕਰੋ।

ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ, ਇਹ ਨਿਯਮ ਭਾਰਤੀਆਂ ਲਈ ਵਿਸ਼ੇਸ਼ ਚੁਣੌਤੀ ਹੈ ਕਿਉਂਕਿ ਭਾਰਤੀ ਐਚ-1ਬੀ ਅਪਲਾਈਕੇਸ਼ਨਾਂ ਦੀ ਗਿਣਤੀ ਸਭ ਤੋਂ ਵੱਧ ਹੈ।

### ਟਰੰਪ ਪ੍ਰਸ਼ਾਸਨ ਦਾ ਸਖ਼ਤ ਰੁਖ: ਫਲੋਰੀਡਾ ਵਾਲੀ ਪਾਬੰਦੀ ਅਤੇ ਵੀਜ਼ਾ ਫੀਸ ਵਧਾਓ

ਇਹ ਨਿਯਮ ਟਰੰਪ ਪ੍ਰਸ਼ਾਸਨ ਦੇ ਸਖ਼ਤ ਰੁਖ ਦਾ ਹਿੱਸਾ ਹੈ, ਜੋ ਵਿਦੇਸ਼ੀ ਕਰਮਚਾਰੀਆਂ ਨੂੰ ਘਟਾਉਣ ਲਈ ਲਗਾਤਾਰ ਕਦਮ ਚੁੱਕ ਰਿਹਾ ਹੈ। ਇਸ ਸਾਲ ਦੀ ਸ਼ੁਰੂਆਤ ਵਿੱਚ ਐਚ-1ਬੀ ਵੀਜ਼ਾ ਫੀਸ ਨੂੰ ਕੁਝ ਹਜ਼ਾਰ ਡਾਲਰ ਤੋਂ ਵਧਾ ਕੇ 1 ਲੱਖ ਡਾਲਰ ਕਰ ਦਿੱਤਾ ਗਿਆ, ਜਿਸ ਨਾਲ ਕੰਪਨੀਆਂ ਨੂੰ ਵਿਦੇਸ਼ੀ ਟੈਲੈਂਟ ਹਾਇਰ ਕਰਨ ਵਿੱਚ ਮੁਸ਼ਕਲ ਹੋ ਗਈ। ਨਿਊਯਾਰਕ ਟਾਈਮਜ਼ ਅਨੁਸਾਰ, ਇਹ ਫੀਸ ਨਵੇਂ ਅਪਲਾਈਕੇਸ਼ਨਾਂ ਲਈ ਹੈ ਅਤੇ ਪਹਿਲਾਂ ਹੀ ਅਮਰੀਕਾ ਵਿੱਚ ਰਹਿ ਰਹੇ ਵਿਅਕਤੀਆਂ ਲਈ ਨਹੀਂ ਲਾਗੂ ਹੁੰਦੀ, ਪਰ ਇਹ ਵੀ ਭਾਰਤੀ ਆਈਟੀ ਕੰਪਨੀਆਂ ਲਈ ਬੋਝ ਹੈ।

(ਬਾਕੀ ਸਫ਼ਾ 26 'ਤੇ)

## ਅਮਰੀਕਾ-ਭਾਰਤ ਸਬੰਧਾਂ 'ਤੇ ਬੁਰੇ ਪ੍ਰਭਾਵ ਪੈਣ ਦਾ ਦਿੱਤਾ ਹਵਾਲਾ



ਅਮਰੀਕੀ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਐਚ1-ਬੀ ਵੀਜ਼ਾ 'ਤੇ ਆਪਣੇ ਐਲਾਨ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ, ਜਿਸ 'ਚ 100,000 ਅਮਰੀਕੀ ਡਾਲਰ ਦੀ ਫੀਸ ਵੀ ਸ਼ਾਮਿਲ ਹੈ । ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤੀ ਨਾਗਰਿਕ ਆਈ.ਟੀ. ਅਤੇ ਏ.ਆਈ. ਵਿਚ ਅਮਰੀਕੀ ਲੀਡਰਸ਼ਿਪ ਲਈ ਅਹਿਮ ਹਨ ਅਤੇ ਪਾਬੰਦੀਆਂ ਅਮਰੀਕਾ-ਭਾਰਤ ਸੰਬੰਧਾਂ 'ਤੇ ਮਾੜਾ ਪ੍ਰਭਾਵ ਪਾਉਣਗੀਆਂ। ਅਮਰੀਕੀ ਪ੍ਰਤੀਨਿਧੀ ਜਿੰਮੀ ਪਨੇਟਾ ਨੇ ਕਾਂਗਰਸ ਦੇ ਮੈਂਬਰਾਂ ਐਮੀ ਬੇਰਾ, ਸਲੂਦ ਕਾਰਬਾਜਲ ਅਤੇ ਜੂਲੀ ਜੋਹਨਸਨ ਦੇ ਨਾਲ ਟਰੰਪ ਨੂੰ ਪੱਤਰ ਲਿਖਿਆ। ਸੰਸਦ ਮੈਂਬਰਾਂ ਨੇ ਟਰੰਪ ਦੇ ਐਚ1-ਬੀ ਵੀਜ਼ਾ ਪ੍ਰੋਗਰਾਮ 'ਤੇ ਕੁਝ ਗੈਰ-ਪ੍ਰਵਾਸੀ ਕਾਮਿਆਂ ਦੇ ਦਾਖ਼ਲੇ 'ਤੇ ਰੋਕ ਦੇ ਐਲਾਨ 'ਤੇ ਚਿੰਤਾ ਪ੍ਰਗਟ ਕੀਤੀ, ਜਿਸ ਵਿੱਚ ਹੋਰ ਪਾਬੰਦੀਆਂ ਦੇ ਨਾਲ ਨਵੀਆਂ ਅਰਜ਼ੀਆਂ 'ਤੇ 100,000 ਅਮਰੀਕੀ ਡਾਲਰ ਦੀ ਫੀਸ ਲਗਾਈ ਗਈ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਫ਼ੈਸਲੇ ਦੇ ਅਮਰੀਕਾ-ਭਾਰਤ ਸੰਬੰਧਾਂ 'ਤੇ ਸੰਭਾਵੀ ਪੈਣ ਵਾਲੇ ਬੁਰੇ ਪ੍ਰਭਾਵਾਂ ਦੇ ਮੱਦੇਨਜ਼ਰ 19 ਸਤੰਬਰ ਦੇ ਆਪਣੇ ਐਲਾਨ 'ਤੇ ਮੁੜ ਵਿਚਾਰ ਕਰਨ।

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ ਕਲਮਾਂ ਦੀ ਜ਼ੁਬਾਨੀ



# ਵਿਆਹ ਲਈ ਰਿਸ਼ਤੇ ਕਰਵਾਉਣਾ ਬਣਿਆ 'ਵੱਡਾ ਵਪਾਰ'

## ਵਿਚੋਲਿਆਂ ਦੀ ਥਾਂ ਮੈਰਿਜ ਬਿਊਰੋ ਅਤੇ ਆਨਲਾਈਨ ਰਿਸ਼ਤਾ ਕੰਪਨੀਆਂ ਨੇ ਸੰਭਾਲਿਆ ਬਾਜ਼ਾਰ


### ਕੁੜੀਆਂ ਲਈ 'ਮੁਫ਼ਤ ਰਜਿਸਟ੍ਰੇਸ਼ਨ' ਦਾ ਦਿੱਤਾ ਜਾਂਦਾ ਹੈ ਲਾਲਚ

### ਵਿਚੋਲੇ ਠੱਗ ਅਤੇ ਜਾਅਲੀ ਲਾੜੇ-ਲਾੜੀਆਂ ਵੀ ਹਨ ਸਰਗਰਮ

**ਜਗਮੋਹਨ ਸਿੰਘ 'ਲੱਕੀ'**

ਆਧੁਨਿਕ ਜਾਂਦੇ ਇਸ ਯੁੱਗ ਵਿੱਚ ਹੁਣ ਮਨੁੱਖੀ ਰਿਸ਼ਤੇ ਵੀ ਹਾਈਟੈਕ ਹੋ ਗਏ ਹਨ। ਮਨੁੱਖ ਦੀ ਜ਼ਿੰਦਗੀ ਵਿੱਚ ਸਭ ਤੋਂ ਮਹੱਤਵਪੂਰਨ ਮੌਕਾ ਉਸ ਦਾ ਵਿਆਹ ਹੁੰਦਾ ਹੈ। ਹੁਣ ਵਿਆਹ ਕਰਵਾਉਣਾ ਅਤੇ ਵਿਆਹ ਲਈ ਰਿਸ਼ਤੇ ਕਰਵਾਉਣਾ ਵੀ ਵੱਡਾ ਵਪਾਰ ਬਣ ਚੁੱਕਿਆ ਹੈ। ਪਹਿਲਾਂ ਵਿਚੋਲੇ ਅਕਸਰ ਆਮ ਲੋਕਾਂ ਦੇ ਨੌਜਵਾਨ ਧੀਆਂ ਪੁੱਤਰਾਂ ਦੇ ਵਿਆਹ ਕਰਵਾਉਂਦੇ ਸਨ, ਪਰ ਇਹ ਕੰਮ ਮੈਰਿਜ ਬਿਊਰੋ ਅਤੇ ਆਨਲਾਈਨ ਰਿਸ਼ਤਾ ਕੰਪਨੀਆਂ ਨੇ ਸਾਂਭ ਲਿਆ ਹੈ। ਜਿਨ੍ਹਾਂ ਵੱਲੋਂ ਵੱਖ ਵੱਖ ਕਿਸਮ ਅਤੇ ਹਰ ਧਰਮ ਤੇ ਜਾਤੀ ਦਾ ਰਿਸ਼ਤਾ ਕਰਵਾਉਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਬਦਲੇ ਵਿੱਚ ਮੋਟੀ ਫੀਸ ਵਸੂਲੀ ਜਾਂਦੀ ਹੈ।

ਮੈਰਿਜ ਬਿਊਰੋ ਅਤੇ ਆਨਲਾਈਨ ਰਿਸ਼ਤੇ ਕਰਵਾਉਣ ਵਾਲੀਆਂ ਕੰਪਨੀਆਂ ਨੇ ਆਪਣਾ ਜਾਲ ਹਰ ਸ਼ਹਿਰ ਅਤੇ ਹਰ ਇਲਾਕੇ ਤੱਕ ਫੈਲਾਇਆ ਹੋਇਆ ਹੈ। ਅਨੇਕਾਂ ਮੈਰਿਜ ਬਿਊਰੋ ਅਤੇ ਰਿਸ਼ਤਾ ਕੰਪਨੀਆਂ ਅਖ਼ਬਾਰਾਂ ਵਿੱਚ ਆਮ ਲੋਕਾਂ ਵੱਲੋਂ ਆਪਣੇ ਬੱਚਿਆਂ ਦੇ ਵਿਆਹ ਸ਼ਾਦੀ ਸਬੰਧੀ ਦਿੱਤੇ ਇਸ਼ਤਿਹਾਰਾਂ ਨੂੰ ਪੜ੍ਹ ਕੇ ਉਹਨਾਂ ਨਾਲ ਫੋਨ ਉੱਪਰ ਸੰਪਰਕ ਕਰਦੇ ਹਨ ਅਤੇ ਆਪਣੇ ਕੋਲ ਚੰਗੇ ਰਿਸ਼ਤੇ ਹੋਣ ਦਾ ਦਾਅਵਾ ਕਰਦੇ ਹਨ। ਇਹਨਾਂ ਮੈਰਿਜ ਬਿਊਰੋ ਅਤੇ ਰਿਸ਼ਤਾ ਕੰਪਨੀਆਂ ਵੱਲੋਂ ਲੜਕੀਆਂ ਦੀ ਮੁਫ਼ਤ ਰਜਿਸਟਰੇਸ਼ਨ ਕਰਵਾਉਣ ਦਾ ਲਾਲਚ ਵੀ ਦਿੱਤਾ ਜਾਂਦਾ ਹੈ, ਜਦੋਂ ਕਿ ਇਹ ਗੱਲ ਝੂਠ ਹੁੰਦੀ ਹੈ, ਕਿਉਂਕਿ ਜਦੋਂ ਕੁੜੀ ਵਾਲੇ ਇਹਨਾਂ ਮੈਰਿਜ ਬਿਊਰੋ ਜਾਂ ਰਿਸ਼ਤਾ ਕੰਪਨੀਆਂ 'ਤੇ ਭਰੋਸਾ ਕਰਕੇ ਮੁੰਡੇ ਵਾਲਿਆਂ ਨਾਲ ਗੱਲਬਾਤ ਕਰਨੀ ਚਾਹੁੰਦੇ ਹਨ ਤਾਂ ਇਹਨਾਂ ਮੈਰਿਜ ਬਿਊਰੋ ਅਤੇ ਰਿਸ਼ਤਾ ਕੰਪਨੀਆਂ ਦੇ ਸੰਚਾਲਕਾਂ ਵੱਲੋਂ ਕਿਹਾ ਜਾਂਦਾ ਹੈ ਕਿ ਪਹਿਲਾਂ ਉਹਨਾਂ ਦੀ ਫੀਸ ਜਮ੍ਹਾਂ ਕਰਵਾਓ ਉਸ ਤੋਂ ਬਾਅਦ ਹੀ ਮੁੰਡੇ ਵਾਲਿਆਂ ਦਾ ਸੰਪਰਕ ਨੰਬਰ ਦਿੱਤਾ ਜਾਵੇਗਾ। ਇਸ ਮੌਕੇ ਕੁੜੀ ਵਾਲੇ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਦੇ ਹਨ ਅਤੇ ਚੰਗੇ ਰਿਸ਼ਤੇ ਦੀ ਝਾਕ ਵਿੱਚ ਅਕਸਰ ਮੈਰਿਜ ਬਿਊਰੋ ਅਤੇ ਰਿਸ਼ਤਾ ਕੰਪਨੀਆਂ ਕੋਲ ਫੀਸ ਜਮ੍ਹਾਂ ਕਰਵਾ ਦਿੰਦੇ ਹਨ। ਇਹ ਫੀਸ ਵੀ ਹਜ਼ਾਰਾਂ ਰੁਪਏ ਵਿੱਚ ਹੁੰਦੀ ਹੈ। ਮੈਰਿਜ ਬਿਊਰੋ ਅਤੇ ਰਿਸ਼ਤਾ ਕੰਪਨੀਆਂ ਵਾਲੇ ਮੁੰਡੇ ਵਾਲਿਆਂ ਤੋਂ ਤਾਂ ਪਹਿਲਾਂ ਹੀ ਫੀਸ ਦੇ ਨਾਂਅ 'ਤੇ ਮੋਟੀ ਰਕਮ ਵਸੂਲ ਕਰ ਲੈਂਦੇ ਹਨ।




ਇਸ ਤਰ੍ਹਾਂ ਕੀਤੇ ਗਏ ਰਿਸ਼ਤਿਆਂ ਵਿਚੋਂ ਕਈ ਰਿਸ਼ਤੇ ਨਿਭ ਵੀ ਜਾਂਦੇ ਹਨ ਅਤੇ ਕਈ ਵਾਰ ਧੋਖਾ ਵੀ ਹੋ ਜਾਂਦਾ ਹੈ। ਇਸ ਤੋਂ ਇਲਾਵਾ ਠੱਗ ਵਿਚੋਲੇ ਅਤੇ ਠੱਗ ਲਾੜੇ ਲਾੜੀਆਂ ਵੀ ਸਰਗਰਮ ਹਨ। ਜੋ ਕਿ ਆਪਣਾ ਜਾਲ ਬਹੁਤ ਸਾਵਧਾਨੀ ਨਾਲ ਫੈਲਾਉਂਦੇ ਹਨ। ਅਜਿਹੇ ਲੋਕਾਂ ਵਿੱਚ ਸੁੰਦਰ ਲੜਕੀਆਂ ਅਕਸਰ ਠੱਗ ਲਾੜੀਆਂ ਨਿਕਲ ਜਾਂਦੀਆਂ ਹਨ ਜੋ ਕਿ ਭੋਲੀ ਭਾਲੀ ਸੂਰਤ ਬਣਾ ਕੇ ਕਿਸੇ ਦੀ ਦੁਲਹਨ ਬਣ ਜਾਂਦੀਆਂ ਹਨ ਅਤੇ ਵਿਆਹ ਤੋਂ ਬਾਅਦ ਮੌਕਾ ਮਿਲਣ 'ਤੇ ਸੋਨੇ ਦੇ ਗਹਿਣੇ ਅਤੇ ਪੈਸੇ ਲੈ ਕੇ ਫਰਾਰ ਹੋ ਜਾਂਦੀਆਂ ਹਨ। ਉਸ ਤੋਂ ਬਾਅਦ ਨਾ ਤਾਂ ਠੱਗ ਲਾੜੀ ਲੱਭਦੀ ਹੈ, ਨਾ ਉਸ ਦਾ ਪਰਿਵਾਰ ਤੇ ਨਾਲ ਰਿਸ਼ਤਾ ਕਰਵਾਉਣ ਵਾਲਾ ਵਿਚੋਲਾ ਲੱਭਦਾ ਹੈ। ਇਸ ਤੋਂ ਇਲਾਵਾ ਜੇ ਵਿਚੋਲਾ ਲੱਭ ਵੀ ਪਵੇ ਤਾਂ ਉਹ ਇਹ ਕਹਿ ਕੇ ਪੱਲਾ ਝਾੜ ਲੈਂਦਾ ਹੈ ਕਿ ਉਸ ਨੂੰ ਵੀ ਪਤਾ ਨਹੀਂ ਸੀ ਕਿ ਲਾੜੀ ਅਤੇ ਉਸ ਦਾ ਪਰਿਵਾਰ ਠੱਗ ਨਿਕਲ ਜਾਣਗੇ। ਅਜਿਹੀਆਂ ਠੱਗ ਲਾੜੀਆਂ ਵੱਲੋਂ ਅਕਸਰ ਆਪਣੇ ਮਾਂ ਬਾਪ ਵੀ ਨਕਲੀ ਹੀ ਬਣਾਏ ਹੁੰਦੇ ਹਨ ਅਤੇ ਹੋਰ ਰਿਸ਼ਤੇਦਾਰ ਵੀ ਨਕਲੀ ਹੀ ਹੁੰਦੇ ਹਨ ਪਰ ਸਭ ਕੁਝ ਅਸਲੀ ਪਰਿਵਾਰਾਂ ਵਾਂਗੂੰ ਕੀਤਾ ਜਾਂਦਾ ਹੈ। ਜਿਸ ਕਰਕੇ ਕਿਸੇ ਨੂੰ ਵੀ ਇਹਨਾਂ ਦੀ ਠੱਗੀ ਦੀ ਭਿਣਕ ਨਹੀਂ ਪੈਂਦੀ ਅਤੇ ਇਹ ਠੱਗ ਲਾੜੀਆਂ ਸੁਹਾਗ-ਰਾਤ ਵਾਲੀ ਰਾਤ ਨੂੰ ਹੀ ਮੌਕਾ ਮਿਲਣ 'ਤੇ ਕੀਮਤੀ ਸਮਾਨ ਸਮੇਤ ਫਰਾਰ ਹੋ ਜਾਂਦੀਆਂ ਹਨ।



ਇਸ ਤੋਂ ਇਲਾਵਾ ਠੱਗ ਲਾੜੀਆਂ ਵੱਲੋਂ ਕੈਨੇਡਾ ਜਾਣ ਦੇ ਨਾਂਅ ਤੇ ਵੀ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਨਾਲ ਠੱਗੀਆਂ ਮਾਰੀਆਂ ਜਾਂਦੀਆਂ ਹਨ। ਅਕਸਰ ਲੋਕ ਗਰੀਬ ਘਰ ਦੀਆਂ ਪਰ ਆਈਲੈਟਸ ਪਾਸ ਲੜਕੀਆਂ ਨੂੰ ਆਪਣੇ ਮੁੰਡਿਆਂ ਨਾਲ ਵਿਆਹ ਕੇ ਆਪਣੇ ਖਰਚੇ 'ਤੇ ਕੈਨੇਡਾ ਭੇਜ ਦਿੰਦੇ ਹਨ। ਇਸ ਮੌਕੇ ਲਾੜੀ ਅਤੇ ਉਸ ਦੇ ਪਰਿਵਾਰ ਵੱਲੋਂ ਲਾੜੇ ਦੇ ਪਰਿਵਾਰ ਨਾਲ ਵਾਅਦਾ ਕੀਤਾ ਜਾਂਦਾ ਹੈ ਕਿ ਉਹ ਕੈਨੇਡਾ ਪਹੁੰਚ ਕੇ ਤੁਰੰਤ ਹੀ ਆਪਣੇ ਪਤੀ ਨੂੰ ਕੈਨੇਡਾ ਬੁਲਾ ਲਵੇਗੀ ਜਾਂ ਇਸ ਸਬੰਧੀ ਕਾਗਜ਼ੀ ਕਾਰਵਾਈ ਸ਼ੁਰੂ ਕਰ ਦੇਵੇਗੀ ਪਰ ਵੱਡੀ ਗਿਣਤੀ ਮਾਮਲਿਆਂ ਵਿੱਚ ਇਹ ਵੇਖਣ ਵਿੱਚ ਆਇਆ ਹੈ ਕਿ ਇਹ ਲਾੜੀਆਂ ਕੈਨੇਡਾ ਜਾ ਕੇ ਕੁਝ ਚਿਰ ਤਾਂ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਦੇ ਸੰਪਰਕ ਵਿੱਚ ਰਹਿੰਦੀਆਂ ਹਨ ਅਤੇ ਬਾਅਦ ਵਿੱਚ ਇਹ ਆਪਣੇ ਪਤੀ ਦਾ ਫੋਨ ਚੁੱਕਣ ਤੋਂ ਵੀ ਇਨਕਾਰੀ ਹੋ ਜਾਂਦੀਆਂ ਹਨ ਅਤੇ ਕੈਨੇਡਾ ਵਿੱਚ ਗਾਇਬ ਹੋ ਜਾਂਦੀਆਂ ਹਨ ਅਤੇ ਆਪਣੇ ਪੰਜਾਬ ਰਹਿੰਦੇ ਪਤੀ ਨੂੰ ਕੈਨੇਡਾ ਬੁਲਾਉਣ ਤੋਂ ਸਪਸ਼ਟ ਇਨਕਾਰ ਕਰ ਦਿੰਦੀਆਂ ਹਨ। ਇਸ ਤਰ੍ਹਾਂ ਦੀ ਠੱਗੀ ਦੇ ਅਨੇਕਾਂ ਮਾਮਲੇ ਪੰਜਾਬ ਵਿੱਚ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੇ ਹਨ ਅਤੇ ਦਿਨੋਂ ਦਿਨ ਅਜਿਹੇ ਠੱਗੀ ਦੇ ਮਾਮਲਿਆਂ ਵਿੱਚ ਵਾਧਾ ਹੋ ਰਿਹਾ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਬਾਅਦ ਵਿੱਚ ਠੱਗ ਲਾੜੀਆਂ ਨੂੰ ਕੈਨੇਡਾ ਭੇਜਣ ਵਾਲੇ ਲਾੜੇ ਅਤੇ ਉਸ ਦੇ ਪਰਿਵਾਰ ਕੋਲ ਸਿਵਾਏ ਪਛਤਾਉਣ ਦੇ ਕੁਝ ਨਹੀਂ ਰਹਿੰਦਾ। ਭਾਵੇਂ ਕਿ ਅਜਿਹੇ ਮਾਮਲਿਆਂ ਵਿੱਚ ਪੁਲਿਸ ਕੋਲ ਰਿਪੋਰਟਾਂ ਵੀ ਦਰਜ਼ ਕਰਵਾਈਆਂ ਜਾਂਦੀਆਂ ਹਨ ਪਰ ਕੈਨੇਡਾ ਵਿੱਚ ਰਹਿੰਦੀਆਂ ਹੋਣ ਕਾਰਨ ਠੱਗ ਲਾੜੀਆਂ ਅਕਸਰ ਕਾਰਵਾਈ ਤੋਂ ਬੱਚ ਜਾਂਦੀਆਂ ਹਨ। ਜਿਹੜੇ ਨੌਜਵਾਨਾਂ ਨਾਲ ਕੈਨੇਡਾ ਦੇ ਨਾਂਅ 'ਤੇ ਉਹਨਾਂ ਦੀਆਂ ਪਤਨੀਆਂ ਵੱਲੋਂ ਇਸ ਤਰ੍ਹਾਂ ਦੀ ਠੱਗੀ ਮਾਰੀ ਜਾਂਦੀ ਹੈ, ਉਹਨਾਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਤਬਾਹ ਹੋ ਜਾਂਦੀ ਹੈ ਅਤੇ ਉਹ ਨਾ ਘਰ ਦੇ ਰਹਿੰਦੇ ਹਨ ਤੇ ਨਾ ਹੀ ਘਾਟ ਦੇ। ਕਈ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਵੱਲੋਂ ਤਾਂ ਆਪਣੀ ਜ਼ਮੀਨ ਵੇਚ ਕੇ ਜਾਂ ਕਰਜ਼ਾ ਲੈ ਕੇ ਆਪਣੀ ਨੂੰਹ ਨੂੰ ਕੈਨੇਡਾ ਭੇਜਿਆ ਹੁੰਦਾ ਹੈ। ਇਹਨਾਂ ਦੀ ਨੂੰਹ ਕੈਨੇਡਾ ਜਾ ਕੇ ਇਹਨਾਂ ਦੇ ਪੁੱਤਰ ਨੂੰ ਬੁਲਾਉਣ ਤੋਂ ਇਨਕਾਰ ਕਰ ਦਿੰਦੀ ਹੈ ਅਤੇ ਕਰਜ਼ਾ ਦੇਣ ਵਾਲੇ ਕਰਜ਼ੇ ਦੀਆਂ ਕਿਸ਼ਤਾਂ ਲੈਣ ਲਈ ਇਹਨਾਂ ਦੇ ਘਰ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੰਦੇ ਹਨ।

ਦੂਜੇ ਪਾਸੇ ਆਈਲੈਟਸ ਪਾਸ ਲੜਕੀਆਂ ਨੂੰ ਵਿਆਹ ਤੋਂ ਆਪਣੇ ਖਰਚੇ 'ਤੇ ਕੈਨੇਡਾ ਭੇਜਣ ਵਾਲੇ ਅਨੇਕਾਂ ਲੋਕ ਖੁਸ਼ਕਿਸਮਤ ਵੀ ਰਹਿੰਦੇ ਹਨ ਅਤੇ ਉਹਨਾਂ ਦੀ ਨੂੰਹ ਕੈਨੇਡਾ ਜਾ ਕੇ ਉਹਨਾਂ ਦੇ ਪੁੱਤਰ ਨੂੰ ਵੀ ਕੈਨੇਡਾ ਬੁਲਾ ਲੈਂਦੀ ਹੈ। ਕਹਿਣ ਦਾ ਭਾਵ ਹੈ ਕਿ ਦੋਵੇਂ ਕਿਸਮਾਂ ਦੇ ਮਾਮਲੇ ਸਾਹਮਣੇ ਆ ਰਹੇ ਹਨ। ਜਿਸ ਨਾਲ ਸਮਾਜ ਵਿੱਚ ਆ ਰਹੇ ਬਦਲਾਓ ਦਾ ਪਤਾ ਚੱਲਦਾ ਹੈ।

ਗੱਲ ਚਲ ਰਹੀ ਸੀ ਮਨੁੱਖੀ ਰਿਸ਼ਤਿਆਂ ਦੇ ਹਾਈਟੈਕ ਹੋਣ ਦੀ ਤਾਂ ਇਹ ਅਸਲੀਅਤ ਹੈ ਕਿ ਹੁਣ ਵਿਆਹ ਸ਼ਾਦੀਆਂ ਕਰਵਾਉਣੇ ਵੱਡਾ ਵਪਾਰ ਬਣ ਗਿਆ ਹੈ ਅਤੇ ਦਿਨੋਂ ਦਿਨ ਇਸ ਵਪਾਰ ਵਿੱਚ ਵਾਧਾ ਹੋ ਰਿਹਾ ਹੈ।



**ਵੱਡੀ ਗਿਣਤੀ ਜਾਤਾਂ ਅਤੇ ਗੋਤਾਂ ਦੀਆਂ ਸੰਸਥਾਵਾਂ ਵੱਲੋਂ ਵੀ ਆਪਣੀ ਜਾਤੀ ਵਿੱਚ ਹੀ ਰਿਸ਼ਤੇ ਕਰਵਾਉਣ ਦਾ ਕੰਮ ਕੀਤਾ ਜਾਂਦਾ ਹੈ। ਇਹਨਾਂ ਸੰਸਥਾਵਾਂ ਦੇ ਪ੍ਰਬੰਧਕਾਂ ਵੱਲੋਂ ਵੀ ਰਿਸ਼ਤੇ ਕਰਵਾਉਣ ਲਈ ਫੀਸ ਲਈ ਜਾਂਦੀ ਹੈ। ਜਿਹੜੇ ਲੋਕਾਂ ਨੇ ਆਪਣੀ ਜਾਤ ਬਰਾਦਰੀ ਵਿੱਚ ਹੀ ਰਿਸ਼ਤਾ ਕਰਨਾ ਹੁੰਦਾ ਹੈ, ਉਹ ਇਹਨਾਂ ਜਾਤ ਬਰਾਦਰੀ ਵਾਲੀਆਂ ਸੰਸਥਾਵਾਂ ਦੇ ਪ੍ਰਬੰਧਕਾਂ ਨਾਲ ਸੰਪਰਕ ਕਰ ਲੈਂਦੇ ਹਨ।**

### ਉੱਚ ਸਿੱਖਿਆ ਪ੍ਰਾਪਤ ਲੜਕੀਆਂ ਦੇ ਵਿਆਹ ਵਿੱਚ ਆ ਜਾਂਦੀ ਹੈ ਮੁਸ਼ਕਿਲ



ਅੱਜ-ਕੱਲ੍ਹ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਹਰ ਜਾਤ ਅਤੇ ਬਰਾਦਰੀ ਦੀਆਂ ਕੁੜੀਆਂ ਬਹੁਤ ਪੜ੍ਹ ਲਿਖ ਰਹੀਆਂ ਹਨ ਪਰ ਉਹਨਾਂ ਦੇ ਬਰਾਬਰ ਦੀ ਪੜ੍ਹਾਈ ਕੀਤੇ ਮੁੰਡੇ ਮਿਲਣੇ ਮੁਸ਼ਕਿਲ ਹੋ ਰਹੇ ਹਨ। ਇਸ ਲਈ ਇਹਨਾਂ ਲੜਕੀਆਂ ਨੂੰ ਆਪਣੀ ਜਾਤ ਬਰਾਦਰੀ ਤੋਂ ਬਾਹਰ ਆਪਣੇ ਵਰਗੇ ਉੱਚ ਪੜ੍ਹਾਈ ਕੀਤੇ ਮੁੰਡੇ ਨਾਲ ਵਿਆਹ ਕਰਵਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਅਕਸਰ ਉੱਚ ਸਿੱਖਿਆ ਪ੍ਰਾਪਤ ਲੜਕੀਆਂ ਦੇ ਵਿਆਹਾਂ ਵਿੱਚ ਇਸੇ ਕਾਰਨ ਮੁਸ਼ਕਿਲ ਆ ਜਾਂਦੀ ਹੈ ਕਿਉਂਕਿ ਉਹਨਾਂ ਵਰਗੀ ਉੱਚ ਸਿੱਖਿਆ ਪ੍ਰਾਪਤ ਮੁੰਡੇ ਘੱਟ ਮਿਲਦੇ ਹਨ।

### ਮੈਰਿਜ ਬਿਊਰੋ ਤੇ ਰਿਸ਼ਤਾ ਕੰਪਨੀਆਂ 'ਤੇ ਵਧੀ ਨਿਰਭਰਤਾ

ਪਹਿਲਾਂ ਲੋਕ ਅਕਸਰ ਆਪਣੇ ਰਿਸ਼ਤੇਦਾਰਾਂ ਅਤੇ ਜਾਣ ਪਹਿਚਾਣ ਵਾਲਿਆਂ ਦੇ ਬੱਚਿਆਂ ਦੇ ਵਿਆਹ ਸ਼ਾਦੀਆਂ ਅਤੇ ਹੋਰ ਸਮਾਗਮਾਂ ਮੌਕੇ ਹੀ ਆਪਣੇ ਧੀ ਪੁੱਤਰ ਲਈ ਉਥੇ ਮੌਜੂਦ ਰਿਸ਼ਤੇਦਾਰਾਂ ਅਤੇ ਹੋਰ ਲੋਕਾਂ ਦੇ ਬੱਚਿਆਂ ਵਿਚੋਂ ਯੋਗ ਵਰ ਜਾਂ ਵਧੂ ਦੀ ਤਲਾਸ਼ ਕਰ ਲੈਂਦੇ ਸਨ ਪਰ ਹੁਣ ਅਜਿਹਾ ਰੁਝਾਨ ਘੱਟ ਰਿਹਾ ਹੈ ਅਤੇ ਲੋਕ ਮੈਰਿਜ ਬਿਊਰੋ ਅਤੇ ਰਿਸ਼ਤਾ ਕੰਪਨੀਆਂ 'ਤੇ ਵਧੇਰੇ ਨਿਰਭਰ ਹੋ ਗਏ ਹਨ। ਜਿਸ ਕਾਰਨ ਮੈਰਿਜ ਬਿਊਰੋ ਅਤੇ ਰਿਸ਼ਤਾ ਕੰਪਨੀਆਂ ਦਾ ਵਪਾਰ ਦਿਨੋਂ ਦਿਨ ਵੱਧ ਫੁੱਲ ਰਿਹਾ ਹੈ।

# ਪੰਜਾਬ ਯੂਨੀਵਰਸਿਟੀ: ਕੇਂਦਰ ਵੱਲੋਂ ਸੈਨੇਟ ਅਤੇ ਸਿੰਡੀਕੇਟ ਦੇ ਤੁਰੰਤ ਪੁਨਰਗਠਨ ਲਾਗੂ ਕਰਨ 'ਤੇ ਰੋਕ



ਚੰਡੀਗੜ੍ਹ : ਪੰਜਾਬ ਵਿਚ ਭਾਰੀ ਵਿਰੋਧ ਤੋਂ ਬਾਅਦ ਕੇਂਦਰ ਨੇ ਪੰਜਾਬ ਯੂਨੀਵਰਸਿਟੀ ਸੈਨੇਟ ਭੰਗ ਕਰਨ ਦਾ ਆਪਣਾ ਫੈਸਲਾ ਵਾਪਸ ਲੈ ਲਿਆ ਹੈ। ਇਸ ਸਬੰਧੀ ਪਹਿਲਾਂ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਵੀ ਰੱਦ ਕਰ ਦਿੱਤਾ ਗਿਆ ਹੈ। ਕਈ ਦਿਨਾਂ ਤੋਂ ਸਟੂਡੈਂਟ ਯੂਨੀਅਨਾਂ ਤੇ ਕਈ ਨੇਤਾ ਕੇਂਦਰ ਦੇ ਇਸ ਫੈਸਲੇ ਦਾ ਵਿਰੋਧ ਕਰ ਰਹੇ ਸਨ।

**ਭਲਕੇ ਐਫੀਡੇਵਿਟ ਦਾ ਫੈਸਲਾ ਲਿਆ ਸੀ ਵਾਪਸ**

ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਪ੍ਰਬੰਧਨ ਨੇ ਐਫੀਡੇਵਿਟ ਜਮ੍ਹਾ ਕਰਨ ਦਾ ਆਪਣਾ ਫੈਸਲਾ ਵਾਪਸ ਲੈ ਲਿਆ ਸੀ। ਇਸ ਖਰੜੇ ਅਨੁਸਾਰ, ਯੂਨੀਵਰਸਿਟੀ ਪ੍ਰਸ਼ਾਸਨ ਅਗਲੀ ਸੁਣਵਾਈ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਇਸ ਮਾਮਲੇ ਬਾਰੇ ਸੂਚਿਤ ਕਰੇਗਾ। ਇਸ ਤੋਂ ਇਲਾਵਾ, ਅਦਾਲਤ ਵਿੱਚ ਪਟੀਸ਼ਨ ਦਾਇਰ ਕਰਨ ਵਾਲੇ ਅਰਚਿਤ ਗਰਗ ਆਪਣੀ ਪਟੀਸ਼ਨ ਵਾਪਸ ਲੈ ਲੈਣਗੇ।

ਇਸ ਮਾਮਲੇ ਸਬੰਧੀ ਵਿਦਿਆਰਥੀਆਂ ਦੁਆਰਾ ਬਣਾਏ ਗਏ ਐਫੀਡੈਵਿਟ ਵਿਰੋਧੀ ਮੋਰਚੇ ਦੇ ਮੈਂਬਰਾਂ ਨਾਲ ਇੱਕ ਮੀਟਿੰਗ ਕੀਤੀ ਗਈ। ਮੰਗਾਂ ਨੂੰ ਸਵੀਕਾਰ ਕਰਨ ਵਾਲਾ ਇੱਕ ਖਰੜਾ ਵੀ ਤਿਆਰ ਕੀਤਾ ਗਿਆ ਸੀ, ਪਰ ਇਸ 'ਤੇ ਰਜਿਸਟਰਾਰ ਦੁਆਰਾ ਦਸਤਖਤ ਨਹੀਂ ਕੀਤੇ ਗਏ ਸਨ।

ਦੱਸ ਦਈਏ ਕਿ ਪੰਜਾਬ ਸਰਕਾਰ ਨੇ ਅੱਜ ਐਲਾਨ ਕੀਤਾ ਸੀ ਕਿ ਉਹ ਜਲਦੀ ਹੀ ਹਾਈਕੋਰਟ ਜਾਵੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਕਸ ਹੈਂਡਲ ਉੱਤੇ ਪੋਸਟ ਕਰ ਕੇ ਕਿਹਾ ਸੀ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਤੇ ਸਿੰਡੀਕੇਟ ਨੂੰ ਗੈਰ-ਸੰਵਿਧਾਨਿਕ ਰੂਪ ਨਾਲ ਭੰਗ ਕਰਨ ਤੇ ਨੋਟੀਫਿਕੇਸ਼ਨ ਜਾਰੀ ਕਰਨ ਦੇ ਖਿਲਾਫ ਪੰਜਾਬ ਸਰਕਾਰ ਹਾਈ ਕੋਰਟ ਜਾਵੇਗੀ।

**ਪੀਯੂ 'ਚ ਸਟੂਡੈਂਟ ਕਰ ਰਹੇ ਸਨ ਵਿਰੋਧ**

ਪੀਯੂ ਵਿਚ ਸੈਨੇਟ ਤੇ ਸਿੰਡੀਕੇਟ ਭੰਗ ਕਰਨ ਦੇ ਖਿਲਾਫ ਯੂਨੀਵਰਸਿਟੀ ਬਚਾਓ ਮੋਰਚਾ ਬਣਾਇਆ ਗਿਆ ਸੀ। ਇਸ ਵਿਚ ਵੱਖ-ਵੱਖ ਵਿਦਿਆਰਥੀ ਯੂਨੀਅਨਾਂ ਦੇ ਨੇਤਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ। ਪੰਜਾਬ ਯੂਨੀਵਰਸਿਟੀ ਵਿਚ ਵਾਈਸ ਚਾਂਸਲਰ ਦਫਤਰ ਦੇ ਸਾਹਮਣੇ ਲਗਾਤਾਰ ਧਰਨਾ ਪ੍ਰਦਰਸ਼ਨ ਚੱਲ ਰਿਹਾ ਸੀ। ਮੋਰਚੇ ਵੱਲੋਂ 10 ਨਵੰਬਰ ਨੂੰ ਯੂਨੀਵਰਸਿਟੀ ਬੰਦ ਕਰਨ ਦਾ ਐਲਾਨ ਕੀਤਾ ਸੀ।

## ਕੇਂਦਰ ਪੰਜਾਬ 'ਵਰਸਿਟੀ ਬਾਰੇ ਹੁਕਮ ਪੂਰੀ ਤਰ੍ਹਾਂ ਵਾਪਸ ਲਵੇ : ਮਾਨ

### ਕੇਂਦਰੀ ਪੱਤਰ ਸੰਘਰਸ਼ ਤੋਂ ਲੀਹ ਤੋਂ ਲਾਹੁਣ ਵਾਲਾ ਕਰਾਰ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਅੱਜ ਪੰਜਾਬ 'ਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਦੇ ਪੁਨਰਗਠਨ ਨੂੰ ਲਾਗੂ ਕੀਤੇ ਜਾਣ 'ਤੇ ਲਗਾਈ ਰੋਕ ਦੇ ਸੰਦਰਭ 'ਚ ਕਿਹਾ ਕਿ ਜਦੋਂ ਤੱਕ ਕੇਂਦਰ ਪੰਜਾਬ 'ਵਰਸਿਟੀ ਬਾਰੇ ਹੁਕਮ ਪੂਰੀ ਤਰ੍ਹਾਂ ਵਾਪਸ ਨਹੀਂ ਲੈਂਦੀ, ਪੰਜਾਬੀ ਉਸ ਸਮੇਂ ਤੱਕ ਪਿਛਾਂਹ ਨਹੀਂ ਹਟਣਗੇ। ਮਾਨ ਨੇ ਕੇਂਦਰੀ ਪੱਤਰ ਬਾਰੇ ਕਿਹਾ ਕਿ ਸ਼ਬਦਾਂ ਦਾ ਹੇਰ ਫੇਰ ਕਰਕੇ ਸੰਘਰਸ਼ ਤੋਂ ਭਟਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਕੇਂਦਰ ਅਜਿਹੀਆਂ ਹੋਛੀਆਂ ਹਰਕਤਾਂ ਕਰਕੇ ਲੋਕਾਂ ਨੂੰ ਮੂਰਖ ਬਣਾਉਣ ਤੋਂ ਬਾਜ਼ ਆਵੇ। ਉਨ੍ਹਾਂ ਕਿਹਾ ਕਿ ਕੇਂਦਰ ਦੇ ਸ਼ੱਕੀ ਕਿਰਦਾਰ ਤੋਂ ਪੰਜਾਬੀ ਜਾਣੂ ਹਨ ਅਤੇ ਉਹ ਇਸ ਮਾਮਲੇ 'ਤੇ ਸੰਘਰਸ਼ ਤੋਂ ਭਟਕਣਗੇ ਨਹੀਂ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ 'ਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਗ਼ੈਰਕਾਨੂੰਨੀ ਢੰਗ ਨਾਲ ਭੰਗ ਕੀਤੇ ਜਾਣ ਦੇ ਕੇਂਦਰੀ ਫ਼ੈਸਲੇ ਖ਼ਿਲਾਫ਼ ਹਰ ਪੱਧਰ 'ਤੇ ਕਾਨੂੰਨੀ ਲੜਾਈ ਲੜੇਗੀ ਅਤੇ ਇਸ ਲੜਾਈ 'ਚ ਉੱਘੇ ਕਾਨੂੰਨਦਾਨਾਂ ਨੂੰ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਵਰਸਿਟੀ ਦੀ ਖ਼ੁਦਮੁਖ਼ਤਿਆਰੀ 'ਤੇ ਸਿੱਧਾ ਹਮਲਾ ਕੀਤਾ ਹੈ ਅਤੇ ਕੇਂਦਰ ਨੇ ਨਿਯਮਾਂ ਦੀ ਅਣਦੇਖੀ ਕਰਕੇ ਇਹ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਪੰਜਾਬ ਖ਼ਿਲਾਫ਼ ਚੁੱਕੇ ਜਾ ਕਦਮਾਂ ਚੋਂ ਹੀ ਪੰਜਾਬ ਵਰਸਿਟੀ ਦਾ ਮਾਮਲਾ ਵੀ ਇੱਕ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ 'ਤੇ ਪੰਜਾਬ ਯੂਨੀਵਰਸਿਟੀ ਦੇ ਕੰਮਕਾਜ ਵਿੱਚ ਆਪਣੇ ਹਿੱਸੇ, ਅਧਿਕਾਰਾਂ ਜਾਂ ਭਾਗੀਦਾਰੀ ਨੂੰ ਕਿਸੇ ਵੀ ਢੰਗ ਨਾਲ ਘਟਾਉਣ ਦੀ ਇਜਾਜ਼ਤ ਕੇਂਦਰ ਸਰਕਾਰ ਨੂੰ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਦੇ ਅਜਿਹੇ ਮਨਮਾਨੇ ਫ਼ੈਸਲਿਆਂ ਖ਼ਿਲਾਫ਼ ਪੰਜਾਬ ਸਰਕਾਰ ਪੂਰੀ ਤਰ੍ਹਾਂ ਲੋਕਾਂ ਨਾਲ ਖੜੀ ਹੈ।

## ਪੰਜਾਬੀ ਗਾਇਕ ਸਤਿੰਦਰ ਸਰਤਾਜ ਦੇ ਨਾਂ ਤੇ ਬਣੇਗੀ ਸੜਕ, ਪੰਜਾਬ ਸਰਕਾਰ ਨੇ ਜਾਰੀ ਕੀਤੀ ਨੋਟੀਫਿਕੇਸ਼ਨ

ਹੁਸ਼ਿਆਰਪੁਰ : ਪੰਜਾਬ ਸਰਕਾਰ ਦੇ ਪਬਲਿਕ ਵਰਕਸ ਵਿਭਾਗ ਵੱਲੋਂ ਪ੍ਰਸਿੱਧ ਗਾਇਕ ਤੇ ਕਲਾਕਾਰ ਡਾ. ਸਤਿੰਦਰ ਸਰਤਾਜ ਦੇ ਸਨਮਾਨ 'ਚ ਇੱਕ ਮਹੱਤਵਪੂਰਣ ਕਦਮ ਚੁੱਕਦਿਆਂ ਰੋਡ ਦਾ ਨਾਮ ਡਾ. ਸਤਿੰਦਰ ਸਰਤਾਜ ਦੇ ਨਾਮ 'ਤੇ ਰੱਖਿਆ ਜਾ ਰਿਹਾ ਹੈ। ਇਸ ਸੜਕ ਦਾ ਉਦਘਾਟਨ ਸਮਾਰੋਹ 10 ਨਵੰਬਰ 2025 (ਸੋਮਵਾਰ) ਨੂੰ ਸਵੇਰੇ 11 ਵਜੇ ਤੋਂ ਦਾਣਾ ਮੰਡੀ, ਚੱਬੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਵੇਗਾ।

ਇਹ ਸਮਾਰੋਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਸਮਾਰੋਹ ਵਿਚ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਮੰਤਰੀ ਹਰਜੋਤ ਸਿੰਘ ਬੈਂਸ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੇ।

ਡਾ. ਸਤਿੰਦਰ ਸਰਤਾਜ ਨੂੰ ਇਕ ਵਿਦਵਾਨ ਅਤੇ ਸੂਝਵਾਨ ਕਲਾਕਾਰ ਵਜੋਂ ਮਾਣ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਦੀ ਰਚਨਾਤਮਕਤਾ ਅਤੇ ਜੀਵਨ ਸ਼ੈਲੀ ਨੇ ਨੌਜਵਾਨ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ ਹੈ।



# ਅਮਰੀਕਾ ਨੇ ਪ੍ਰਮਾਣੂ ਟੈਸਟਿੰਗ ਸ਼ੁਰੂ ਕਰਨ ਦਾ ਐਲਾਨ ਕਰਕੇ ਰੂਸ-ਚੀਨ ਨੂੰ ਦਿੱਤੀ ਚੁਣੌਤੀ

## ਪੁਤਿਨ ਨੇ ਅਟੱਲ ਹਥਿਆਰਾਂ ਨਾਲ ਟਰੰਪ ਨੂੰ ਦਿੱਤਾ ਜਵਾਬ

## ਚੀਨ ਨੇ ਟਰੰਪ ਨੂੰ ਲਲਕਾਰਿਆ: 'ਧਮਕੀਆਂ ਬੰਦ ਕਰੋ, ਨਹੀਂ ਤਾਂ ਅਸੀਂ ਵੀ ਤਿਆਰ ਹਾਂ'

ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟ੍ਰੁਥ ਸੋਸ਼ਲ ਉੱਤੇ ਇੱਕ ਪੋਸਟ ਕਰਕੇ ਦਾਅਵਾ ਕੀਤਾ ਸੀ ਕਿ ਅਮਰੀਕਾ ਕੋਲ ਦੁਨੀਆਂ ਵਿੱਚ ਸਭ ਤੋਂ ਵੱਧ ਪਰਮਾਣੂ ਹਥਿਆਰ ਹਨ ਅਤੇ ਹੁਣ ਉਹ ਰੱਖਿਆ ਵਿਭਾਗ ਨੂੰ ਇਨ੍ਹਾਂ ਹਥਿਆਰਾਂ ਦੇ ਟੈਸਟਿੰਗ ਨੂੰ ਤੁਰੰਤ ਸ਼ੁਰੂ ਕਰਨ ਦਾ ਹੁਕਮ ਦੇ ਦਿਤੇ ਹਨ। ਇਹ ਐਲਾਨ ਉਸ ਸਮੇਂ ਆਇਆ ਜਦੋਂ ਰੂਸ ਨੇ ਆਪਣੇ ਦੋ ਨਵੇਂ ਪਰਮਾਣੂ-ਸੰਚਾਲਿਤ ਹਥਿਆਰਾਂ - 9ਐੱਮ730 'ਬੁਰੇਵੇਸਟਨਿਕ' ਕਰੂਜ਼ ਮਿਸਾਈਲ ਅਤੇ 'ਪੋਸਾਈਡਨ' ਅੰਡਰਵਾਟਰ ਡਰੋਨ ਦੇ ਟੈਸਟਿੰਗ ਨੂੰ ਸਫਲ ਐਲਾਨਿਆ ਕੀਤਾ ਸੀ।

ਇਥੇ ਜ਼ਿਕਰਯੋਗ ਹੈ ਕਿ ਰੂਸ ਨੇ ਅਕਤੂਬਰ 2025 ਵਿੱਚ ਆਪਣੀ ਰਣਨੀਤਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਦੋ ਵੱਡੇ ਪਰਮਾਣੂ-ਸੰਚਾਲਿਤ ਹਥਿਆਰਾਂ ਦੇ ਟੈਸਟਿੰਗ ਨੂੰ ਬੀਤੇ ਦਿਨੀਂ ਅੰਜਾਮ ਦਿੱਤਾ ਸੀ। ਪਹਿਲਾਂ 21 ਅਕਤੂਬਰ ਨੂੰ 9ਐੱਮ730 'ਬੁਰੇਵੇਸਟਨਿਕ' ਕਰੂਜ਼ ਮਿਸਾਈਲ ਦਾ ਟੈਸਟ ਕੀਤਾ ਗਿਆ ਸੀ, ਜੋ ਕਿ ਇੱਕ ਨਿਊਕਲੀਅਰ ਪਾਵਰਡ ਮਿਸਾਈਲ ਹੈ ਅਤੇ ਇਸ ਦੀ ਰੇਂਜ 8000 ਮੀਲ ਤੋਂ ਵੱਧ ਹੈ। ਇਹ ਮਿਸਾਈਲ ਅਮਰੀਕੀ ਮਿਸਾਈਲ ਡਿਫੈਂਸ ਸਿਸਟਮ ਨੂੰ ਚੁਣੌਤੀ ਦੇ ਸਕਦੀ ਹੈ।

ਇਸ ਤੋਂ ਬਾਅਦ, 29 ਅਕਤੂਬਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 'ਪੋਸਾਈਡਨ' ਅੰਡਰਵਾਟਰ ਡਰੋਨ ਦੇ ਟੈਸਟਿੰਗ ਨੂੰ ਸਫਲ ਐਲਾਨਿਆ ਸੀ। ਇਹ ਡਰੋਨ ਇੱਕ ਨਿਊਕਲੀਅਰ ਪਾਵਰ ਵਾਲਾ ਸੁਪਰ ਹਥਿਆਰ ਹੈ। ਪੁਤਿਨ ਨੇ ਕਿਹਾ ਕਿ ਇਹ ਰੂਸ ਦੀ ਸੁਰੱਖਿਆ ਰਣਨੀਤੀ ਵਿੱਚ ਅਹਿਮ ਭੂਮਿਕਾ ਨਿਭਾਵੇਗਾ।' ਪੁਤਿਨ ਅਨੁਸਾਰ ਪੋਸਾਈਡਨ ਦੀ ਰੇਂਜ 10,000 ਕਿਲੋਮੀਟਰ ਤੱਕ ਹੈ ਅਤੇ ਇਹ 185 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦਾ ਹੈ।

ਰੂਸ ਨੇ ਇਨ੍ਹਾਂ ਟੈਸਟਾਂ ਨੂੰ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਧਮਕੀਆਂ ਦੇ ਜਵਾਬ ਵਿੱਚ ਆਯੋਜਿਤ ਕੀਤਾ ਹੈ।

ਟਰੰਪ ਨੇ ਰੂਸ ਦੇ ਇਨ੍ਹਾਂ ਟੈਸਟਾਂ ਤੇ ਸਖਤ ਪ੍ਰਤੀਕਰਮ ਪ੍ਰਗਟਾਇਆ ਸੀ। ਉਨ੍ਹਾਂ ਨੇ ਕਿਹਾ, 'ਪੁਤਿਨ ਨੂੰ ਮਿਸਾਈਲਾਂ ਦੇ ਟੈਸਟਿੰਗ ਵੱਲ ਨਹੀਂ, ਬਲਕਿ ਯੂਕਰੇਨ ਯੁੱਧ ਨੂੰ ਖਤਮ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਯੁੱਧ ਜੋ ਇੱਕ ਹਫ਼ਤੇ ਵਿੱਚ ਖਤਮ ਹੋ ਜਾਣਾ ਚਾਹੀਦਾ ਸੀ, ਹੁਣ ਚੌਥੇ ਸਾਲ ਵਿੱਚ ਪਹੁੰਚ ਗਿਆ ਹੈ।' ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਕੋਲ ਰੂਸੀ ਕੰਢੇ ਤੇ ਇੱਕ ਸਭ ਤੋਂ ਸ਼ਕਤੀਸ਼ਾਲੀ ਨਿਊਕਲੀਅਰ ਸਬਮੈਰੀਨ ਹੈ, ਜੋ ਕਿ ਹਰ ਵੇਲੇ ਤਿਆਰ ਹੈ। ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, 'ਅਮਰੀਕਾ ਕੋਲ ਕਿਸੇ ਵੀ ਦੇਸ਼ ਤੋਂ ਵੱਧ ਪਰਮਾਣੂ ਹਥਿਆਰ ਹਨ। ਇਹ ਕੰਮ ਮੇਰੇ ਪਹਿਲੇ ਟਰਮ ਵਿੱਚ ਹੋਇਆ, ਜਦੋਂ ਕਿ ਪੁਰਾਣੇ ਹਥਿਆਰਾਂ ਨੂੰ ਆਧੁਨਿਕ ਬਣਾ ਦਿੱਤਾ ਗਿਆ ਹੈ। ਉਨ੍ਹਾਂ ਨੇ ਰੂਸ ਨੂੰ ਦੂਜੇ ਅਤੇ ਚੀਨ ਨੂੰ ਤੀਜੇ ਨੰਬਰ ਤੇ ਰੱਖਦੇ ਹੋਏ ਕਿਹਾ ਸੀ ਕਿ ਚੀਨ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਅਤੇ ਰੂਸ ਦੇ ਨੇੜੇ ਪਹੁੰਚ ਜਾਵੇਗਾ। ਟਰੰਪ ਨੇ ਇਹ ਵੀ ਕਿਹਾ ਕਿ ਹੋਰ ਦੇਸ਼ਾਂ ਦੇ ਟੈਸਟਿੰਗ ਪ੍ਰੋਗਰਾਮਾਂ ਕਾਰਨ ਅਮਰੀਕਾ ਵੀ ਬਰਾਬਰੀ ਵਾਲੇ ਪੱਧਰ ਤੇ ਟੈਸਟਿੰਗ ਸ਼ੁਰੂ ਕਰੇਗਾ।

ਟਰੰਪ ਦਾ ਇਹ ਐਲਾਨ ਬੁਸਾਨ, ਦੱਖਣੀ ਕੋਰੀਆ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੀਟਿੰਗ ਤੋਂ ਥੋੜ੍ਹੀ ਦੇਰ ਪਹਿਲਾਂ ਕੀਤਾ ਗਿਆ ਸੀ, ਜਿੱਥੇ ਵਪਾਰਕ ਯੁੱਧ ਨੂੰ ਖਤਮ ਕਰਨ ਬਾਰੇ ਗੱਲਬਾਤ ਹੋਣੀ ਸੀ। ਟਰੰਪ ਦੇ ਇਸ ਬਿਆਨ ਨੇ ਨਾ ਸਿਰਫ਼ ਚੀਨ ਨੂੰ ਪਰੇਸ਼ਾਨ ਕੀਤਾ ਬਲਕਿ ਵਿਸ਼ਵ ਨੂੰ ਇੱਕ ਨਵੇਂ ਠੰਢੀ ਜੰਗ ਵਾਲੇ ਯੁੱਗ ਵੱਲ ਲੈ ਜਾਣ ਵਾਲੀ ਚੇਤਾਵਨੀ ਵੀ ਦੇ ਦਿੱਤੀ। ਅੰਤਰਰਾਸ਼ਟਰੀ ਏਟਮਿਕ ਐਨਰਜੀ ਏਜੰਸੀ (ਆਈਏਈਏ) ਨੇ ਵੀ ਇਸ ਨੂੰ 'ਚਿੰਤਾਜਨਕ' ਕਰਾਰ ਦਿੱਤਾ ਹੈ, ਕਿਉਂਕਿ ਅਮਰੀਕਾ ਨੇ 1992 ਤੋਂ ਪੂਰੀ ਤਰ੍ਹਾਂ ਨਾਲ ਪਰਮਾਣੂ ਟੈਸਟਿੰਗ ਤੇ ਪਾਬੰਦੀ ਲਗਾਈ ਹੋਈ ਸੀ।

ਇਸ ਘਟਨਾ ਨੇ ਨਾ ਸਿਰਫ਼ ਰਾਜਨੀਤਿਕ ਹਲਚਲ ਮਚਾਈ ਬਲਕਿ ਅੰਤਰਰਾਸ਼ਟਰੀ ਮੀਡੀਆ ਵਿੱਚ ਵੀ ਵੱਡੀ ਚਰਚਾ ਪੈਦਾ ਕੀਤੀ। ਬੀਬੀਸੀ ਨੇ ਇਸ ਨੂੰ 'ਪਰਮਾਣੂ ਧਮਕੀ ਦਾ ਨਵਾਂ ਅਧਿਆਏ' ਕਿਹਾ ਹੈ, ਜਦਕਿ ਰਾਇਟਰਜ਼ ਨੇ ਚੇਤਾਵਨੀ ਦਿੱਤੀ ਕਿ ਇਹ ਕਦਮ ਗਲੋਬਲ ਨਾਨ-ਪ੍ਰੋਲੀਫਰੇਸ਼ਨ ਟ੍ਰੀਟੀ ਨੂੰ ਤੋੜ ਸਕਦਾ ਹੈ। ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਟਰੰਪ ਦਾ ਇਹ ਐਲਾਨ ਚੀਨ ਨਾਲ ਮੀਟਿੰਗ ਤੋਂ ਠੀਕ ਪਹਿਲਾਂ ਕੀਤਾ ਗਿਆ, ਜੋ ਕਿ ਇੱਕ ਰਣਨੀਤਕ ਚਾਲ ਹੈ ਪਰ ਖ਼ਤਰਨਾਕ ਵੀ। ਗਾਰਡੀਅਨ ਨੇ ਇਸ ਨੂੰ 'ਵਿਸ਼ਵ ਸ਼ਾਂਤੀ ਲਈ ਖ਼ਤਰਾ' ਕਰਾਰ ਦਿੱਤਾ, ਜਦਕਿ ਅਲ ਜਜ਼ੀਰਾ ਨੇ ਉਭਾਰਿਆ ਕਿ ਇਹ ਕਦਮ ਏਸ਼ੀਆ ਵਿੱਚ ਤਣਾਅ ਨੂੰ ਵਧਾਏਗਾ।ਅੰਤਰਰਾਸ਼ਟਰੀ ਪੱਧਰ ਤੇ ਇਸ ਐਲਾਨ ਨੇ ਬਹੁਤ ਸਾਰੇ ਦੇਸ਼ਾਂ ਨੂੰ ਚਿੰਤਿਤ ਕੀਤਾ ਹੈ। ਕੈਨੇਡਾ ਨੇ ਇਸ ਨੂੰ 'ਗੈਰ ਜ਼ਰੂਰੀ ਅਤੇ ਖ਼ਤਰਨਾਕ' ਕਿਹਾ ਹੈ, ਜਦਕਿ ਯੂਰਪੀਅਨ ਯੂਨੀਅਨ ਨੇ ਅਪੀਲ ਕੀਤੀ ਹੈ ਕਿ ਪਰਮਾਣੂ ਟੈਸਟਿੰਗ ਨੂੰ ਰੋਕਿਆ ਜਾਵੇ। ਇਸ ਤਰ੍ਹਾਂ, ਟਰੰਪ ਦਾ ਇਹ ਫ਼ੈਸਲਾ ਨਾ ਸਿਰਫ਼ ਰੂਸ ਅਤੇ ਚੀਨ ਨਾਲ ਸਬੰਧਾਂ ਨੂੰ ਪ੍ਰਭਾਵਿਤ ਕਰੇਗਾ ਬਲਕਿ ਵਿਸ਼ਵ ਸ਼ਾਂਤੀ ਲਈ ਵੀ ਇੱਕ ਵੱਡੀ ਚੁਣੌਤੀ ਬਣ ਜਾਵੇਗਾ।

ਪੁਤਿਨ ਦਾ ਜਵਾਬ ਅਤੇ ਚੀਨ ਦੀ ਪ੍ਰਤੀਕਿਰਿਆ: ਅੰਤਰਰਾਸ਼ਟਰੀ ਅਖ਼ਬਾਰਾਂ ਵਿੱਚ ਵਿਸ਼ਵ ਵਿਆਪੀ ਚਰਚਾ

ਟਰੰਪ ਦੇ ਐਲਾਨ ਤੋਂ ਬਾਅਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਤੁਰੰਤ ਜਵਾਬ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪੋਸਾਈਡਨ ਡਰੋਨ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਇਹ ਰੂਸ ਦੀ ਸੁਰੱਖਿਆ ਰਣਨੀਤੀ ਵਿੱਚ ਅਹਿਮ ਹੈ। ਪੁਤਿਨ ਨੇ ਟਰੰਪ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਅਮਰੀਕਾ ਨੂੰ ਆਪਣੇ ਹਥਿਆਰਾਂ ਨੂੰ ਆਪਣੇ ਘਰ ਵਿੱਚ ਰੱਖਣਾ ਚਾਹੀਦਾ ਹੈ ਅਤੇ ਯੂਕਰੇਨ ਵਰਗੇ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਰੂਸ ਆਪਣੀ ਸੁਰੱਖਿਆ ਲਈ ਹਰ ਕਦਮ ਚੁੱਕੇਗਾ। ਪੁਤਿਨ ਨੇ ਇਹ ਵੀ ਕਿਹਾ ਕਿ ਬੁਰੇਵੇਸਟਨਿਕ ਮਿਸਾਈਲ ਅਮਰੀਕੀ ਡੋਮ ਵਰਗੀਆਂ ਡਿਫੈਂਸ ਸਿਸਟਮਾਂ ਨੂੰ ਨਾਕਾਮ ਕਰ ਸਕਦੀ ਹੈ।

ਚੀਨ ਨੇ ਵੀ ਟਰੰਪ ਦੇ ਐਲਾਨ ਤੇ ਸਖਤ ਪ੍ਰਤੀਕਰਮ ਦਿੱਤਾ। ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਨੂੰ ਪਰਮਾਣੂ ਟੈਸਟਿੰਗ ਨਾਲ ਵਿਸ਼ਵ ਸ਼ਾਂਤੀ ਨੂੰ ਖ਼ਤਰੇ ਵਿੱਚ ਨਹੀਂ ਪਾਉਣਾ ਚਾਹੀਦਾ। ਚੀਨ ਨੇ ਆਪਣੇ ਪਰਮਾਣੂ ਹਥਿਆਰਾਂ ਨੂੰ 'ਮਿਨੀਮਮ ਡਿਟਰੈਂਸ' ਨਾਲ ਜੋੜਿਆ ਹੈ ਅਤੇ ਕਿਹਾ ਕਿ ਉਹ ਸਿਰਫ਼ ਰੱਖਿਆ ਲਈ ਵਰਤਦੇ ਹਨ। ਪਰ ਰਿਪੋਰਟਾਂ ਅਨੁਸਾਰ, ਚੀਨ ਨੇ 2020 ਵਿੱਚ 300 ਤੋਂ ਵਧਾ ਕੇ 2025 ਵਿੱਚ 600 ਪਰਮਾਣੂ ਹਥਿਆਰ ਬਣਾ ਲਏ ਹਨ ਅਤੇ 2030 ਤੱਕ 1000 ਤੋਂ ਵੱਧ ਹੋ ਜਾਣਗੇ। ਚੀਨ ਨੇ ਟਰੰਪ ਨਾਲ ਵਪਾਰਕ ਗੱਲਬਾਤ ਵਿੱਚ ਵੀ ਇਸ ਮਸਲੇ ਨੂੰ ਚੁੱਕਿਆ ਸੀ ਅਤੇ ਕਿਹਾ ਸੀ ਕਿ ਅਮਰੀਕਾ ਨੂੰ ਧਮਕੀਆਂ ਨਹੀਂ ਦੇਣੀਆਂ ਚਾਹੀਦੀਆਂ।

ਵਿਸ਼ਵ ਮਾਹਿਰਾਂ ਅਨੁਸਾਰ ਟਰੰਪ ਦੇ ਇਸ ਐਲਾਨ ਅਤੇ ਰੂਸ-ਚੀਨ ਦੀਆਂ ਪ੍ਰਤੀਕਿਰਿਆਵਾਂ ਨਾਲ ਵਿਸ਼ਵ ਨੂੰ ਇੱਕ ਨਵੇਂ ਪਰਮਾਣੂ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਅਨੁਸਾਰ, ਅਮਰੀਕਾ ਵੱਲੋਂ ਟੈਸਟਿੰਗ ਮੁੜ ਸ਼ੁਰੂ ਕਰਨ ਨਾਲ ਹੋਰ ਦੇਸ਼ ਵੀ ਇਸ ਵਿੱਚ ਸ਼ਾਮਲ ਹੋ ਜਾਣਗੇ, ਜੋ ਕਿ ਇੱਕ ਗਲੋਬਲ ਆਰਮਜ਼ ਰੇਸ ਨੂੰ ਜਨਮ ਦੇਵੇਗਾ। ਫੈਡਰੇਸ਼ਨ ਆਫ ਅਮਰੀਕਨ ਸਾਇੰਟਿਸਟਸ ਅਨੁਸਾਰ, ਰੂਸ ਕੋਲ 5459, ਅਮਰੀਕਾ ਕੋਲ 5177 ਅਤੇ ਚੀਨ ਕੋਲ 600 ਹਥਿਆਰ ਹਨ। ਇਹ ਅੰਕੜੇ ਵਧਣ ਨਾਲ ਵਿਸ਼ਵ ਵਿੱਚ ਨਿਊਕਲੀਅਰ ਵਾਰ ਦਾ ਖ਼ਤਰਾ ਵਧੇਗਾ। ਜੇਕਰ ਇਹ ਰੁਝਾਨ ਚਲਦਾ ਰਿਹਾ ਤਾਂ ਵਿਸ਼ਵ ਨੂੰ ਇੱਕ ਨਵੇਂ ਪ੍ਰਮਾਣੂ ਯੁੱਗ ਵਿੱਚ ਐਂਟਰ ਕਰਨਾ ਪਵੇਗਾ, ਜਿੱਥੇ ਪਰਮਾਣੂ ਹਥਿਆਰਾਂ ਦੀ ਦੌੜ ਨਾਲ ਸ਼ਾਂਤੀ ਨੂੰ ਖ਼ਤਰਾ ਹੋਵੇਗਾ। ਅੰਤ ਵਿੱਚ, ਇਹ ਸੰਕਟ ਗੱਲਬਾਤ ਨਾਲ ਹੀ ਹੱਲ ਹੋ ਸਕਦਾ ਹੈ, ਨਾ ਕਿ ਧਮਕੀਆਂ ਨਾਲ।

**ਦਰਪਣ ਝੂਠ ਨਹੀਂ ਬੋਲਦਾ**

# ਕੀ ਸਿਆਸੀ ਭਵਿੱਖ ਹੈ ਭਾਜਪਾ ਦਾ ਪੰਜਾਬ ਵਿੱਚ ?

## ਕੀ ਕੈਪਟਨ ਦੀ ਸਰਗਰਮੀ ਨਾਲ ਪੰਜਾਬ ਭਾਜਪਾ ਵਿੱਚ ਨਵੀਂ ਉਮੀਦ ਜਾਗੇਗੀ ?

## ਕੀ 2027 ਚੋਣਾਂ ਵਿੱਚ ਭਾਜਪਾ ਅਕਾਲੀ ਦਲ ਨਾਲ ਗਠਜੋੜ ਕਰੇਗੀ ?

ਕੁੱਝ ਅਰਸੇ ਤੋਂ ਸਿਹਤ ਸਮੱਸਿਆਵਾਂ ਕਾਰਨ ਸਿਆਸਤ ਤੋਂ ਦੂਰ ਰਹੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬੀਤੇ ਦਿਨੀਂ ਫ਼ਰੀਦਕੋਟ ਦੇ ਆਫ਼ਿਸਰਜ਼ ਕਲੱਬ ਵਿੱਚ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਆਪਣੇ ਸਾਬਕਾ ਓ.ਐੱਸ.ਡੀ. ਸੰਦੀਪ ਸਿੰਘ ਸੰਨੀ ਬਰਾੜ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਇਆ। ਸੰਨੀ ਬਰਾੜ, ਜੋ ਕਾਂਗਰਸ ਸਰਕਾਰ ਵਿੱਚ ਕੈਪਟਨ ਦੇ ਨਜ਼ਦੀਕੀ ਸਨ, ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚ ਚਲੇ ਗਏ ਸਨ ਅਤੇ ਸੁਖਬੀਰ ਸਿੰਘ ਬਾਦਲ ਵੱਲੋਂ ਓ.ਐੱਸ.ਡੀ. ਨਿਯੁਕਤ ਕੀਤੇ ਗਏ ਸਨ। ਪਰ ਹੁਣ ਉਹ ਮੁੜ ਕੈਪਟਨ ਅਮਰਿੰਦਰ ਸਿੰਘ ਨਾਲ ਜੁੜ ਗਏ ਹਨ।

ਕੈਪਟਨ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਪੰਜਾਬ ਨੂੰ ਅੱਜ ਭਾਜਪਾ ਦੀ ਅਗਵਾਈ ਦੀ ਜ਼ਰੂਰਤ ਹੈ। ਪੰਜਾਬੀ ਆਪ ਪਾਰਟੀ ਦੀ ਬਦਲਾਅ ਦੀ ਅਸਲੀਅਤ ਸਮਝ ਚੁਕੇ ਹਨ। ਲੋਕ ਬਦਲਾਅ ਲਈ ਸੋਚਣ ਲੱਗ ਪਏ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਪੰਡਿਤ ਨਹਿਰੂ ਤੋਂ ਲੈ ਕੇ ਨਰਿੰਦਰ ਮੋਦੀ ਤੱਕ ਦੇ ਪ੍ਰਧਾਨ ਮੰਤਰੀਆਂ ਵਿੱਚ ਮੋਦੀ ਨੂੰ ਬੈਸਟ ਆਖਿਆ। ਉਨ੍ਹਾਂ ਕਿਹਾ ਕਿ ਕੇਂਦਰੀ ਆਰਥਿਕ ਨੀਤੀਆਂ ਕਾਰਨ ਦੇਸ਼ ਵਿਕਾਸ ਦੇ ਰਾਹ ਤੇ ਹੈ। 2027 ਵਿਧਾਨ ਸਭਾ ਚੋਣਾਂ ਬਾਰੇ ਉਨ੍ਹਾਂ ਨੇ ਕਿਹਾ ਕਿ ਭਾਜਪਾ ਦਾ ਮੁੱਦਾ ਸਿਰਫ਼ ਰੁਜ਼ਗਾਰ ਤੇ ਵਿਕਾਸ ਹੋਵੇਗਾ। ਪਾਰਟੀ ਨਸ਼ਾ ਤੇ ਗੈਂਗਸਟਰਵਾਦ ਖ਼ਤਮ ਕਰਕੇ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਚਾਹੁੰਦੀ ਹੈ।

ਪਰ ਕੈਪਟਨ ਦੀ ਇਸ ਸਿਆਸੀ ਵਾਪਸੀ ਨੇ ਪੰਜਾਬ ਦੀ ਸਿਆਸਤ ਵਿੱਚ ਕਈ ਸਵਾਲ ਖੜ੍ਹੇ ਕਰ ਦਿੱਤੇ ਨੇ। ਕੀ ਭਾਜਪਾ ਹਾਈਕਮਾਂਡ ਨੇ ਉਨ੍ਹਾਂ ਨੂੰ ਫਿਰ ਤੋਂ ਸਰਗਰਮ ਕੀਤਾ ਹੈ? ਇਹਨਾਂ ਸਵਾਲਾਂ ਨਾਲ ਹੀ ਭਾਜਪਾ ਦੀ ਰਣਨੀਤੀ ਵੱਲ ਨਜ਼ਰਾਂ ਟਿਕੀਆਂ ਹਨ। ਫ਼ਰੀਦਕੋਟ ਵਿੱਚ ਹੋਏ ਇਸ ਸਮਾਗਮ ਨੂੰ ਭਾਜਪਾ ਨੇ ਇੱਕ ਵੱਡੇ ਪ੍ਰੋਗਰਾਮ ਵਜੋਂ ਪੇਸ਼ ਕੀਤਾ, ਜਿੱਥੇ ਅਸ਼ਵਨੀ ਸ਼ਰਮਾ ਵੀ ਮੌਜੂਦ ਸਨ। ਸ਼ਰਮਾ ਨੇ ਪੰਜਾਬ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਲਾਅ ਐਂਡ ਆਰਡਰ ਖ਼ਤਮ ਹੋ ਗਿਆ ਹੈ। ਫਿਰੌਤੀਆਂ ਚੱਲ ਰਹੀਆਂ ਨੇ, ਧੀਆਂ-ਭੈਣਾਂ ਸੁਰੱਖਿਅਤ ਨਹੀਂ। ਉਨ੍ਹਾਂ ਨੇ ਕਿਹਾ, 'ਗੱਲਾਂ ਨਾਲ ਕੁਝ ਨਹੀਂ ਬਣਦਾ। ਪੰਜਾਬ ਆਪਣੀ ਲਾਈਨ ਤੋਂ ਉਤਰ ਗਿਆ ਹੈ। ਵਪਾਰੀ ਤੋਂ ਇਲਾਵਾ ਕੋਈ ਵੀ ਬਾਸ਼ਿੰਦਾ ਸੁਰੱਖਿਅਤ ਨਹੀਂ,ਗੈਂਗਸਟਰਵਾਦ ਦਾ ਰਾਜ ਹੈ।' ਇਹ ਬਿਆਨ ਆਮ ਆਦਮੀ ਪਾਰਟੀ (ਆਪ) ਸਰਕਾਰ ਵਿਰੁੱਧ ਭਾਜਪਾ ਦੀ ਨਵੀਂ ਰਣਨੀਤੀ



ਨੂੰ ਦਰਸਾਉਂਦੇ ਨੇ।

ਹਾਈਕਮਾਂਡ ਭਾਜਪਾ ਨੇ ਕੈਪਟਨ ਨੂੰ ਪੰਜਾਬ ਵਿੱਚ ਸਰਗਰਮ ਨਹੀਂ ਕੀਤਾ, ਨਾ ਹੀ ਉਨ੍ਹਾਂ ਦਾ ਤਰਨਤਾਰਨ ਦੀਆਂ ਚੋਣਾਂ ਵਿੱਚ ਸਟਾਰ ਪ੍ਰਚਾਰਕ ਵਜੋਂ ਨਾਮ ਹੈ ਭਾਵੇਂ ਕੈਪਟਨ ਬੀਤੇ ਸਮੇਂ ਅਕਾਲੀ ਤੇ ਭਾਜਪਾ ਗੱਠਜੋੜ ਦੇ ਹੱਕ ਵਿੱਚ ਰਹੇ ਹਨ ,ਪਰ ਹੁਣ ਹਾਈਕਮਾਂਡ ਦੇ ਰੌਅ ਨੂੰ ਪਛਾਣਦਿਆਂ ਬਾਦਲ ਦਲ ਪ੍ਰਤੀ ਆਪਣੇ ਤੇਵਰ ਤਿੱਖੇ ਕਰ ਦਿਤੇ ਹਨ। ਕੈਪਟਨ ਨੇ ਕਿਹਾ ਕਿ ਭਾਜਪਾ ਜਿਵੇਂ ਪੰਜਾਬ ਵਿੱਚ ਅੱਗੇ ਵਧ ਰਹੀ ਹੈ, ਉਸ ਨੂੰ ਗਠਜੋੜ ਦੀ ਜ਼ਰੂਰਤ ਨਹੀਂ। ਪਾਰਟੀ ਇਕੱਲੀਆਂ ਚੋਣਾਂ ਲੜ ਸਕਦੀ ਹੈ। ਇਹ ਬਿਆਨ ਅਕਾਲੀ ਦਲ ਲਈ ਝਟਕਾ ਹੈ, ਜੋ ਪਹਿਲਾਂ ਤੋਂ ਹੀ ਆਪ ਅਤੇ ਕਾਂਗਰਸ ਨਾਲ ਤਕਰਾਰ ਵਿੱਚ ਫਸੀ ਹੋਈ ਹੈ ਤੇ ਪੰਥ ਵਿੱਚ ਬਾਦਲ ਦਲ ਦੀ ਇਮੇਜ ਨਸ਼ਿਆਂ ਤੇ ਬੇਅਦਬੀ ਕਾਰਨ ਨੁਕਸਾਨੀ ਗਈ ਹੈ।

ਯਾਦ ਰਹੇ ਕਿ ਅਕਾਲੀ-ਭਾਜਪਾ ਗਠਜੋੜ 1996 ਤੋਂ ਚੱਲ ਰਿਹਾ ਸੀ, ਪਰ 2020 ਵਿੱਚ ਕਿਸਾਨ ਅੰਦੋਲਨ ਕਾਰਨ ਟੁੱਟ ਗਿਆ ਸੀ। ਉਸ ਵੇਲੇ ਅਕਾਲੀਆਂ ਨੇ ਐੱਮ.ਪੀ. ਹਰਸਿਮਰਤ ਬਾਦਲ ਦੇ ਅਸਤੀਫੇ ਤੋਂ ਬਾਅਦ ਐਨ.ਡੀ.ਏ. ਛੱਡ ਦਿੱਤਾ ਸੀ। ਹੁਣ 2027 ਨੇੜੇ ਆ ਰਹੀਆਂ ਚੋਣਾਂ ਨਾਲ ਚਰਚਾਵਾਂ ਫਿਰ ਸ਼ੁਰੂ ਹੋ ਚੁਕੀਆਂ ਹਨ। ਰਾਜਨੀਤਕ ਵਿਸ਼ਲੇਸ਼ਕ ਕਹਿੰਦੇ ਨੇ ਕਿ ਭਾਜਪਾ ਹੁਣ ਪੰਜਾਬ ਵਿੱਚ ਇਕੱਲੀ ਖੜ੍ਹੀ ਹੋਣਾ ਚਾਹੁੰਦੀ ਹੈ। ਅਕਾਲੀ ਦਲ ਦਾ ਵੋਟ ਬੈਂਕ ਘੱਟ ਰਿਹਾ ਹੈ, ਜਦਕਿ ਭਾਜਪਾ ਸ਼ਹਿਰੀ ਹਿੰਦੂ ਅਤੇ ਦਲਿਤ ਵੋਟਾਂ ਨੂੰ ਟਾਰਗੈਟ ਕਰ ਰਹੀ ਹੈ। ਇਸ ਕਾਰਣ ਬਾਦਲ ਦਲ ਨੂੰ ਇਕੱਲਿਆਂ ਚੋਣਾਂ ਲੜਨੀਆਂ ਪੈ ਸਕਦੀਆਂ ਹਨ, ਜੋ ਉਨ੍ਹਾਂ ਦੀ ਸਿਆਸੀ ਹੋਂਦ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਸਿਆਸੀ ਵਿਸ਼ਲੇਸ਼ਕ ਆਖਦੇ ਹਨ ਕਿ ਕੈਪਟਨ ਦਾ ਪੰਜਾਬ ਰਾਜਨੀਤੀ ਵਿੱਚ ਕਾਮਯਾਬ ਹੋਣਾ ਸੌਖਾ ਨਹੀਂ, ਕਿਉਂਕਿ ਉਹ ਲੰਬੇ ਸਮੇਂ ਤੋਂ ਸਿਆਸਤ ਵਿੱਚ ਸਰਗਰਮ ਨਹੀਂ ਤੇ ਦੂਸਰਾ ਉਹਨਾਂ ਦਾ ਆਪਣੇ ਰਾਜ ਕਾਲ ਦੌਰਾਨ ਪੰਜਾਬੀਆਂ ਨਾਲ ਨਸ਼ਿਆਂ ਤੇ ਬੇਅਦਬੀ ਮਸਲੇ ਬਾਰੇ ਵਾਅਦਾ ਨਾ ਨਿਭਾਉਣ ਕਾਰਨ ਉਨ੍ਹਾਂ ਦਾ ਅਕਸ ਪੰਜਾਬੀਆਂ ਵਿੱਚ ਧੁੰਦਲਾ ਪਿਆ ਹੈ। ਹਾਲਾਂਕਿ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਨਸ਼ੇ ਨੂੰ ਖ਼ਤਮ ਕਰਨ ਦਾ ਵਾਅਦਾ ਨਹੀਂ ਕੀਤਾ ਸੀ, ਸਗੋਂ ਉਸ ਦੀ ਪਿੱਠ ਤੋੜਨ ਦਾ ਵਾਅਦਾ ਕੀਤਾ ਸੀ। ਪਰ ਕੈਪਟਨ ਦੇ ਰਾਜ ਦੌਰਾਨ ਪੰਜਾਬ ਵਿੱਚ ਨਸ਼ੇ ਵੀ ਵਧੇ,ਬੇਅਦਬੀਆਂ ਵੀ ਹੋਈਆਂ, ਪਰ ਦੋਸ਼ੀਆਂ ਉਪਰ ਕਾਰਵਾਈ ਨਹੀਂ ਹੋਈ। ਇਸ ਕਾਰਨ ਸਿੱਖ ਭਾਈਚਾਰੇ ਵਿੱਚ ਕੈਪਟਨ ਪ੍ਰਤੀ ਰੋਸ ਹੈ।

ਸਿਆਸੀ ਮਾਹਿਰਾਂ ਅਨੁਸਾਰ ਪੰਜਾਬ ਭਾਜਪਾ ਨੇ ਹਾਲੇ ਤੱਕ ਸਿੱਖ ਨੇਤਾ ਕਾਮਯਾਬ ਨਹੀਂ ਹੋਣ ਦਿੱਤਾ ਤੇ ਨਾ ਹੀ ਸੁਨੀਲ ਜਾਖੜ ਵਰਗਾ ਪੰਜਾਬ ਹਿਤੂ ਚਿਹਰਾ। ਨਵਜੋਤ ਸਿੰਘ ਸਿੱਧੂ ਤੇ ਇਕਬਾਲ ਸਿੰਘ ਲਾਲਪੁਰਾ ਵੀ ਪੰਜਾਬ ਭਾਜਪਾ ਕਾਰਨ ਕਾਮਯਾਬ ਨਹੀਂ ਹੋ ਸਕੇ। ਕਿਹਾ ਜਾਂਦਾ ਕਿ ਹਾਈਕਮਾਂਡ ਦੇ ਨੇੜੇ ਰਹੇ ਭਾਜਪਾ ਨੇਤਾ ਤਰਨਜੀਤ ਸਿੰਘ ਸੰਧੂ ਅੰਮ੍ਰਿਤਸਰ ਵਿੱਚ ਆਪਣੀ ਹਾਰ ਬਾਅਦ ਸਰਗਰਮ ਨਹੀਂ ਰਹਿ ਸਕੇ।

ਸਵਾਲ ਇਹ ਹੈ ਕਿ ਭਾਜਪਾ 2027 ਚੋਣਾਂ ਲਈ 117 ਸੀਟਾਂ 'ਤੇ ਤਿਆਰੀ ਕਰ ਰਹੀ ਹੈ। ਕੀ ਉਹ ਪੁਰਾਣੇ ਕੇਡਰ ਨਾਲ ਚੋਣ ਲੜੇਗੀ ਜਾਂ ਪੰਜਾਬ ਪੱਖੀ ਨਵੇਂ ਬਦਲਾਅ ਕਰੇਗੀ। ਕੀ ਪੰਜਾਬ ਤੇ ਪੰਥਕ ਮਸਲਿਆਂ ਨੂੰ ਹਲ ਕੀਤੇ ਬਿਨਾਂ, ਪੰਜਾਬ ਪੱਖੀ ਨਵੇਂ ਸਿੱਖ ਚਿਹਰਿਆਂ ਨੂੰ ਲਿਆਏ ਬਿਨਾਂ ਪੰਜਾਬ ਵਿੱਚ ਭਾਜਪਾ ਕਾਮਯਾਬ ਹੋ ਸਕੇਗੀ, ਇਹ ਅਹਿਮ ਸੁਆਲ ਹੈ। ਕੀ ਭਾਜਪਾ ਪੰਜਾਬ ਤੇ ਸਿੱਖ ਮੁੱਦੇ ਹੱਲ ਕੀਤੇ ਬਿਨਾਂ ਤੇ ਪੰਥਕ ਪਾਰਟੀਆਂ ਨਾਲ ਗਠਜੋੜ ਕੀਤੇ ਬਿਨਾਂ ਪੰਜਾਬ ਦਾ ਦਿਲ ਜਿੱਤ ਸਕਦੀ ਹੈ? ਤਰਨਤਾਰਨ ਭਾਜਪਾ ਟੈਸਟ ਕੇਸ ਬਣੇਗਾ। ਇਸ ਤੋਂ ਅੰਦਾਜ਼ਾ ਹੋ ਜਾਵੇਗਾ। ਪੰਜਾਬ ਵਿੱਚ ਭਾਜਪਾ ਦੀ ਅਸਲ ਸਥਿਤੀ ਕੀ ਹੈ? ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਹਾਈਕਮਾਂਡ ਨੂੰ ਪੰਜਾਬ ਤੇ ਸਿੱਖਾਂ ਦੀ ਸਥਿਤੀ ਨੂੰ ਸਮਝਕੇ ਪੰਜਾਬ ਪੱਖੀ ਨਵੀਂ ਰਣਨੀਤੀ ਅਪਨਾਉਣੀ ਪਵੇਗੀ।

# ਕੀ ਜ਼ਿਨਪਿੰਗ ਅੱਗੇ ਝੁੱਕ ਗਿਆ ਟਰੰਪ ?

## ਟਰੰਪ-ਜ਼ਿਨਪਿੰਗ ਮੁਲਾਕਾਤ ਦੌਰਾਨ ਅਮਰੀਕਾ ਦੀ ਤਾਈਵਾਨ ਬਾਰੇ ਚੁੱਪੀ ਕਿਉਂ ?



ਬੀਤੇ ਦਿਨੀਂ ਦੱਖਣੀ ਕੋਰੀਆ ਦੇ ਬੂਸਾਨ ਸ਼ਹਿਰ ਵਿੱਚ ਏਸ਼ੀਆ-ਪੈਸਿਫਿਕ ਅਰਥ ਵਿਵਸਥਾ ਸਹਿਯੋਗ ਸੰਮੇਲਨ ਵੇਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜ਼ਿਨਪਿੰਗ ਵਿਚਕਾਰ ਲੰਮੇ ਸਮੇਂ ਬਾਅਦ ਪਹਿਲੀ ਵਾਰ ਸਿੱਧੀ ਮੁਲਾਕਾਤ ਹੋਈ ਸੀ। ਇਹ ਛੇ ਸਾਲਾਂ ਵਿੱਚ ਪਹਿਲੀ ਵਾਰ ਹੋਈ, ਜੋ ਵਿਸ਼ਵ ਅਰਥ ਵਿਵਸਥਾ ਲਈ ਬਹੁਤ ਵੱਡਾ ਪਲ ਸਾਬਤ ਹੋਈ। ਟਰੰਪ ਨੇ ਇਸ ਨੂੰ 'ਵੱਡੀ ਸਫਲਤਾ' ਦੱਸਿਆ, ਜਦਕਿ ਜ਼ਿਨਪਿੰਗ ਨੇ ਸਹਿਯੋਗ ਦੀ ਗੱਲ ਕਰਦਿਆਂ ਕਿਹਾ ਕਿ ਦੋਵੇਂ ਦੇਸ਼ ਆਪਸ ਵਿੱਚ ਮਿਲ ਕੇ ਕੰਮ ਕਰਨਗੇ। ਇਸ ਮੁਲਾਕਾਤ ਨੇ ਅਮਰੀਕਾ-ਚੀਨ ਵਿਚਕਾਰ ਵਪਾਰਕ ਝਗੜੇ ਨੂੰ ਰੋਕ ਕੇ ਵਿਕਾਸ ਲਈ ਨਵੇਂ ਰਾਹ ਖੋਲ੍ਹ ਦਿੱਤੇ ਹਨ। ਸੰਮੇਲਨ ਦਾ ਮੁੱਖ ਏਜੰਡਾ ਅਰਥ ਵਿਵਸਥਾ ਸਹਿਯੋਗ, ਕੁਦਰਤੀ ਚੁਣੌਤੀਆਂ ਅਤੇ ਨਵੀਂ ਤਕਨੀਕ ਨਾਲ ਜੁੜੇ ਮਸਲੇ ਸਨ। ਟਰੰਪ ਨੇ ਬੈਠਕ ਤੋਂ ਬਾਅਦ ਏਅਰ ਫੋਰਸ ਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਅਪ੍ਰੈਲ ਵਿੱਚ ਚੀਨ ਜਾਣਗੇ ਅਤੇ ਉਸ ਤੋਂ ਬਾਅਦ ਜ਼ਿਨਪਿੰਗ ਵੀ ਅਮਰੀਕਾ ਆਉਣਗੇ।

ਟਰੰਪ ਨੇ ਜਿੰਨਪਿੰਗ ਨਾਲ ਅਗਲੀ ਮੁਲਾਕਾਤ ਫਲੋਰੀਡਾ ਦੇ ਪਾਮ ਬੀਚ ਜਾਂ ਵਾਸ਼ਿੰਗਟਨ ਡੀ.ਸੀ. ਵਿੱਚ ਸੰਭਾਵਨਾ ਜ਼ਾਹਰ ਕੀਤੀ ਹੈ। ਟਰੰਪ ਨੇ ਇਹ ਵੀ ਸਪੱਸ਼ਟ ਕੀਤਾ ਕਿ ਬੈਠਕ ਵਿੱਚ ਤਾਈਵਾਨ ਵਰਗੇ ਸੰਵੇਦਨਸ਼ੀਲ ਮੁੱਦੇ ਬਿਲਕੁਲ ਨਹੀਂ ਉੱਠੇ। ਉਨ੍ਹਾਂ ਨੇ ਕਿਹਾ, 'ਤਾਈਵਾਨ ਦਾ ਵਿਸ਼ਾ ਕਦੇ ਵੀ ਚੀਨ ਨਾਲ ਨਹੀਂ ਛਿੜਿਆ। ਅਸੀਂ ਇਸ ਬਾਰੇ ਕੋਈ ਗੱਲ ਨਹੀਂ ਕੀਤੀ।' ਇਹ ਗੱਲ ਨੇ ਕਈ ਵਿਸ਼ਲੇਸ਼ਕਾਂ ਨੂੰ ਹੈਰਾਨ ਕਰ ਦਿੱਤਾ, ਕਿਉਂਕਿ ਤਾਈਵਾਨ ਅਮਰੀਕਾ-ਚੀਨ ਸੰਬੰਧਾਂ ਵਿੱਚ ਹਮੇਸ਼ਾ ਇੱਕ ਚੰਗਿਆੜੀ ਵਾਂਗ ਰਹਿੰਦਾ ਸੀ।

ਟਰੰਪ ਨੇ ਇਸ ਮੁਲਾਕਾਤ ਨੂੰ ਵਿਸ਼ਵ ਅਰਥ ਵਿਵਸਥਾ ਲਈ ਇੱਕ ਨਵਾਂ ਯੁੱਗ ਕਰਾਰ ਦਿੱਤਾ, ਪਰ ਵਿਸ਼ਲੇਸ਼ਕਾਂ ਨੂੰ ਲੱਗਦਾ ਹੈ ਕਿ ਇਹ ਸਮਝੌਤਾ ਅਸਥਾਈ ਹੈ ਅਤੇ ਮੁੱਢਲੀਆਂ ਸਮੱਸਿਆਵਾਂ ਅਜੇ ਵੀ ਜਿਉਂ ਦੀਆਂ ਤਿਉਂ ਹਨ।

ਟਰੰਪ ਨੇ ਐਲਾਨ ਕੀਤਾ ਸੀ ਕਿ ਅਮਰੀਕਾ ਚੀਨ ਉੱਤੇ ਲੱਗੇ ਫੈਂਟਾਨਿਲ ਨਾਲ ਜੁੜੇ ਟੈਰਿਫ ਨੂੰ 10 ਫੀਸਦੀ ਤੱਕ ਘਟਾ ਦੇਵੇਗਾ। ਇਹ ਇੱਕ ਵੱਡੀ ਰਾਹਤ ਹੈ, ਕਿਉਂਕਿ ਫੈਂਟਾਨਿਲ ਵਰਗੀ ਨਸ਼ੀਲੀ ਦਵਾਈ ਨੇ ਅਮਰੀਕਾ ਵਿੱਚ ਬਹੁਤ ਨੁਕਸਾਨ ਪਹੁੰਚਾਇਆ ਹੈ। ਜ਼ਿਨਪਿੰਗ ਨੇ ਵਾਅਦਾ ਕੀਤਾ ਕਿ ਉਹ ਇਸ ਦੀ ਤਸਕਰੀ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣਗੇ।

# ਖਾੜੀ ਤੋਂ ਅੱਗੇ ਰੂਸ-ਗ੍ਰੀਸ-ਜਾਪਾਨ ਵੱਲ ਭਾਰਤੀ ਮਜ਼ਦੂਰਾਂ ਦਾ ਵਧਿਆ ਰੁਝਾਨ

## ਭਾਸ਼ਾ-ਕੁਸ਼ਲਤਾ-ਡਿਜੀਟਲ ਸਿਖਲਾਈ: ਭਰਤੀ ਸੰਸਥਾਵਾਂ ਮਜ਼ਦੂਰਾਂ ਨੂੰ ਕਰ ਰਹੀਆਂ ਤਿਆਰ



ਭਾਰਤੀ ਮਜ਼ਦੂਰ ਹੁਣ ਖਾੜੀ ਦੇਸ਼ਾਂ ਤੋਂ ਅੱਗੇ ਵਧ ਕੇ ਰੂਸ, ਗ੍ਰੀਸ ਤੇ ਜਾਪਾਨ ਵਿੱਚ ਨਵਾਂ ਭਵਿੱਖ ਬਣਾ ਰਹੇ ਹਨ। ਇਹ ਦੇਸ਼ ਵਿੱਚ ਆਬਾਦੀ ਘਟਣ ਤੇ ਕੰਮ ਵਾਲੀ ਉਮਰ ਦੇ ਲੋਕਾਂ ਦੀ ਘਾਟ ਕਾਰਨ ਭਾਰਤੀ ਮਜ਼ਦੂਰਾਂ ਨੂੰ ਬੁਲਾ ਰਹੇ ਹਨ। ਸਰਕਾਰੀ ਸਮਝੌਤੇ ਤੇ ਭਰਤੀ ਵਾਲੀਆਂ ਸੰਸਥਾਵਾਂ ਨੇ ਇਸ ਨੂੰ ਸੌਖਾ ਬਣਾ ਦਿੱਤਾ ਹੈ। ਪਿਛਲੇ ਸਾਲਾਂ ਵਿੱਚ ਲੱਖਾਂ ਮਜ਼ਦੂਰ ਨਵੇਂ ਦੇਸ਼ਾਂ ਵਿੱਚ ਪਹੁੰਚੇ ਹਨ, ਜਿਥੇ ਵੇਤਨ ਖਾੜੀ ਦੇਸਾਂ ਨਾਲੋਂ ਵੱਧ, ਸਖ਼ਤੀ ਘੱਟ ਤੇ ਰੁਜ਼ਗਾਰ ਦੇ ਮੌਕੇ ਵਧ ਹਨ। ਇਹ ਬਦਲਾਅ ਵਿਸ਼ਵ ਬਾਜ਼ਾਰ ਦੀ ਮੰਗ ਨਾਲ ਜੁੜਿਆ ਹੈ, ਜਿਸ ਵਿੱਚ ਨਿਰਮਾਣ, ਖੇਤੀ ਤੇ ਉਦਯੋਗ ਵਾਲੇ ਕੰਮਾਂ ਦੀ ਭਾਰੀ ਲੋੜ ਹੈ।

ਰੂਸ ਨੇ 2025 ਵਿੱਚ ਵਿਦੇਸ਼ੀ ਕਾਮਿਆਂ ਦੇ ਕੋਟੇ ਵਿੱਚੋਂ 71,817 ਥਾਵਾਂ ਭਾਰਤੀਆਂ ਲਈ ਰਾਖਵੀਆਂ ਰੱਖੀਆਂ ਹਨ। ਗ੍ਰੀਸ ਨਿਰਮਾਣ, ਖੇਤੀ ਤੇ ਮਹਿਮਾਨਖ਼ਾਨੇ ਵਾਲੇ ਖੇਤਰਾਂ ਵੇਟਰ, ਬਾਵਰਚੀ, ਸਫ਼ਾਈ ਕਰਮਚਾਰੀ, ਰਿਸੈਪਸ਼ਨਿਸਟ ਲਈ ਮਜ਼ਦੂਰ ਬੁਲਾ ਰਿਹਾ ਹੈ। ਜਾਪਾਨ ਨੇ ਅਗਲੇ ਪੰਜ ਸਾਲਾਂ ਵਿੱਚ 50,000 ਕੁਸ਼ਲ ਭਾਰਤੀਆਂ ਨੂੰ ਸਿਖਲਾਈ ਤੇ ਰੁਜ਼ਗਾਰ ਦੇਣ ਦੀ ਯੋਜਨਾ ਬਣਾਈ ਹੈ। ਭਾਰਤ ਸਰਕਾਰ ਨੇ ਇਟਲੀ, ਸਪੇਨ, ਆਸਟ੍ਰੀਆ, ਗ੍ਰੀਸ, ਇਜ਼ਰਾਈਲ, ਤਾਈਵਾਨ, ਮਲੇਸ਼ੀਆ, ਡੈਨਮਾਰਕ ਤੇ ਬਰਤਾਨੀਆ ਨਾਲ ਪਰਵਾਸ ਬਾਰੇ ਸਮਝੌਤੇ ਕੀਤੇ ਹਨ। ਕਰੋਏਸ਼ੀਆ, ਫਿਨਲੈਂਡ, ਗੁਆਨਾ, ਰੂਸ ਤੇ ਸਵਿੱਟਜ਼ਰਲੈਂਡ ਨਾਲ ਗੱਲਬਾਤ ਅੱਗੇ ਵਧ ਰਹੀ ਹੈ। ਜਨਵਰੀ 2020 ਤੋਂ ਜੂਨ 2025 ਤੱਕ ਨਿਰਮਾਣ ਤੇ ਕਿਰਤ ਵਾਲੇ ਕੰਮਾਂ ਲਈ 16 ਲੱਖ ਤੋਂ ਵੱਧ ਭਾਰਤੀਆਂ ਨੂੰ ਵਿਦੇਸ਼ ਜਾਣ ਦੀ ਮਨਜ਼ੂਰੀ ਮਿਲੀ। 2025 ਵਿੱਚ ਭਾਰਤ ਨੂੰ ਵਿਦੇਸ਼ਾਂ ਤੋਂ ਭੇਜੇ ਪੈਸੇ 135 ਅਰਬ ਡਾਲਰ ਮਿਲੇ ਸਨ।

ਭਰਤੀ ਸੰਸਥਾਵਾਂ ਜਿਵੇਂ ਡਾਇਨੈਮਿਕ ਸਟਾਫਿੰਗ ਸਰਵਿਸਿਜ਼ ਤੇ ਬੀਸੀਐੱਮ ਗਰੁੱਪ ਮਜ਼ਦੂਰਾਂ ਨੂੰ ਭਾਸ਼ਾ, ਕੁਸ਼ਲਤਾ ਤੇ ਡਿਜੀਟਲ ਜਾਣਕਾਰੀ ਦਿੰਦੀਆਂ ਹਨ। ਗ੍ਰੀਕ, ਰੂਸੀ ਜਾਂ ਜਾਪਾਨੀ ਬੋਲੀ ਸਿਖਾਈ ਜਾਂਦੀ ਹੈ। ਕੰਮ ਵਾਲੀਆਂ ਥਾਵਾਂ 'ਤੇ ਜਾਂਚ, ਇੰਟਰਵਿਊ ਤੇ ਵੀਜ਼ਾ ਪ੍ਰਕਿਰਿਆ ਪੂਰੀ ਕੀਤੀ ਜਾਂਦੀ ਹੈ।

ਪਰ ਭਾਰਤੀਆਂ ਨੂੰ ਠੱਗ ਏਜੰਟਾਂ ਤੋਂ ਬਚਣ ਦੀ ਲੋੜ ਹੈ। ਸੋਸ਼ਲ ਮੀਡੀਆ 'ਤੇ ਚਮਕਦਾਰ ਵਿਗਿਆਪਨ ਅਕਸਰ ਧੋਖੇ ਵਾਲੇ ਹੁੰਦੇ ਹਨ। ਬਿਨਾਂ ਲਾਇਸੈਂਸ ਵਾਲੇ ਏਜੰਟ ਪੈਸੇ ਲੈ ਕੇ ਗ਼ਾਇਬ ਹੋ ਜਾਂਦੇ ਹਨ। ਵਿਦੇਸ਼ ਮੰਤਰਾਲੇ ਦੇ ਪੋਰਟਲ 'ਤੇ 3,500 ਤੋਂ ਵੱਧ ਗ਼ੈਰਕਾਨੂੰਨੀ ਏਜੰਟਾਂ ਦੀ ਸੂਚੀ ਹੈ। ਭਾਰਤ ਦੇ ਠੱਗ ਏਜੰਟਾਂ ਵਲੋਂ ਰੂਸ ਵਿੱਚ ਕੁਝ ਮਜ਼ਦੂਰਾਂ ਨੂੰ ਯੁੱਧ ਵਿੱਚ ਧੱਕ ਦਿੱਤਾ ਗਿਆ। ਲਾਇਸੈਂਸ ਵਾਲੀਆਂ ਸੰਸਥਾਵਾਂ 2014 ਵਿੱਚ 1,347 ਸਨ, ਹੁਣ 1,988 ਹੋ ਗਈਆਂ ਹਨ। ਇਹ ਪਾਰਦਰਸ਼ੀ ਹਨ ਤੇ ਮਜ਼ਦੂਰਾਂ ਦੀ ਸੁਰੱਖਿਆ ਕਰਦੀਆਂ ਹਨ। ਮਾਹਿਰਾਂ ਮੁਤਾਬਕ ਭਾਰਤੀਆਂ ਨੂੰ ਕਾਨੂੰਨੀ ਰਾਹ ਅਪਣਾਉਣ ਦੀ ਲੋੜ ਹੈ।

ਪਾਕਿਸਤਾਨ, ਬੰਗਲਾਦੇਸ਼ ਤੇ ਫਿਲੀਪੀਨਜ਼ ਵਾਲੇ ਮਜ਼ਦੂਰ ਵੀ ਮੁਕਾਬਲੇ ਵਿੱਚ ਹਨ, ਪਰ ਭਾਰਤੀ ਮਿਹਨਤ ਤੇ ਸਿਖਲਾਈ ਨਾਲ ਅੱਗੇ ਹਨ। ਨਵੇਂ ਦੇਸ਼ਾਂ ਵਿੱਚ ਮੌਕੇ ਵਧ ਰਹੇ ਹਨ, ਪਰ ਸਹੀ ਪਹੁੰਚ ਤੇ ਨੀਤੀ ਅਪਨਾਉਣੀ ਜ਼ਰੂਰੀ ਹੈ।

# 41 ਸਾਲਾਂ ਬਾਅਦ ਵੀ ਇਨਸਾਫ਼ ਦੀ ਉਡੀਕ

## 3000 ਤੋਂ ਵੱਧ ਸਿੱਖਾਂ ਦੇ ਕਤਲੇਆਮ ਬਾਰੇ ਨਿਆਂ ਨਾ ਮਿਲਿਆ

## 650 ਕੇਸਾਂ ਵਿੱਚੋਂ ਸਿਰਫ਼ 39 ਸਜ਼ਾਵਾਂ: ਗਵਾਹ ਡਰ ਕੇ ਮੁਕਰੇ, 300 ਮਾਮਲੇ ਰੱਦ

## ਮੋਦੀ ਸਰਕਾਰ ਵੱਲੋਂ ਵੀ ਜਾਂਚ ਅਧੂਰੀ: ਐੱਸ.ਆਈ.ਟੀ. ਨੇ 241 ਕੇਸ ਬੰਦ ਕੀਤੇ, ਨਸਲਕੁਸ਼ੀ ਨੂੰ 'ਦੰਗੇ' ਕਿਉਂ ਕਿਹਾ ਜਾਂਦਾ ਹੈ?

1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ, ਦਿੱਲੀ ਦੀਆਂ ਗਲੀਆਂ ਵਿੱਚ ਨਿਰਦੋਸ਼ ਸਿੱਖਾਂ ਦਾ ਕਤਲੇਆਮ ਹੋਇਆ ਸੀ। ਘਰਾਂ ਨੂੰ ਅੱਗ ਲਗਾਈ ਗਈ, ਗੁਰਦੁਆਰੇ ਤਬਾਹ ਕੀਤੇ ਗਏ, ਬਲਾਤਕਾਰ ਹੋਏ ਅਤੇ ਹਜ਼ਾਰਾਂ ਪਰਿਵਾਰ ਬੇਘਰ ਹੋ ਗਏ। ਅੱਜ 41 ਸਾਲ ਬੀਤ ਗਏ, ਪਰ ਪੀੜ੍ਹਤਾਂ ਨੂੰ ਅਜੇ ਵੀ ਇਨਸਾਫ਼ ਦੀ ਰਾਹ ਵੇਖਣੀ ਪੈ ਰਹੀ ਹੈ। ਸਰਕਾਰੀ ਰਿਕਾਰਡ ਮੁਤਾਬਕ ਦਿੱਲੀ ਵਿੱਚ 2,733 ਸਿੱਖ ਮਾਰੇ ਗਏ, ਪਰ ਪੀੜ੍ਹਤਾਂ ਦਾ ਕਹਿਣਾ ਹੈ ਕਿ ਅਸਲ ਗਿਣਤੀ 5,000 ਤੋਂ ਵੱਧ ਸੀ। ਇਹ ਦੰਗੇ ਨਹੀਂ ਸਨ, ਸਗੋਂ ਸਿੱਖਾਂ ਦੀ ਨਸਲਕੁਸ਼ੀ ਸੀ, ਜਿਸ ਨੇ ਸਿੱਖ ਕੌਮ ਨੂੰ ਬੇਚੈਨ ਕਰ ਦਿੱਤਾ। ਕਾਂਗਰਸ ਨੇਤਾਵਾਂ 'ਤੇ ਦੋਸ਼ ਲੱਗੇ ਕਿ ਉਨ੍ਹਾਂ ਨੇ ਭੀੜ ਨੂੰ ਭੜਕਾਇਆ। ਪੁਲਿਸ ਭੀੜਾਂ ਦੇ ਹੱਕ ਵਿੱਚ ਖੜ੍ਹੀ ਹੋਈ, ਗੁੰਡਿਆਂ ਦੀ ਮਦਦ ਵੀ ਕੀਤੀ। ਅੱਜ ਵੀ ਜ਼ਿਆਦਾਤਰ ਦੋਸ਼ੀ ਆਜ਼ਾਦ ਘੁੰਮ ਰਹੇ ਹਨ, ਜਦਕਿ ਪੀੜ੍ਹਤਾਂ ਨੂੰ ਨਿਆਂ ਦੀ ਉਡੀਕ ਹੈ। ਇਹ ਗੱਲ ਨਾ ਸਿਰਫ਼ ਸਿੱਖਾਂ ਨੂੰ, ਸਗੋਂ ਪੂਰੀ ਕੌਮ ਲਈ ਸਵਾਲ ਛੱਡ ਜਾਂਦੀ ਹੈ ਕਿ ਇਨਸਾਫ਼ ਕਦੋਂ ਮਿਲੇਗਾ?

1984 ਦੇ ਕਤਲੇਆਮ ਤੋਂ ਬਾਅਦ 650 ਕੇਸ ਦਰਜ ਹੋਏ ਸਨ, ਪਰ ਇਨਸਾਫ਼ ਦਾ ਰਾਹ ਬਹੁਤ ਲੰਮਾ ਅਤੇ ਉਲਝਣਾਂ ਨਾਲ ਭਰਿਆ ਹੈ। ਸਿਰਫ਼ 362 ਕੇਸਾਂ ਵਿੱਚ ਚਾਰਜਸ਼ੀਟ ਦਾਇਰ ਹੋਈ ਅਤੇ ਉਨ੍ਹਾਂ ਵਿੱਚੋਂ ਵੀ ਸਿਰਫ਼ 39 ਵਿੱਚ ਸਜ਼ਾਵਾਂ ਹੋਈਆਂ। ਬਾਕੀਆਂ 300 ਕੇਸਾਂ ਵਿੱਚ ਗਵਾਹਾਂ ਨੂੰ ਧਮਕਾ ਤੇ ਲਾਲਚ ਦੇਕੇ ਡਰਾਕੇ ਮੁਕਰਾਇਆ ਗਿਆ ਅਤੇ ਕੁਝ ਸਬੂਤਾਂ ਦੀ ਘਾਟ ਕਾਰਨ ਰੱਦ ਹੋ ਗਏ। ਇਹ ਅੰਕੜੇ ਨਾ ਸਿਰਫ਼ ਨਿਰਾਸ਼ਾਜਨਕ ਹਨ, ਸਗੋਂ ਇੱਕ ਸਿਸਟਮ ਦੀ ਨਾਕਾਮੀ ਨੂੰ ਉਜਾਗਰ ਕਰਦੇ ਹਨ।



ਸਾਬਕਾ ਕਾਂਗਰਸ ਸੰਸਦ ਮੈਂਬਰ ਸੱਜਣ ਕੁਮਾਰ 'ਤੇ ਪੰਜ ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ ਲੱਗੇ। 2018 ਵਿੱਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ, ਪਰ ਅਪੀਲ ਵਿੱਚ ਦਿੱਲੀ ਹਾਈਕੋਰਟ ਨੇ 2025 ਵਿੱਚ ਵੀ ਸੁਣਵਾਈ ਜਾਰੀ ਰੱਖੀ। ਉਹ ਅੱਜ ਵੀ ਤਿਹਾੜ ਜੇਲ੍ਹ ਵਿੱਚ ਹੈ। ਇਸੇ ਤਰ੍ਹਾਂ ਜਗਦੀਸ਼ ਟਾਈਟਲਰ 'ਤੇ ਗੁਰਦੁਆਰਾ ਪੁਲ ਬੰਗਾਸ਼ ਵਿੱਚ ਤਿੰਨ ਸਿੱਖਾਂ ਦੀ ਹੱਤਿਆ ਦਾ ਦੋਸ਼ ਹੈ। 2023 ਵਿੱਚ ਸੀ.ਬੀ.ਆਈ. ਨੇ ਚਾਰਜਸ਼ੀਟ ਦਾਇਰ ਕੀਤੀ ਅਤੇ ਅਪ੍ਰੈਲ 2025 ਵਿੱਚ ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਉਂਦੇ ਹੋਏ ਟ੍ਰਾਇਲ ਚਲਾਉਣ ਦਾ ਫੈਸਲਾ ਕੀਤਾ।

ਪੀੜ੍ਹਤਾਂ ਅਨੁਸਾਰ ਕੇਸਾਂ ਵਿੱਚ ਦੇਰੀ ਕਾਰਨ ਗਵਾਹ ਮਰ ਚੁਕੇ ਹਨ ਅਤੇ ਸਬੂਤ ਪੁਲਿਸ ਵੱਲੋਂ ਖੁਰਦ ਬੁਰਦ ਕਰ ਦਿਤੇ ਗਏ ਹਨ। ਇਸ ਤਰ੍ਹਾਂ ਅਪਰਾਧੀਆਂ ਨੂੰ ਬਚਾਉਣ ਲਈ ਸਟੇਟ ਨੇ ਭੂਮਿਕਾ ਨਿਭਾਈ। ਪੀੜ੍ਹਤਾਂ ਅਤੇ ਵਕੀਲਾਂ ਮੁਤਾਬਕ, ਗਵਾਹਾਂ ਨੂੰ ਧਮਕੀਆਂ ਮਿਲੀਆਂ, ਪੈਸੇ ਦਾ ਲਾਲਚ ਦਿੱਤਾ ਗਿਆ ਅਤੇ ਪੁਲਿਸ ਵੱਲੋਂ ਦਬਾਅ ਪਾਇਆ ਗਿਆ ਤੇ ਕੇਸ ਕਮਜ਼ੋਰ ਕੀਤੇ ਗਏ।

ਹਾਈਕੋਰਟ ਨੇ ਕਿਹਾ ਸੀ ਕਿ 1984 ਦੀ ਹਿੰਸਾ ਇੰਨੀ ਬੇਰਹਿਮ ਸੀ ਕਿ ਗਵਾਹ ਡਰ ਕਾਰਨ ਅੱਗੇ ਨਹੀਂ ਆਏ। ਪੀੜਤਾਂ ਦੇ ਵਕੀਲ ਐਡਵੋਕੇਟ ਐਚ.ਐੱਸ. ਫੂਲਕਾ ਨੇ ਕਿਹਾ, 'ਗਵਾਹਾਂ ਨੂੰ ਸੁਰੱਖਿਆ ਨਾ ਮਿਲਣ ਕਾਰਨ ਉਹ ਡਰ ਗਏ ਸਨ। ਇਹ ਸਿਸਟਮ ਦੀ ਨਾਕਾਮੀ ਸੀ।' ਹਿਊਮਨ ਰਾਈਟਸ ਵਾਚ ਨੇ ਵੀ ਰਿਪੋਰਟ ਵਿੱਚ ਕਿਹਾ ਸੀ ਕਿ ਪੁਲਿਸ ਨੇ ਗਵਾਹਾਂ ਨੂੰ ਡਰਾਇਆ ਅਤੇ ਧਮਕਾਇਆ। ਇਸ ਨਾਲ ਨਾ ਸਿਰਫ਼ ਪੀੜਤ ਸਿੱਖ ਕੇਸ ਹਾਰੇ ਜਾਂਦੇ ਹਨ, ਸਗੋਂ ਨਿਆਂ ਪ੍ਰਤੀ ਭਰੋਸਾ ਵੀ ਖਤਮ ਹੋ ਜਾਂਦਾ ਹੈ।

ਮੋਦੀ ਸਰਕਾਰ ਨੇ 2014 ਵਿੱਚ ਆਉਂਦੇ ਹੀ ਵਾਅਦਾ ਕੀਤਾ ਸੀ ਕਿ 1984 ਦੇ ਨਸਲਕੁਸ਼ੀ ਨੂੰ ਜਾਂਚਿਆ ਜਾਵੇਗਾ। 2015 ਵਿੱਚ ਐੱਸ.ਆਈ.ਟੀ. ਬਣਾਈ ਗਈ, ਪਰ ਇਸ ਨੇ 241 ਕੇਸ ਬੰਦ ਕਰ ਦਿੱਤੇ ਗਏ ਅਤੇ ਸਿਰਫ਼ 12 ਨੂੰ ਰੀ-ਇਨਵੈਸਟੀਗੇਟ ਕੀਤਾ। ਫੂਲਕਾ ਨੇ ਨਿਰਾਸ਼ਾ ਜ਼ਾਹਰ ਕੀਤੀ ਕਿ ਜ਼ਿਆਦਾਤਰ ਕੇਸਾਂ ਵਿੱਚ ਨਿਆਂ ਨਹੀਂ ਮਿਲਿਆ। 2018 ਵਿੱਚ ਸੁਪਰੀਮ ਕੋਰਟ ਨੇ ਐੱਸ.ਆਈ.ਟੀ. ਬਣਾਈ ਜਿਸ ਨੇ ਕੁਝ ਕੇਸ ਖੋਲ੍ਹੇ, ਜਿਵੇਂ ਟਾਈਟਲਰ ਵਾਲਾ।

ਪਰ ਪੀੜ੍ਹਤ ਕਹਿੰਦੇ ਹਨ ਕਿ ਜਾਂਚ ਵਿੱਚ ਦੇਰੀ ਹੈ ਅਤੇ ਜਾਂਚ ਪੂਰੀ ਤਰ੍ਹਾਂ ਨਹੀਂ ਹੋ ਰਹੀ। ਇੱਕ ਰਿਪੋਰਟ ਮੁਤਾਬਕ, ਸਰਕਾਰ ਨੇ ਨਾਨਾਵਤੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਕੰਮ ਨਹੀਂ ਕੀਤਾ। 2019 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਇਸ ਨੂੰ 'ਭਿਅੰਕਰ ਨਸਲਕੁਸ਼ੀ' ਕਿਹਾ, ਪਰ ਪਾਰਲੀਮੈਂਟ ਵਿੱਚ ਮਤਾ ਨਹੀਂ ਪਾਸ ਕੀਤਾ। ਫੂਲਕਾ ਨੇ ਕਿਹਾ, 'ਸਰਕਾਰ ਨੂੰ ਪੂਰੀ ਜਾਂਚ ਕਰਵਾਉਣੀ ਚਾਹੀਦੀ ਹੈ, ਪਾਰਲੀਮੈਂਟ ਵਿੱਚ ਇਸ ਬਾਰੇ ਨਸਲਕੁਸ਼ੀ ਦਾ ਮਤਾ ਪਾਸ ਕਰਵਾਉਣਾ ਚਾਹੀਦਾ।' ਭਾਜਪਾ ਨੇ ਕਾਂਗਰਸ ਨੂੰ ਨਿਸ਼ਾਨਾ ਬਣਾਇਆ, ਪਰ ਪੀੜ੍ਹਤਾਂ ਨੂੰ ਲੱਗਦਾ ਹੈ ਕਿ ਨਿਆਂ ਅਧੂਰਾ ਹੈ।

ਐਚ.ਐੱਸ. ਫੂਲਕਾ ਉਹ ਨਾਮ ਹੈ ਜੋ 1984 ਦੇ ਪੀੜ੍ਹਤਾਂ ਲਈ ਇਨਸਾਫ਼ ਦੀ ਰੌਸ਼ਨੀ ਬਣਿਆ। ਉਨ੍ਹਾਂ ਨੇ 40 ਸਾਲਾਂ ਤੋਂ ਵੱਧ ਸਮੇਂ ਤੋਂ ਇਹ ਉਲਝਣਾਂ ਭਰੇ ਕੇਸ ਲੜੇ ਹਨ। ਸੱਜਣ ਕੁਮਾਰ ਨੂੰ ਜੇਲ੍ਹ ਭੇਜਣ ਵਾਲਾ ਕੇਸ ਉਨ੍ਹਾਂ ਨੇ ਹੀ ਲੜਿਆ। 2025 ਵਿੱਚ ਟਾਈਟਲਰ ਵਾਲੇ ਕੇਸ ਵਿੱਚ ਵੀ ਉਹ ਲੜ ਰਹੇ ਹਨ। ਫੂਲਕਾ ਨੇ ਕਿਹਾ, 'ਅਸੀਂ ਨਾ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦੇਵਾਂਗੇ, ਸਗੋਂ ਭਵਿੱਖ ਵਿੱਚ ਅਜਿਹੇ ਅਪਰਾਧ ਨਾ ਹੋਣ।' ਉਨ੍ਹਾਂ ਨੂੰ 2019 ਵਿੱਚ ਪਦਮ ਸ਼੍ਰੀ ਮਿਲਿਆ ਸੀ। ਫੂਲਕਾ ਨੇ ਸੁਪਰੀਮ ਕੋਰਟ ਵਿੱਚ ਅਪੀਲਾਂ ਕੀਤੀਆਂ ਅਤੇ ਗਵਾਹਾਂ ਨੂੰ ਸੁਰੱਖਿਆ ਲਈ ਲੜੇ। ਦਿੱਲੀ ਸਿੱਖ ਲੀਡਰਸ਼ਿਪ, ਜਿਵੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨੇ ਰਾਹਤ ਅਤੇ ਜਾਂਚ ਵਿੱਚ ਮਦਦ ਕੀਤੀ, ਪਰ ਪੀੜਤਾਂ ਨੂੰ ਨਿਰਾਸ਼ਾਜਨਕ ਰੋਲ ਮਿਲਿਆ। ਕਈ ਲੀਡਰਾਂ ਨੇ ਰਾਜਨੀਤਕ ਖੇਡ ਖੇਡੀ ਅਤੇ ਪੀੜ੍ਹਤਾਂ ਨਾਲ ਧੋਖਾ ਕੀਤਾ। ਪੀੜ੍ਹਤਾਂ ਨੂੰ ਇਕੱਲੇ ਛੱਡ ਦਿੱਤਾ ਗਿਆ।

ਇਸ ਕਤਲੇਆਮ ਬਾਰੇ 10 ਤੋਂ ਵੱਧ ਕਮਿਸ਼ਨ ਬਣੇ, ਜਿਵੇਂ ਮਿਸ਼ਰਾ, ਨਾਨਾਵਤੀ ਅਤੇ ਕਪੂਰ-ਮਿੱਤਲ, ਪਰ ਨਿਆਂ ਨਹੀਂ ਮਿਲਿਆ। ਨਾਨਾਵਤੀ ਨੇ ਕਾਂਗਰਸ ਲੀਡਰਾਂ ਦੀ ਸ਼ਮੂਲੀਅਤ ਨੂੰ ਮੰਨਿਆ, ਪਰ ਕੋਈ ਕਾਰਵਾਈ ਨਹੀਂ ਹੋਈ। ਇਹਨਾਂ ਨੇ ਨਸਲਕੁਸ਼ੀ ਨੂੰ 'ਦੰਗੇ' ਕਿਹਾ, ਜੋ ਇੱਕ ਗਲਤ ਨਾਮ ਹੈ। ਅੰਤਰਰਾਸ਼ਟਰੀ ਤੌਰ 'ਤੇ ਇਸ ਨੂੰ ਜੀਨੋਸਾਈਡ ਮੰਨਿਆ ਜਾਂਦਾ ਹੈ - ਕੈਨੇਡਾ, ਅਮਰੀਕਾ ਅਤੇ ਯੂਕੇ ਨੇ ਮਤੇ ਪਾਸ ਕੀਤੇ। ਪ੍ਰਧਾਨ ਮੰਤਰੀ ਮੋਦੀ ਨੇ 2019 ਵਿੱਚ 'ਹੌਰੈਂਡਸ ਜੀਨੋਸਾਈਡ' ਕਿਹਾ, ਪਰ ਪਾਰਲੀਮੈਂਟ ਵਿੱਚ ਮਤਾ ਨਹੀਂ ਪਾਸ ਕੀਤਾ ਫੂਲਕਾ ਨੇ ਕਿਹਾ, 'ਕਮਿਸ਼ਨਾਂ ਨੇ ਰਿਪੋਰਟਾਂ ਬਣਾਈਆਂ, ਪਰ ਨਿਆਂ ਨਹੀਂ ਦਿੱਤਾ। ਇਸ ਨੂੰ ਨਸਲਕੁਸ਼ੀ ਮੰਨ ਕੇ ਮਾਫੀ ਮੰਗੋ।' ਇਸ ਸੱਚ ਨੂੰ ਮੰਨੋ, ਤਾਂ ਹੀ ਸਿੱਖ ਪੰਥ ਦੇ ਜ਼ਖਮ ਭਰਨਗੇ।

# ਲੋਕ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਕਦੇ ਨਾ ਭੁੱਲਣ: ਪੁਰੀ

## ਸਿੱਖ ਵਿਰੋਧੀ ਦੰਗਿਆਂ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦੇ ਸਭ ਤੋਂ ਕਾਲੇ ਧੱਬਿਆਂ ਵਿੱਚੋਂ ਇੱਕ ਦੱਸਿਆ

ਨਵੀਂ ਦਿੱਲੀ/ਏ.ਟੀ.ਨਿਊਜ਼: ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਪਿਛਲੇ ਦਿਨੀਂ ਸਿੱਖ ਵਿਰੋਧੀ ਦੰਗਿਆਂ ਦੀ ਬਰਸੀ ਮੌਕੇ 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਭੜਕੀ ਭੀੜ ਹੱਥੋਂ ਸਿੱਖ ਭਾਈਚਾਰੇ ਨੂੰ ਦਰਪੇਸ਼ ਭਿਆਨਕਤਾ ਤੇ ਦਿਲ ਦਹਿਲਾਉਣ ਵਾਲੇ ਦ੍ਰਿਸ਼ਾਂ ਨੂੰ ਯਾਦ ਕੀਤਾ। ਪੁਰੀ, ਜੋ ਉਦੋਂ ਜੇਨੇਵਾ ਵਿੱਚ ਪਹਿਲੇ ਸਕੱਤਰ ਵਜੋਂ ਤਾਇਨਾਤ ਸਨ, ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਮਾਪਿਆਂ ਦੀ ਜਾਨ ਦਾ ਡਰ ਸਤਾ ਰਿਹਾ ਸੀ ਜੋ ਉਸ ਵੇਲੇ ਦਿੱਲੀ ਵਿੱਚ ਰਹਿੰਦੇ ਸਨ।

ਮੰਤਰੀ ਨੇ ਉਸ ਦਿਨ ਨੂੰ ਯਾਦ ਕਰਦਿਆਂ ਕਿਹਾ, "ਹੋਰਨਾਂ ਸਿੱਖਾਂ ਵਾਂਗ ਇਹ ਹਿੰਸਾ ਮੇਰੇ ਘਰ ਦੇ ਨੇੜੇ ਵੀ ਪਹੁੰਚੀ। ਮੈਂ ਉਦੋਂ ਜੇਨੇਵਾ ਵਿੱਚ ਤਾਇਨਾਤ ਪਹਿਲਾ ਸਕੱਤਰ ਸੀ ਅਤੇ ਆਪਣੇ ਮਾਪਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਬਾਰੇ ਬਹੁਤ ਫ਼ਿਕਰਮੰਦ ਸੀ। ਮੇਰੇ ਮਾਪੇ ਹੌਜ਼ ਖਾਸ ਦੇ ਐਸ.ਐਫ.ਐਸ. ਵਿੱਚ ਇੱਕ ਡੀ.ਡੀ.ਏ. ਫਲੈਟ ਵਿੱਚ ਰਹਿੰਦੇ ਸਨ। ਉਨ੍ਹਾਂ ਨੂੰ ਮੇਰੇ ਇੱਕ ਹਿੰਦੂ ਦੋਸਤ ਨੇ ਸਮੇਂ ਸਿਰ ਬਚਾ ਲਿਆ ਅਤੇ ਖਾਨ ਮਾਰਕੀਟ ਵਿੱਚ ਮੇਰੇ ਦਾਦਾ-ਦਾਦੀ ਦੇ ਪਹਿਲੀ ਮੰਜ਼ਿਲ ਵਾਲੇ ਘਰ ਵਿੱਚ ਲੈ ਗਏ। ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿੱਚ ਅਣਕਿਆਸੀ ਹਿੰਸਾ ਫੈਲੀ ਹੋਈ ਸੀ।"

'84 ਦੇ ਦੰਗਿਆਂ ਲਈ ਕਾਂਗਰਸ ਨੂੰ ਲੰਮੇ ਹੱਥੀਂ ਲੈਂਦਿਆਂ ਪੁਰੀ ਨੇ ਕਿਹਾ ਕਿ ਅੱਜ ਹਿੰਸਾ ਦੇ ਉਨ੍ਹਾਂ ਕਾਲੇ ਦਿਨਾਂ ਨੂੰ ਗੁੱਸੇ ਨਾਲ ਯਾਦ ਕਰਨ ਦਾ ਵੇਲਾ ਹੈ। ਅਸੀਂ ਦੰਗਾ ਪੀੜਤਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ ਅਤੇ ਉਨ੍ਹਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਦੇ ਦੁੱਖ ਅਤੇ ਦਰਦ ਨਾਲ ਹਮਦਰਦੀ ਰੱਖਦੇ ਹਾਂ। ਉਨ੍ਹਾਂ ਕਿਹਾ, "ਸਮਾਂ ਆ ਗਿਆ ਹੈ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਮਾਵੇਸ਼ੀ ਵਿਕਾਸ ਅਤੇ ਸ਼ਾਂਤੀ ਦੇ ਯੁੱਗ ਦੀ ਕਦਰ ਕਰੀਏ। ਅੱਜ ਭਾਰਤ ਨਾ ਸਿਰਫ਼ ਆਪਣੀਆਂ ਘੱਟਗਿਣਤੀਆਂ ਨੂੰ ਸੁਰੱਖਿਅਤ ਰੱਖਦਾ ਹੈ ਬਲਕਿ ਬਿਨਾਂ ਕਿਸੇ ਪੱਖਪਾਤ ਜਾਂ ਭੇਦਭਾਵ ਦੇ 'ਸਭਕਾ ਸਾਥ, ਸਭਕਾ ਵਿਕਾਸ' ਯਕੀਨੀ ਬਣਾਉਂਦਾ ਹੈ।" ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ 1984 ਦੇ ਦੰਗਿਆਂ ਨੂੰ ਕਦੇ ਨਾ ਭੁੱਲਣ। ਪੁਰੀ ਨੇ ਸਿੱਖ ਵਿਰੋਧੀ ਦੰਗਿਆਂ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦੇ ਸਭ ਤੋਂ ਕਾਲੇ ਧੱਬਿਆਂ ਵਿੱਚੋਂ ਇੱਕ ਦੱਸਿਆ।



ਕੇਂਦਰੀ ਮੰਤਰੀ ਨੇ ਕਿਹਾ, "1984 ਦੇ ਉਨ੍ਹਾਂ ਦਿਨਾਂ ਨੂੰ ਯਾਦ ਕਰਕੇ ਅੱਜ ਵੀ ਮੈਨੂੰ ਕੰਬਣੀ ਆਉਂਦੀ ਹੈ... ਜਦੋਂ ਬੇਸਹਾਰਾ ਅਤੇ ਨਿਰਦੋਸ਼ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ ਸੀ, ਅਤੇ ਕਾਂਗਰਸੀ ਆਗੂਆਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਅਗਵਾਈ ਵਾਲੀ ਭੀੜ ਨੇ ਉਨ੍ਹਾਂ ਦੀਆਂ ਜਾਇਦਾਦਾਂ ਅਤੇ ਧਾਰਮਿਕ ਸਥਾਨਾਂ ਨੂੰ ਲੁੱਟਿਆ ਸੀ। ਇਹ ਸਭ ਇੰਦਰਾ ਗਾਂਧੀ ਦੇ ਘਿਨਾਉਣੇ ਕਤਲ ਦਾ 'ਬਦਲਾ' ਲੈਣ ਦੇ ਨਾਮ 'ਤੇ ਸੀ।" ਮੰਤਰੀ ਨੇ ਅੱਗੇ ਕਿਹਾ ਕਿ ਇਹ ਉਦੋਂ ਸੀ ਜਦੋਂ ਪੁਲਿਸ ਨੂੰ ਮੂਕ ਦਰਸ਼ਕ ਬਣ ਕੇ ਖੜ੍ਹੀ ਰਹਿਣ ਲਈ ਮਜਬੂਰ ਕੀਤਾ ਗਿਆ। ਸਿੱਖਾਂ ਨੂੰ ਉਨ੍ਹਾਂ ਦੇ ਘਰਾਂ, ਵਾਹਨਾਂ ਅਤੇ ਗੁਰਦੁਆਰਿਆਂ ਤੋਂ ਬਾਹਰ ਕੱਢ ਕੇ ਜ਼ਿੰਦਾ ਸਾੜਿਆ ਜਾ ਰਿਹਾ ਸੀ। ਰਖਵਾਲੇ ਹੀ ਅਪਰਾਧੀ ਬਣ ਗਏ ਸਨ।ਸਿੱਖਾਂ ਦੀ ਮਾਲਕੀ ਵਾਲੇ ਘਰਾਂ ਅਤੇ ਜਾਇਦਾਦਾਂ ਦੀ ਪਛਾਣ ਕਰਨ ਲਈ ਵੋਟਰ ਸੂਚੀਆਂ ਦੀ ਵਰਤੋਂ ਕੀਤੀ ਗਈ; ਕਈ ਦਿਨਾਂ ਤੱਕ ਹਿੰਸਕ ਭੀੜ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਪੁਰੀ ਨੇ ਕਿਹਾ, "ਇਸ ਦੀ ਬਜਾਏ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸਿੱਖਾਂ ਦੇ ਕਤਲੇਆਮ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ 'ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ, ਤਾਂ ਧਰਤੀ ਹਿੱਲਦੀ ਹੈ।" ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਗੁਰਦੁਆਰਿਆਂ ਦੇ ਬਾਹਰ ਹਿੰਸਕ ਹਜੂਮ ਦੀ ਅਗਵਾਈ ਕਰਦੇ ਦੇਖੇ ਗਏ, ਜਦੋਂ ਕਿ ਪੁਲਿਸ ਮੂਕ ਦਰਸ਼ਕ ਬਣ ਕੇ ਸਭ ਕੁਝ ਦੇਖਦੀ ਰਹੀ। (ਬਾਕੀ ਸਫ਼ਾ 26 'ਤੇ)

# 1984 ਸਿੱਖ ਨਸਲਕੁਸ਼ੀ ਭਾਰਤ ਦੇ ਮੱਥੇ 'ਤੇ ਕਾਲਾ ਧੱਬਾ : ਜਥੇਦਾਰ ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਸਮੂਹ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਿੱਖਾਂ ਨੂੰ ਅੱਜ ਤੱਕ 1984 ਵਿੱਚ ਕੀਤੇ ਗਏ ਕਤਲ-ਏ-ਆਮ ਦਾ ਇਨਸਾਫ਼ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਨਸਲਕੁਸ਼ੀ ਕਰਨ ਵਾਲੇ ਬਹੁਤੇ ਦੋਸ਼ੀ ਫੜੇ ਨਹੀਂ ਗਏ ਅਤੇ ਖ਼ਾਸਕਰ ਕਾਂਗਰਸ ਦੇ ਵੱਡੇ ਆਗੂ ਅੱਜ ਵੀ ਅਜ਼ਾਦ ਹਨ ਜਦਕਿ ਪੀੜਤ ਸਿੱਖ ਪਰਿਵਾਰ ਉਨ੍ਹਾਂ ਨੂੰ ਸਜ਼ਾਵਾਂ ਦੀ ਰਾਹ ਦੇਖ ਰਹੇ ਹਨ ਜੋ ਕਿ ਜਮਹੂਰੀ ਕਹੇ ਜਾਣ ਵਾਲੇ ਭਾਰਤ ਦੇ ਮੱਥੇ ਉੱਤੇ ਕਾਲਾ ਧੱਬਾ ਹੈ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਅੰਦਰ ਘੱਟ ਗਿਣਤੀਆਂ ਖ਼ਾਸਕਰ ਸਿੱਖਾਂ ਨੂੰ ਇਨਸਾਫ਼ ਦੇਣ ਦੀ ਗੱਲ ਆਉਂਦੀਹੈ ਤਾਂ ਸਰਕਾਰੀ ਤੰਤਰ ਦੇ ਮਾਪਦੰਡ ਬਦਲ ਕੇ ਵਿਤਕਰੇ ਵਾਲੇ ਹੋ ਜਾਂਦੇ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਅੱਜ ਸਿੱਖਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਜਦੋਂ ਸਿੱਖ ਨਸਲਕੁਸ਼ੀ ਦੀ ਗੱਲ ਆਉਂਦੀ ਹੈ ਤਾਂ ਬਹੁਤਾਤ ਧਿਰਾਂ ਇੱਕ ਪਾਸੇ ਸਾਡੇ ਵਿਰੁੱਧ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਜਾਂ ਕਾਂਗਰਸੀ ਆਗੂਆਂ ਉੱਤੇ ਦੋਸ਼ ਲੱਗੇ, ਸਰਕਾਰਾਂ ਤੇ ਏਜੰਸੀਆਂ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਸੰਜੀਦਗੀ ਤੇ ਇਮਾਨਦਾਰੀ ਨਾਲ ਜਾਂਚ ਕਰਨ ਦੀ ਸੀ, ਜੋ ਕਿ ਨਹੀਂ ਹੋਈ ਲੇਕਿਨ ਸਿੱਖ ਚੇਤਨਾ ਅਜਿਹੇ ਸਾਰੇ ਲੋਕਾਂ ਨੂੰ ਅੰਦਰੋਂ ਦੋਸ਼ੀ ਮੰਨਦੀ ਹੈ। ਉਨ੍ਹਾਂ ਕਿਹਾ ਕਿ



ਇਸ ਲਈ ਜਿਹੜੇ ਵੀ ਲੋਕਾਂ ਤੇ ਕਾਂਗਰਸ ਦੇ ਆਗੂਆਂ ਦਾ ਸਿੱਖ ਨਸਲਕੁਸ਼ੀ ਵਿੱਚ ਨਾਮ ਆਇਆ ਹੈ, ਸਿੱਖਾਂ ਤੇ ਸਿੱਖ ਅਦਾਕਾਰਾਂ ਨੂੰ ਉਨ੍ਹਾਂ ਨਾਲ ਮੇਲ ਮਿਲਾਪ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਸਿੱਖ ਕੌਮ ਦੇ ਅੱਲ੍ਹੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲੀ ਗੱਲ ਹੈ। ਬੀਤੇ ਦਿਨੀਂ ਦਿਲਜੀਤ ਦੋਸਾਂਝ ਵੱਲੋਂ ਫ਼ਿਲਮ ਅਦਾਕਾਰ ਅਤੇ ਕਾਂਗਰਸੀ ਆਗੂ ਰਹੇ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਾਉਣ ਦੇ ਮਸਲੇ ਉੱਤੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਵੇਂ ਕਿ ਅਮਿਤਾਭ ਬੱਚਨ ਆਪਣੇ ਉੱਤੇ ਲੱਗੇ ਦੋਸ਼ਾਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੇ ਆਪਣੇ ਪੱਤਰ ਰਾਹੀਂ ਭੱਜਦਾ ਹੈ, ਲੇਕਿਨ ਉਸ ਵਿਰੁੱਧ ਚਸ਼ਮਦੀਦ ਗਵਾਹ ਸ. ਮਨਜੀਤ ਸਿੰਘ ਸੈਣੀ ਦੀ ਦਿੱਤੀ ਗਈ ਗਵਾਹੀ ਦੀ ਜਾਂਚ ਸਰਕਾਰ ਤੇ ਏਜੰਸੀਆਂ ਵੱਲੋਂ ਨਹੀਂ ਕੀਤੀ ਗਈ, ਇਸ ਲਈ ਸਿੱਖ ਚੇਤਨਾ ਅੰਦਰ ਅਜੇ ਤੱਕ ਉਹ ਸੁਰਖ਼ਰੂ ਨਹੀਂ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖਾਂ ਲਈ 1984 ਸਿੱਖ ਨਸਲਕੁਸ਼ੀ ਦਾ ਵਰਤਾਰਾ ਨਾ ਭੁੱਲਣਯੋਗ, ਨਾ ਬਖ਼ਸ਼ਣਯੋਗ ਅਤੇ ਨਾ ਸਹਿਣਯੋਗ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਅੰਦਰ ਪਹਿਲਾਂ ਵੀ ਘੱਲੂਘਾਰਿਆਂ ਵਿਚੋਂ ਲੰਘੇ ਹਨ, ਇਸ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿੱਚ ਹਨ।

(ਬਾਕੀ ਸਫ਼ਾ 26 'ਤੇ)

# ਗੁਰਦੁਆਰਾ ਮੋਤੀ ਸਾਹਿਬ ਤੋਂ ਚਰਨ ਸੁਹਾਵੇ ਗੁਰੂ ਚਰਨ ਯਾਤਰਾ ਦਾ ਆਯੋਜਨ

ਪਟਨਾ/ਏ.ਟੀ.ਨਿਊਜ਼: ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਜੋੜਾ ਸਾਹਿਬਾਂ ਨਾਲ ਦਿੱਲੀ ਦੇ ਗੁਰਦੁਆਰਾ ਮੋਤੀ ਸਾਹਿਬ ਤੋਂ ਸ਼ੁਰੂ ਹੋਈ ਚਰਨ ਸੁਹਾਵੇ ਗੁਰੂ ਚਰਨ ਯਾਤਰਾ ਤਖ਼ਤ ਪਟਨਾ ਸਾਹਿਬ ਪਹੁੰਚੀ, ਜਿਥੇ ਗੁਰੂ ਸਾਹਿਬ ਅਤੇ ਮਾਤਾ ਜੀ ਦੇ ਜੋੜਾ ਸਾਹਿਬ ਤਖ਼ਤ ਪਟਨਾ ਸਾਹਿਬ ਵਿਖੇ ਦੀਵਾਨ ਹਾਲ ਦੇ ਪਿੱਛੇ ਗੁੰਬਦ ਵਿੱਚ ਸਥਾਈ ਤੌਰ 'ਤੇ ਸਥਾਪਤ ਕੀਤੇ ਗਏ ਸਨ, ਜਿਥੇ ਸੰਗਤ ਉਨ੍ਹਾਂ ਦੇ ਦਰਸ਼ਨ ਕਰ ਸਕਦੀ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਆਪਣੇ ਪਰਿਵਾਰ ਸਮੇਤ ਗੁਰੂ ਚਰਨ ਯਾਤਰਾ ਦੀ ਸਮਾਪਤੀ ਵਿੱਚ ਸ਼ਿਰਕਤ ਕੀਤੀ।



ਇਸ ਮੌਕੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਵਧੀਕ ਹੈੱਡ ਗ੍ਰੰਥੀ ਗਿਆਨੀ ਦਲੀਪ ਸਿੰਘ, ਗਿਆਨੀ ਗੁਰਦਿਆਲ ਸਿੰਘ, ਪ੍ਰਧਾਨ ਜਗਜੋਤ ਸਿੰਘ ਸੋਹੀ, ਜਨਰਲ ਸਕੱਤਰ ਇੰਦਰਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਮੀਡੀਆ ਇੰਚਾਰਜ ਸੁਦੀਪ ਸਿੰਘ, ਸੁਮਿਤ ਸਿੰਘ ਕਲਸੀ, ਸੁਪਰਡੈਂਟ ਦਲਜੀਤ ਸਿੰਘ, ਮੈਨੇਜਰ ਪਪਿੰਦਰ ਸਿੰਘ ਨੇ ਯਾਤਰਾ ਵਿੱਚ ਸ਼ਾਮਿਲ ਪੰਜ ਪਿਆਰੇ ਸਾਹਿਬਾਨ ਅਤੇ ਹਰਦੀਪ ਸਿੰਘ ਪੁਰੀ ਪਰਿਵਾਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।

ਸ੍ਰੀ ਜਗਜੋਤ ਸਿੰਘ ਸੋਹੀ ਸਮੇਤ ਹੋਰ ਕਮੇਟੀ ਮੈਂਬਰਾਂ ਨੇ ਯਾਤਰਾ ਦੇ ਕੋ-ਆਰਡੀਨੇਟਰ ਜਸਬੀਰ ਸਿੰਘ ਧਾਮ ਅਤੇ ਇੰਚਾਰਜ ਹਰਜੀਤ ਸਿੰਘ ਇਰਪ੍ਰੀਤ ਸਿੰਘ ਬਖਸ਼ੀ ਨੂੰ ਵੀ ਸਨਮਾਨਿਤ ਕੀਤਾ।

ਸ੍ਰੀ ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਗੁਰੂ ਚਰਨ ਯਾਤਰਾ ਸਾਸਾਰਾਮ ਤੋਂ ਸ਼ੁਰੂ ਹੋ ਕੇ ਦੇਰ ਰਾਤ ਗੁਰਦੁਆਰਾ ਗੁਰੂ ਕਾ ਬਾਗ ਪਹੁੰਚੀ, ਜਿਥੋਂ ਇਹ ਨਗਰ ਕੀਰਤਨ ਦੇ ਰੂਪ ਵਿਚ ਚੱਲ ਕੇ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚੀ, ਜਿਥੇ ਗੁਰੂ ਸਾਹਿਬ ਅਤੇ ਮਾਤਾ ਸਾਹਿਬ ਦੇ ਜੋੜਾ ਸਾਹਿਬ ਪੱਕੇ ਤੌਰ 'ਤੇ ਦੀਵਾਨ ਹਾਲ ਦੇ ਪਿਛੇ ਗੁੰਬਦ ਵਿੱਚ ਸੁਸ਼ੋਭਿਤ ਹਨ, ਜਿਥੇ ਸੰਗਤ ਉਨ੍ਹਾਂ ਦੇ ਦਰਸ਼ਨ ਕਰ ਸਕੇਗੀ।

## ਸੰਗਤ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਜਾਣਾ ਮੇਰੇ ਪਰਿਵਾਰ ਲਈ ਸੀ ਬਹੁਤ ਭਾਵੁਕ ਪਲ: ਹਰਦੀਪ ਸਿੰਘ ਪੁਰੀ

ਨਵੀਂ ਦਿੱਲੀ/ਏ.ਟੀ.ਨਿਊਜ਼: ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਟਵੀਟ ਕਰ ਕਿਹਾ ਕਿ ਮੇਰੇ ਪਰਿਵਾਰ ਲਈ ਇਕ ਬਹੁਤ ਹੀ ਭਾਵੁਕ ਪਲ ਸੀ, ਜਦੋਂ ਅਸੀਂ ਸਿੱਖ ਸੰਗਤ ਦੇ ਨਾਲ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਖਾਲਸਾ ਮਾਤਾ ਸਾਹਿਬ ਕੌਰ ਜੀ ਦੇ ਪਵਿੱਤਰ ਜੋੜੇ ਸਾਹਿਬ ਦੀ ਸੇਵਾ ਕਰਨ ਲਈ ਆਪਣੇ ਗੁਰੂ ਸਾਹਿਬ ਦੇ ਪਵਿੱਤਰ ਜਨਮ ਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪਹੁੰਚੇ ਉਨ੍ਹਾਂ ਕਿਹਾ ਕਿ ਪੁਰਖਿਆਂ, ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਸੇਵਾ ਕੀਤੀ ਸੀ, ਨੂੰ 300 ਤੋਂ ਵੱਧ ਸਾਲ ਪਹਿਲਾਂ ਪਵਿੱਤਰ ਜੋੜੇ ਸਾਹਿਬ 'ਚਰਨ ਸੁਹਾਵਾ' ਦਿੱਤਾ ਗਿਆ ਸੀ। ਅਸੀਂ 22 ਅਕਤੂਬਰ, 2025 ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਪਵਿੱਤਰ ਨਿਸ਼ਾਨੀਆਂ ਸੌਂਪ ਦਿੱਤੀਆਂ ਸਨ। 9 ਦਿਨਾਂ ਦੀ ਪਵਿੱਤਰ ਗੁਰੂ ਚਰਨ ਯਾਤਰਾ ਰਾਹੀਂ, ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚੋਂ ਦੀ ਯਾਤਰਾ ਕਰਕੇ, ਪਵਿੱਤਰ ਨਿਸ਼ਾਨੀਆਂ ਬਹੁਤ ਉਤਸ਼ਾਹ, ਸ਼ਰਧਾ ਅਤੇ ਜੋਸ਼ ਨਾਲ ਪਟਨਾ ਸਾਹਿਬ ਲਿਆਂਦੀਆਂ ਗਈਆਂ।

## ਗਿਆਨੀ ਸੁਲਤਾਨ ਸਿੰਘ ਦੇ ਤਬਾਦਲੇ ਕਾਰਨ ਸਿੱਖ ਸਿਆਸਤ 'ਚ ਨਵੀਂ ਹਲਚਲ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼ : ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਜੋ ਕਿ ਇਸ ਵੇਲੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਸਨ, ਦਾ ਤਬਾਦਲਾ ਸ਼੍ਰੋਮਣੀ ਕਮੇਟੀ ਵੱਲੋਂ ਕਰ ਕੇ ਸ੍ਰੀ ਮੁਕਤਸਰ ਸਾਹਿਬ ਵਿਖੇ ਗ੍ਰੰਥੀ ਸਿੰਘ ਵਜੋਂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਨੇ ਸਿਰਫ ਧਾਰਮਿਕ ਵਰਗਾਂ ਨਹੀਂ, ਸਗੋਂ ਆਮ ਸੰਗਤ ਵਿੱਚ ਵੀ ਵੱਡੀ ਚਰਚਾ ਨੂੰ ਜਨਮ ਦਿੱਤਾ ਹੈ। ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਰਹਿ ਕੇ ਸੇਵਾ ਨਿਭਾਈ ਅਤੇ ਬਾਅਦ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਵਜੋਂ ਨਿਯੁਕਤ ਹੋਏ ਸਨ। ਉਹਨਾਂ ਦੇ ਹਾਲੀਆ ਤਬਾਦਲੇ ਨੂੰ ਕਈ ਸਿੱਖ ਸੰਗਠਨਾਂ ਵੱਲੋਂ ਸਿਰਫ ਪ੍ਰਸ਼ਾਸਨਿਕ ਫ਼ੈਸਲਾ ਨਹੀਂ, ਸਗੋਂ ਰਾਜਨੀਤਕ ਪ੍ਰੇਰਿਤ ਵਜੋਂ ਦੇਖਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਮੁੱਖ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਇਸ ਤਬਾਦਲੇ ਨੂੰ ਸਿੱਧੇ ਤੌਰ 'ਤੇ ਜਥੇਦਾਰਾਂ ਨੂੰ ਜ਼ਲੀਲ ਕਰਨ ਵਾਲਾ ਕਦਮ ਕਹਿੰਦੇ ਹੋਏ ਤਿੱਖਾ ਰੋਸ ਪ੍ਰਗਟਾਇਆ ਹੈ।



(ਬਾਕੀ ਸਫ਼ਾ 26 'ਤੇ)

## ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਚਾਂਦੀ ਦਾ ਸਿੱਕਾ ਜਾਰੀ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਚਾਂਦੀ ਦਾ ਸਿੱਕਾ ਜਾਰੀ ਕੀਤਾ। ਇਹ ਸਿੱਕਾ ਸਰਕਾਰੀ ਟਕਸਾਲ ਐੱਮ ਐੱਮ ਟੀ ਸੀ ਨੇ ਬਣਾ ਕੇ ਜਾਰੀ ਕੀਤਾ ਤੇ ਇਸ ਦਾ ਵਜ਼ਨ 20 ਗ੍ਰਾਮ ਹੈ ਅਤੇ ਅੱਜ ਦੇ ਚਾਂਦੀ ਦੇ ਭਾਅ ਦੇ ਹਿਸਾਬ ਨਾਲ ਇਸ ਦਾ ਮੁੱਲ 6000 ਰੁਪਏ ਹੈ।

ਸਿੱਕਾ ਜਾਰੀ ਕਰਨ ਸਮੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਅਤੇ ਧਰਮ ਪ੍ਰਚਾਰ ਵਿੰਗ ਦੇ ਮੁਖੀ ਜਸਪ੍ਰੀਤ ਸਿੰਘ ਕਰਮਸਰ ਮੌਜੂਦ ਸਨ। ਟਕਸਾਲ ਦੇ ਅਧਿਕਾਰੀਆਂ ਨੇ ਇਹ ਸਿੱਕੇ ਦਿਖਾਏ। ਸਿੱਕੇ ਉੱਪਰ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਥਾਨ ਗੁਰਦੁਆਰਾ ਸੀਸਗੰਜ ਸਾਹਿਬ ਦੀ ਤਸਵੀਰ ਉੱਕਰੀ ਹੋਈ ਹੈ। ਸ੍ਰੀ ਕਾਲਕਾ ਨੇ ਦੱਸਿਆ ਕਿ ਇਹ ਸਿੱਕਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੰਗਲਾ ਸਾਹਿਬ ਅਤੇ ਸੀਸਗੰਜ ਸਾਹਿਬ ਦੇ ਧਾਰਮਿਕ ਪੁਸਤਕ ਭੰਡਾਰਾਂ, ਸਰਕਾਰੀ ਅਦਾਰਿਆਂ ਅਤੇ ਬਾਜ਼ਾਰਾਂ ਦੇ ਅਹਿਮ ਸ਼ੋਅਰੂਮਾਂ ਤੋਂ ਵੀ ਮਿਲ ਸਕੇਗਾ। ਸ੍ਰੀ ਕਾਹਲੋਂ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਜੋ ਵੀ ਸ਼ਹੀਦੀ ਸ਼ਤਾਬਦੀਆਂ ਮਨਾਈਆਂ ਗਈਆਂ ਉਨ੍ਹਾਂ ਬਾਰੇ ਯਾਦਗਾਰੀ ਸਿੱਕੇ ਜਾਰੀ ਕੀਤੇ ਗਏ ਸਨ ਅਤੇ ਇਹ ਸਿੱਕਾ ਵੀ ਉਹ ਲੋਕਾਂ ਲਈ ਹੈ ਜੋ ਸ਼ਤਾਬਦੀਆਂ ਅਤੇ ਸਿੱਖ ਧਰਮ ਦੇ ਅਹਿਮ ਦਿਨਾਂ ਨਾਲ ਸਬੰਧਤ ਨਿਸ਼ਾਨੀਆਂ ਸਾਂਭਣਾ ਚਾਹੁੰਦੇ ਹਨ।



## ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਚ ਨਗਰ ਕੀਰਤਨ ਸਜਾਇਆ



ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਰਧਾ ਤੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖਤ ਤੋਂ ਪਾਵਨ ਸਰੂਪ ਨੂੰ ਆਪਣੇ ਸਿਰ 'ਤੇ ਲੈ ਕੇ ਸੁਨਹਿਰੀ ਪਾਲਕੀ ਵਿੱਚ ਸੁਸ਼ੋਭਿਤ ਕੀਤਾ। ਨਗਰ ਕੀਰਤਨ ਵਿੱਚ ਸਿੱਖ ਸ਼ਬਦੀ ਜਥੇ, ਬੈਂਡ ਅਤੇ ਗਤਕਾ ਜਥੇ ਤੇ ਹੋਰ ਸ਼ਾਮਲ ਸਨ।

ਇਸ ਤੋਂ ਪਹਿਲਾਂ ਖਾਲਸਾ ਕਾਲਜ ਦੀ ਪ੍ਰਬੰਧਕੀ ਕਮੇਟੀ ਗਵਰਨਰ ਕੌਂਸਲ ਵੱਲੋਂ ਇੱਕ ਨਗਰ ਕੀਰਤਨ ਸਜਾਇਆ ਗਿਆ, ਜੋ ਸ੍ਰੀ ਹਰਿਮੰਦਰ ਸਾਹਿਬ ਤੱਕ ਪੁੱਜਾ।

ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ ਅਤੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਵਾਪਸ ਸ੍ਰੀ ਹਰਿਮੰਦਰ ਸਾਹਿਬ ਸਮੂਹ ਪੁੱਜ ਕੇ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਸਿੱਖ ਸੰਗਤਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸਕੱਤਰ ਪ੍ਰਤਾਪ ਸਿੰਘ, ਮੈਨੇਜਰ ਭਗਵੰਤ ਸਿੰਘ ਧਗੇੜਾ ਤੇ ਹੋਰ ਵੱਡੀ ਗਿਣਤੀ ਵਿੱਚ ਅਧਿਕਾਰੀ ਦੇ ਕਰਮਚਾਰੀ ਸ਼ਾਮਲ ਸਨ

## ਪ੍ਰਕਾਸ਼ ਪੁਰਬ ਮਨਾਉਣ ਲਈ 2100 ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਪਹੁੰਚਿਆ



ਅੰਮ੍ਰਿਤਸਰ/ਏ.ਟੀ.ਨਿਊਜ਼: ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨਾਲ ਸਬੰਧਤ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ, ਲਗਭਗ 2,100 ਭਾਰਤੀ ਸਿੱਖ ਸ਼ਰਧਾਲੂ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਪਹੁੰਚੇ ਹਨ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਰਦਾਰ ਰਮੇਸ਼ ਸਿੰਘ ਅਰੋੜਾ (ਜੋ ਕਿ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਵੀ ਹਨ), ਨੇ ਸ਼ਰਧਾਲੂਆਂ ਦਾ ਸਵਾਗਤ ਕੀਤਾ। ਈਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਮੁਖੀ ਸਾਜਿਦ ਮਹਿਮੂਦ ਚੌਹਾਨ ਅਤੇ ਵਧੀਕ ਸਕੱਤਰ ਸ਼੍ਰਾਈਨਜ਼ ਨਾਸਿਰ ਮੁਸ਼ਤਾਕ ਨੇ ਵੀ ਵਾਹਗਾ ਚੈੱਕ ਪੋਸਟ 'ਤੇ ਭਾਰਤੀ ਸ਼ਰਧਾਲੂਆਂ ਦਾ ਨਿੱਘਾ ਸਵਾਗਤ ਕੀਤਾ। ਇਸ ਤੋਂ ਪਹਿਲਾਂ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਵਾਸਤੇ ਸਿੱਖ ਸ਼ਰਧਾਲੂਆਂ ਦਾ ਇੱਕ ਵੱਡਾ ਜੱਥਾ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਤੋਂ ਪਾਕਿਸਤਾਨ ਸਥਿਤ ਗੁਰੂਧਾਮਾਂ ਦੀ ਯਾਤਰਾ ਵਾਸਤੇ ਰਵਾਨਾ ਹੋਇਆ ਸੀ। ਇਸ ਜੱਥੇ ਨਾਲ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੀ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਗਏ ਹਨ।

## ਕਰੀਬ 100 ਸ਼ਰਧਾਲੂਆਂ ਨੂੰ ਪਾਕਿ ਜਾਣੋਂ ਰੋਕਿਆ

ਅਟਾਰੀ/ਏ.ਟੀ.ਨਿਊਜ਼ : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਬੀਤੇ ਦਿਨ ਸਵੇਰੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ 'ਚੋਂ ਕੁਝ ਨੂੰ ਅਟਾਰੀ ਸਰਹੱਦ 'ਤੇ ਆਈ.ਸੀ.ਪੀ. ਅਧਿਕਾਰੀਆਂ ਵੱਲੋਂ ਰੋਕੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਰੋਸ ਵਜੋਂ ਸ਼ਰਧਾਲੂਆਂ ਨੇ ਅਟਾਰੀ ਬਾਰਡਰ ਦੇ ਬਾਹਰ ਆਈ.ਸੀ.ਪੀ. ਸਾਹਮਣੇ ਧਰਨਾ ਦੇ ਦਿੱਤਾ। ਧਰਨੇ ਕਾਰਨ ਅਟਾਰੀ ਬਾਰਡਰ ਤੇ ਰੀਟਰੀਟ ਸੈਰੇਮਨੀ ਦੇਖਣ ਆਉਣ ਵਾਲੇ ਸੈਲਾਨੀਆਂ ਨੂੰ ਟ੍ਰੈਫਿਕ 'ਚ ਵਿਘਨ ਪੈਣ ਕਾਰਨ ਪਰੇਸ਼ਾਨ ਦਾ ਸਾਹਮਣਾ ਕਰਨਾ ਪਿਆ। ਅਖ਼ੀਰ ਪੁਲਿਸ ਤੇ ਬੀ.ਐੱਸ.ਐੱਫ. ਦੇ ਜ਼ਵਾਨ ਸ਼ਰਧਾਲੂਆਂ ਨੂੰ ਸਮਝਾਉਂਦੇ ਰਹੇ। ਸੂਤਰਾਂ ਮੁਤਾਬਕ ਪਾਕਿਸਤਾਨ ਵੱਲੋਂ 2241 ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਸਨ। ਇਨ੍ਹਾਂ 'ਚੋਂ 1932 ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਲਈ ਰਵਾਨਾ ਹੋ ਗਿਆ। ਪਰ 100 ਦੇ ਕਰੀਬ ਉਨ੍ਹਾਂ ਸ਼ਰਧਾਲੂਆਂ ਨੂੰ ਰੋਕ ਲਿਆ ਗਿਆ ਜਿਨ੍ਹਾਂ ਜਿਨ੍ਹਾਂ ਦੇ ਨਾਵਾਂ ਦੀ ਲਿਸਟ ਅਧਿਕਾਰੀਆਂ ਕੋਲ ਨਹੀਂ ਸੀ ਪੁੱਜੀ। ਅਜਿਹੇ ਹੀ ਸ਼ਰਧਾਲੂ ਬਲਵਿੰਦਰ ਸਿੰਘ, ਵਾਸੀ ਜਲਾਲਾਬਾਦ ਨੇ ਦੱਸਿਆ ਕਿ ਉਨ੍ਹਾਂ ਦਾ ਪਾਕਿ ਜਾਣ ਲਈ ਵੀਜ਼ਾ ਲੱਗਿਆ ਪਿਆ ਹੈ, ਪਰ ਉਨ੍ਹਾਂ ਨੂੰ ਇਹ ਕਹਿ ਕੇ ਵਾਪਸ ਮੋੜ ਦਿੱਤਾ ਹੈ ਕਿ ਗ੍ਰਹਿ ਮੰਤਰਾਲੇ ਤੋਂ ਉਨ੍ਹਾਂ ਦੇ ਨਾਵਾਂ ਵਾਲੀ ਕੋਈ ਲਿਸਟ ਨਹੀਂ ਆਈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਪਾਕਿ ਜਾਣ ਦੀ ਇਜ਼ਾਜਤ ਦਿੱਤੀ ਜਾਵੇ ਜੇ ਪਾਕਿ ਅਧਿਕਾਰੀ ਮਨ੍ਹਾ ਕਰਨਗੇ ਤਾਂ ਉਹ ਵਾਪਸ ਆ ਜਾਣਗੇ। ਉਨ੍ਹਾਂ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਪ੍ਰਤੀ ਨਾਰਾਜ਼ਗੀ ਦਰਸਾਉਂਦਿਆ ਕਿਹਾ ਕਿ ਇਹ ਸਾਰਾ ਮਾਮਲਾ ਉਨ੍ਹਾਂ ਦੇ ਧਿਆਨ 'ਚ ਲਿਆਂਦਾ ਗਿਆ ਸੀ, ਪਰ ਉਨ੍ਹਾਂ ਨੇ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਜੋ ਨਿੰਦਣਯੋਗ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਭਾਰਤ-ਅਮਰੀਕਾ ਵਿਚਾਲੇ ਦੁਵੱਲੇ ਸਬੰਧਾਂ 'ਚ ਸੁਧਾਰ ਜ਼ਰੂਰੀ

ਭਾਰਤ ਵੱਲੋਂ ਅਮਰੀਕਾ ਨਾਲ ਕਾਰੋਬਾਰੀ ਸਬੰਧਾਂ ਨੂੰ ਸੁਧਾਰਨ ਦੇ ਯਤਨ ਕੀਤੇ ਜਾ ਰਹੇ ਹਨ। ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਭਾਰਤ ਨੂੰ 'ਮਿੱਤਰ ਦੇਸ਼' ਕਿਹਾ ਜਾਂਦਾ ਹੈ ਪਰ ਇਸ ਦੇ ਬਾਵਜੂਦ ਅਮਰੀਕਾ ਵੱਲੋਂ ਪਿਛਲੇ ਸਮੇਂ ਦੌਰਾਨ ਕੁਝ ਅਜਿਹੇ ਫੈਸਲੇ ਕੀਤੇ ਗਏ, ਜਿਨ੍ਹਾਂ ਦਾ ਭਾਰਤ ਉਪਰ ਵੱਡਾ ਨਾਂਹ ਪੱਖੀ ਪ੍ਰਭਾਵ ਪਿਆ। ਇਹਨਾਂ ਫੈਸਲਿਆਂ ਵਿੱਚ ਐਚ 1ਬੀ ਵੀਜ਼ਾ ਦੀ ਫੀਸ ਇੱਕ ਲੱਖ ਡਾਲਰ ਕਰਨਾ, ਆਪਣੇ ਆਪ ਵੀਜ਼ੇ 'ਚ ਵਾਧੇ ਨੂੰ ਰੋਕਣਾ ਅਤੇ ਚਾਬਹਾਰ ਬੰਦਰਗਾਹ ਪ੍ਰਾਜੈਕਟ 'ਤੇ ਪਾਬੰਦੀ ਲਗਾਉਣਾ ਸ਼ਾਮਲ ਸਨ। ਹੁਣ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਨੇ ਚਾਬਹਾਰ ਬੰਦਰਗਾਹ ਪ੍ਰਾਜੈਕਟ 'ਤੇ ਅਮਰੀਕੀ ਪਾਬੰਦੀਆਂ ਤੋਂ ਭਾਰਤ ਨੂੰ ਛੇ ਮਹੀਨਿਆਂ ਦੀ ਛੋਟ ਦਿੱਤੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਹ ਵੀ ਕਿਹਾ ਹੈ ਕਿ ਵਪਾਰ ਸਮਝੌਤੇ ਲਈ ਅਮਰੀਕਾ ਨਾਲ ਭਾਰਤ ਦੀ ਗੱਲਬਾਤ ਜਾਰੀ ਹੈ।

ਜੇ ਇਰਾਨ ਦੀ ਚਾਬਹਾਰ ਬੰਦਰਗਾਹ ਦੀ ਗੱਲ ਕਰੀਏ ਤਾਂ ਭਾਰਤ ਓਮਾਨ ਦੀ ਖਾੜੀ ਵਿੱਚ ਸਥਿਤ ਚਾਬਹਾਰ ਬੰਦਰਗਾਹ 'ਤੇ ਇੱਕ ਟਰਮੀਨਲ ਦੇ ਵਿਕਾਸ ਵਿੱਚ ਸ਼ਾਮਲ ਹੈ। ਭਾਰਤ ਨੇ 13 ਮਈ, 2024 ਨੂੰ ਬੰਦਰਗਾਹ ਨੂੰ ਚਲਾਉਣ ਲਈ 10 ਸਾਲਾਂ ਦੇ ਇਕਰਾਰਨਾਮੇ 'ਤੇ ਹਸਤਾਖਰ ਕੀਤੇ ਸਨ। ਇਸ ਬੰਦਰਗਾਹ ਜ਼ਰੀਏ ਭਾਰਤ ਨੂੰ ਮੱਧ ਏਸ਼ੀਆ ਨਾਲ ਵਪਾਰ ਵਧਾਉਣ ਵਿੱਚ ਮਦਦ ਮਿਲਦੀ ਹੈ। ਭਾਰਤ ਨੇ 2003 ਵਿੱਚ ਇਸ ਬੰਦਰਗਾਹ ਨੂੰ ਵਿਕਸਤ ਕਰਨ ਦੀ ਤਜਵੀਜ਼ ਰੱਖੀ ਸੀ ਤਾਂ ਜੋ ਭਾਰਤੀ ਵਸਤਾਂ ਨੂੰ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪਹੁੰਚਾਇਆ ਜਾ ਸਕੇ। ਇਹ ਇੱਕ ਸੜਕ ਅਤੇ ਰੇਲ ਪ੍ਰੋਜੈਕਟ ਦਾ ਹਿੱਸਾ ਹੈ ਜਿਸ ਨੂੰ ਅੰਤਰਰਾਸ਼ਟਰੀ ਉੱਤਰ-ਦੱਖਣੀ ਆਵਾਜਾਈ ਕੋਰੀਡੋਰ ਕਿਹਾ ਜਾਂਦਾ ਹੈ। ਭਾਰਤ ਲਈ ਇਹ ਬੰਦਰਗਾਹ ਕਾਫ਼ੀ ਮਹੱਤਵਪੂਰਨ ਹੈ। ਇਸ ਦਾ ਅਮਰੀਕਾ ਨੂੰ ਵੀ ਪਤਾ ਹੈ, ਇਸੇ ਲਈ ਅਮਰੀਕਾ ਵੱਲੋਂ ਭਾਰਤ ਨੂੰ ਚਿੰਤਾ ਵਿੱਚ ਪਾਉਣ ਲਈ ਪਹਿਲਾਂ ਇਸ ਬੰਦਰਗਾਹ ਪ੍ਰਾਜੈਕਟ 'ਤੇ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਗਿਆ ਪਰ ਭਾਰਤ ਦੇ ਵਿਰੋਧ ਨੂੰ ਵੇਖਦਿਆਂ ਇਸ ਪ੍ਰਾਜੈਕਟ ਵਿੱਚ ਭਾਰਤ ਨੂੰ ਹੁਣ ਛੇ ਮਹੀਨੇ ਦੀ ਛੋਟ ਦੇ ਦਿੱਤੀ ਹੈ।

ਭਾਰਤ ਵੱਲੋਂ ਅਮਰੀਕਾ ਨਾਲ ਸਬੰਧ ਸੁਧਾਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੂੰ ਆਪਣਾ ਚੰਗਾ ਦੋਸਤ ਕਹਿੰਦੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਵੀ ਟਰੰਪ ਨੂੰ ਆਪਣਾ ਚੰਗਾ ਮਿੱਤਰ ਦੱਸਦੇ ਹਨ। ਇਸ ਦੋਸਤੀ ਦੇ ਬਾਵਜੂਦ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧ ਅਜੇ ਸੁਖਾਵੇਂ ਨਹੀਂ। ਜਿਥੋਂ ਤੱਕ ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰਕ ਸਮਝੌਤੇ ਦਾ ਸਵਾਲ ਹੈ ਤਾਂ ਇਸ ਸਮਝੌਤੇ ਲਈ ਕਾਫ਼ੀ ਸਮੇਂ ਤੋਂ ਯਤਨ ਹੋ ਰਹੇ ਹਨ ਪਰ ਇਹ ਸਮਝੌਤਾ ਅਜੇ ਸਿਰੇ ਨਹੀਂ ਚੜ੍ਹਿਆ। ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ ਦੇ ਗੱਲਬਾਤ ਦੇ ਮੁੱਖ ਵਾਰਤਾਕਾਰ ਬ੍ਰੈਂਡਨ ਲਿੰਚ ਦੀ ਅਗਵਾਈ ਵਿੱਚ ਸੰਯੁਕਤ ਰਾਜ ਵਪਾਰ ਪ੍ਰਤੀਨਿਧੀ ਦੇ ਦਫ਼ਤਰ ਦੇ ਅਧਿਕਾਰੀਆਂ ਦੀ ਇੱਕ ਟੀਮ ਨੇ 16 ਸਤੰਬਰ, 2025 ਨੂੰ ਭਾਰਤ ਦਾ ਦੌਰਾ ਕੀਤਾ ਸੀ। ਉਹਨਾਂ ਨੇ ਭਾਰਤ-ਅਮਰੀਕਾ ਵਪਾਰਕ ਸਬੰਧਾਂ, ਜਿਸ ਵਿੱਚ ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ ਸ਼ਾਮਲ ਹਨ, 'ਤੇ ਭਾਰਤੀ ਵਣਜ ਵਿਭਾਗ ਦੇ ਵਿਸ਼ੇਸ਼ ਸਕੱਤਰ ਦੀ ਅਗਵਾਈ ਹੇਠ ਵਣਜ ਵਿਭਾਗ ਦੇ ਅਧਿਕਾਰੀਆਂ ਨਾਲ ਚਰਚਾ ਕੀਤੀ ਸੀ। ਭਾਰਤ ਅਤੇ ਅਮਰੀਕਾ ਵਿਚਕਾਰ ਦੁਵੱਲੇ ਵਪਾਰ ਦੀ ਸਥਾਈ ਮਹੱਤਤਾ ਨੂੰ ਸਵੀਕਾਰ ਕਰਦੇ ਹੋਏ, ਵਪਾਰ ਸਮਝੌਤੇ ਦੇ ਵੱਖ-ਵੱਖ ਪਹਿਲੂਆਂ ਨੂੰ ਕਵਰ ਕਰਦੇ ਹੋਏ ਚਰਚਾਵਾਂ ਸਕਾਰਾਤਮਕ ਅਤੇ ਅਗਾਂਹਵਧੂ ਸਨ। ਇਸ ਮੌਕੇ ਆਪਸੀ ਲਾਭਕਾਰੀ ਵਪਾਰ ਸਮਝੌਤੇ ਦੇ ਜਲਦੀ ਸਿੱਟੇ ਨੂੰ ਪ੍ਰਾਪਤ ਕਰਨ ਲਈ ਯਤਨ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ।

ਤਾਜ਼ਾ ਰਿਪੋਰਟਾਂ ਅਨੁਸਾਰ ਭਾਰਤ ਤੇ ਅਮਰੀਕਾ ਵਿਚਾਲੇ ਕਾਰੋਬਾਰੀ ਮੁੱਦਿਆਂ ਨੂੰ ਸੁਲਝਾਉਣ ਨੂੰ ਲੈ ਕੇ ਚੱਲ ਰਹੀ ਗੱਲਬਾਤ ਦੇ ਅਹਿਮ ਪੜਾਅ 'ਚ ਪਹੁੰਚਣ ਦੇ ਸੰਕੇਤ ਹਨ। ਭਾਰਤ ਵੀ ਅਮਰੀਕਾ ਨਾਲ ਛੇਤੀ ਸਮਝੌਤਾ ਟੈਰਿਫ ਵਿਵਾਦ ਦਾ ਨਿਪਟਾਰਾ ਕਰਨ ਲਈ ਉਤਸੁਕ ਹੈ। ਇੱਕ ਕਾਰਨ ਪਿਛਲੇ ਦੋ ਦਿਨਾਂ 'ਚ ਅਮਰੀਕਾ ਦਾ ਇਕੱਠੇ ਭਾਰਤੀ ਬਰਾਮਦ ਲਈ ਸਭ ਤੋਂ ਵੱਧ ਮੁਕਾਬਲੇਬਾਜ਼ ਦੇਸ਼ਾਂ ਮਲੇਸ਼ੀਆ, ਥਾਈਲੈਂਡ, ਕੰਬੋਡੀਆ ਤੇ ਵੀਅਤਨਾਮ ਨਾਲ ਕੀਤਾ ਗਿਆ ਸਮਝੌਤਾ ਵੀ ਹੈ। ਇਸ ਵਿਚਾਲੇ ਪਿਛਲੇ ਦਿਨੀਂ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ 'ਚ ਹੋਈ ਮੁਲਾਕਾਤ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਤੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ 'ਚ ਮਲੇਸ਼ੀਆ 'ਚ ਚੱਲ ਰਹੀ ਆਸਿਆਨ ਸੰਮੇਲਨ ਦੌਰਾਨ ਮੁਲਾਕਾਤ ਹੋਈ ਹੈ। ਇਸ ਵਿੱਚ ਦੁਵੱਲੇ ਹਿੱਤਾਂ ਨਾਲ ਜੁੜੇ ਸਾਰੇ ਮੁੱਦਿਆਂ 'ਤੇ ਗੱਲ ਹੋਣ ਦੇ ਸਬੰਧ 'ਚ ਜਾਣਕਾਰੀ ਦਿੱਤੀ ਗਈ ਹੈ। ਇਹ ਵੀ ਜ਼ਿਕਰਯੋਗ ਹੈ ਕਿ ਅਮਰੀਕਾ ਵੱਲੋਂ ਭਾਰਤੀ ਦਰਾਮਦ 'ਤੇ 50 ਫ਼ੀਸਦੀ ਟੈਰਿਫ ਲਗਾਉਣ ਤੋਂ ਬਾਅਦ ਵਿਦੇਸ਼ ਮੰਤਰੀ ਜੈਸ਼ੰਕਰ ਤੇ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਰੂਬੀਓ 'ਚ ਇਹ ਪਹਿਲੀ ਮੁਲਾਕਾਤ ਹੈ। ਦੋਵਾਂ ਪਾਸਿਓਂ ਇਸ ਮੁਲਾਕਾਤ ਨੂੰ ਸਕਾਰਾਤਮਕ ਦੱਸਿਆ ਗਿਆ ਹੈ ਜੈਸ਼ੰਕਰ ਤੇ ਰੂਬੀਓ ਦੀ ਇਹ ਮੁਲਾਕਾਤ ਕਾਰੋਬਾਰੀ ਮੁੱਦਿਆਂ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਵਣਜ ਮੰਤਰਾਲੇ ਦੇ ਅਧਿਕਾਰੀਆਂ ਵਿਚਾਲੇ ਤਿੰਨ ਦਿਨਾਂ ਤੱਕ ਚੱਲੀ ਮੀਟਿੰਗ ਦੇ ਕੁਝ ਹੀ ਦਿਨਾਂ ਬਾਅਦ ਹੋਈ ਹੈ। ਵਣਜ ਮੰਤਰਾਲੇ ਦੇ ਅਧਿਕਾਰੀਆਂ ਵਿਚ ਹੋਈ ਗੱਲਬਾਤ ਤੋਂ ਬਾਅਦ ਅਮਰੀਕਾ ਦਾ ਰੁਖ਼ ਬਦਲਿਆ ਹੋਇਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਗਾਤਾਰ ਕਹਿ ਰਹੇ ਹਨ ਕਿ ਭਾਰਤ ਨੇ ਰੂਸ ਤੋਂ ਕੱਚੇ ਤੇਲ ਦੀ ਖ਼ਰੀਦ ਘੱਟ ਕਰਨੀ ਸ਼ੁਰੂ ਕਰ ਦਿੱਤੀ ਹੈ। ਭਾਰਤੀ ਅਧਿਕਾਰੀਆਂ ਨੇ ਵੀ ਸੰਕੇਤ ਦਿੱਤੇ ਹਨ ਕਿ ਅਮਰੀਕਾ ਨਾਲ ਕਾਰੋਬਾਰੀ ਸਮਝੌਤੇ ਨੂੰ ਆਖ਼ਰੀ ਰੂਪ ਦੇਣ 'ਚ ਸਭ ਤੋਂ ਵੱਧ ਦੇਰੀ ਕਰਨਾ ਠੀਕ ਨਹੀਂ ਹੋਵੇਗਾ। ਇਸ ਕਰਕੇ ਹੁਣ ਉਮੀਦ ਹੋਣ ਲੱਗੀ ਹੈ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਦੁਵੱਲੇ ਸਬੰਧ ਜਲਦੀ ਹੀ ਸੁਖਾਵੇਂ ਹੋ ਜਾਣਗੇ, ਕਿਉਂਕਿ ਇਸੇ ਵਿੱਚ ਦੋਵਾਂ ਦੇਸ਼ਾਂ ਦੀ ਭਲਾਈ ਹੈ।

# ਸਿੱਖ ਪੰਥ ਨੂੰ ਦਰਪੇਸ਼ ਸੰਕਟ ਤੇ ਸਿੱਖ ਲੀਡਰਸ਼ਿਪ ਦਾ ਨਿਘਾਰ



ਇਕਬਾਲ ਸਿੰਘ ਲਾਲਪੁਰਾ
9780003333

ਸਾਲ 2020 ਈ. ਵਿੱਚ ਬੀ. ਬੀ. ਸੀ. ਵੱਲੋਂ ਆਪਣੇ ਮੈਗਜ਼ੀਨ ਰਾਹੀਂ ਦੁਨੀਆ ਦੇ ਹੁਣ ਤੱਕ ਦੇ ਇਤਿਹਾਸ ਦੇ ਮਹਾਨ ਆਗੂਆਂ ਬਾਰੇ ਇੱਕ ਵਿਸ਼ੇਸ਼ ਪੜਤਾਲੀਆਂ ਰਿਪੋਰਟ ਜਾਰੀ ਕੀਤੀ ਗਈ। ਇਸ ਵਿੱਚ ਦੁਨੀਆ ਦੇ ਵੀਹ ਨੇਤਾਵਾਂ ਬਾਰੇ ਰਾਏ ਮੰਗੀ ਗਈ ਸੀ। ਪੰਜ ਹਜ਼ਾਰ ਵਿਦਵਾਨਾਂ ਵਿੱਚੋਂ 38 ਫ਼ੀਸਦੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦੁਨੀਆ ਦੇ ਇਤਿਹਾਸ ਦਾ ਸਰਵ ਉੱਤਮ ਆਗੂ ਮੰਨਿਆ। ਵਿੰਸਟਨ ਚਰਚਿਲ, ਇਬਰਾਹਿਮ ਲਿੰਕਨ, ਮਹਾਰਾਣੀ ਅਲੇਜਬੇਥ ਪਹਿਲੇ ਪਹਿਲੇ ਪੰਜ ਨੇਤਾਵਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੇ ਪਿੱਛੇ ਸਨ। ਅਕਬਰ ਬਾਦਸ਼ਾਹ ਸਮੇਤ ਬਾਕੀ ਤਾਂ ਬਹੁਤ ਹੀ ਘੱਟ ਲੋਕਾਂ ਦੀ ਪਸੰਦ ਸਨ।

ਗੌਰਤਲਬ ਹੈ ਕਿ ਇਹ ਸਰਵੇ ਬਰਤਾਨਵੀ ਕਾਰਪੋਰੇਸ਼ਨ ਵੱਲੋਂ ਕਰਵਾਇਆ ਗਿਆ ਸੀ ਤੇ ਬਰਤਾਨੀਆ ਦੀ ਸਰਕਾਰ ਨੇ 1849 ਦੀ ਵਿੱਚ ਸਾਜ਼ਿਸ਼ ਰਚ ਖਾਲਸਾ ਰਾਜ ਹੜੱਪ ਹੀ ਨਹੀਂ ਲਿਆ ਸੀ, ਸਗੋਂ ਨਾਬਾਲਗ ਮਹਾਰਾਜਾ ਦਲੀਪ ਸਿੰਘ ਦਾ ਧਰਮ ਪਰਿਵਰਤਨ ਕਰਵਾ ਕੇ ਜਲਾਵਤਨ ਕਰਕੇ ਵਲੈਤ ਭੇਜ ਦਿੱਤਾ ਸੀ।

ਪਰ ਅੱਜ ਦੀ ਹਕੀਕਤ ਇਹ ਹੈ ਕਿ ਸਿੱਖਾਂ ਦੀ ਧਾਰਮਿਕ ਅਤੇ ਰਾਜਨੀਤਕ ਇਕਾਈ ਖੇਰੂੰ ਖੇਰੂੰ ਹੋ ਚੁੱਕੀ ਹੈ ਇਸ ਲਈ ਵਿਸ਼ਾ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦਾ ਨਾ ਹੋ ਕੇ, ਸਿੱਖ ਰਾਜਨੀਤੀ ਅਤੇ ਧਰਮ ਵਿੱਚ ਆਈ ਖੜੋਤ ਤੇ ਨਿਘਾਰ ਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਹਲੇਮੀ ਰਾਜ, ਨਿਆਂ, ਸਰਬ ਸਾਂਝੀਵਾਲਤਾ ਤੇ ਜਾਤ ਪਾਤ ਰਹਿਤ ਸਮਾਜ ਦੀ ਸਿਰਜਣਾ ਦੇ ਮਾਰਗ ਦਰਸ਼ਕ ਹਨ। ਜਿਸ ਦੀ ਸਥਾਪਨਾ ਲਈ ਬਾਬਾ ਬੰਦਾ ਸਿੰਘ ਬਹਾਦੁਰ, ਸਰਦਾਰ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਿੱਖ ਮਿਸਲਾਂ ਦੇ ਸਰਦਾਰਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੇ 1708 ਤੋਂ 1839 ਦੀ ਤੱਕ ਉੱਦਮ ਕੀਤਾ। ਇੱਕ ਸਮਾਂ ਸੀ ਜਦੋਂ ਅਟਕ ਤੋਂ ਅਵਧ ਤੱਕ ਸਿੱਖਾਂ ਦਾ ਬੋਲਬਾਲਾ ਤੇ ਚੜ੍ਹਦੀਕਲਾ ਸੀ। ਮੁਗਲਾਂ, ਨਾਦਰ ਸ਼ਾਹ ਤੇ ਅਬਦਾਲੀ ਨੇ ਸਿੱਖ ਕੌਮ ਦਾ ਕਤਲੇਆਮ ਕਰਨ ਤੇ ਖੁਰਾ ਖੋਜ ਮਿਟਾਉਣ ਦੀ ਨੀਤੀ ਅਪਣਾਈ ਸੀ। ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਸਮੇਤ ਗੁਰੂ ਪਰਿਵਾਰ ਤੇ ਲੱਖਾਂ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਹੀ ਨਹੀਂ ਕੀਤਾ, ਸਗੋਂ ਸਿੱਖਾਂ ਦੇ ਪ੍ਰੇਰਨਾ ਸਰੋਤ ਸ੍ਰੀ ਦਰਬਾਰ ਸਾਹਿਬ ਨੂੰ ਢਾਹ ਢੇਰੀ ਕਰ ਦਿੱਤਾ। ਪਰ ਗੁਰੂ ਨਾਨਕ ਸਾਹਿਬ ਦੇ ਬਣਾਏ ਦੇਵਤਿਆਂ ਨੇ 'ਨਿਸ਼ਚੈ ਕਰ ਆਪਨੀ ਜੀਤ ਕਰੋ' ਦੀ ਨੀਤੀ ਨਾਲ ਪੰਜਾਬ ਹੀ ਨਹੀਂ ਦਿੱਲੀ ਵੀ ਫ਼ਤਿਹ ਕਰ ਲਈ ਸੀ। ਅੰਗਰੇਜ਼ਾਂ ਨੇ ਆਪਣੀ ਨੀਤੀ ਬਦਲ ਕੇ ਸਿੱਖ ਸਿਧਾਂਤਾਂ ਨੂੰ ਢਾਹ ਲਾ ਕੇ, ਪਾੜੋ ਤੇ ਤਬਾਹ ਕਰੋ ਦਾ ਰਾਹ ਚੁਣਿਆ।

1920 ਈ ਵਿੱਚ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਬੇ ਕੁਚਲੇ ਸਿੱਖ ਭਾਈਚਾਰੇ ਦੇ ਵੀਰਾਂ ਦੇ ਕੜਾਹ ਪ੍ਰਸ਼ਾਦ ਨਾ ਪਰਵਾਨ ਕਰਨ ਵਿਰੁੱਧ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫ਼ੈਸਰਾਂ ਤੇ ਕੁਝ ਹੋਰ ਸਿੰਘਾਂ ਦੀ ਆਵਾਜ਼ ਨੇ ,ਸਿੱਖ ਕੌਮ ਨੂੰ ਹਲੂਣਾ ਦਿੱਤਾ ਤੇ ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ਹੋਈ। ਪੰਜ ਸਾਲ ਸਰੀਰਕ ਤੇ ਆਰਥਿਕ ਕਸ਼ਟ ਝੱਲਦਿਆਂ, ਸਿੰਘਾਂ ਨੇ ਸੰਘਰਸ਼ ਰਾਹੀਂ ਸਿੱਖ ਗੁਰਦੁਆਰਾ ਐਕਟ ਰਾਹੀਂ ਕੁਝ ਗੁਰਦੁਆਰਿਆਂ ਦੇ ਪ੍ਰਬੰਧ ਦਾ ਅਧਿਕਾਰ, ਚੁਣੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਪ੍ਰਾਪਤ ਕਰ ਲਿਆ।

ਗੁਰਦੁਆਰਿਆਂ ਦੇ ਪ੍ਰਬੰਧ ਲਈ ਲੋਕਲ ਕਮੇਟੀਆਂ ਚੁਣੀਆਂ ਜਾਣ ਲੱਗ ਪਈਆਂ, ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਬਹੁਤੇ ਅਧਿਕਾਰ ਨਹੀਂ ਸਨ, ਫ਼ੇਰ ਇਸ ਲਈ ਉੱਦਮ ਅਰੰਭ ਹੋਇਆ, ਆਜ਼ਾਦੀ ਤੋਂ ਪਹਿਲਾਂ ਸਤ ਗੁਰਦੁਆਰਾ ਸਾਹਿਬ ਤੋਂ ਸਿੱਧਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਾਪਤ ਕੀਤਾ ਤੇ ਅੱਜ ਬਹੁਗਿਣਤੀ ਵਿੱਚ ਲੋਕਲ ਕਮੇਟੀਆਂ ਵਾਲੇ ਗੁਰਦੁਆਰਾ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਅਧੀਨ ਆ ਚੁੱਕੇ ਹਨ। ਬਾਕੀਆਂ ਨੂੰ ਵੀ ਅਸਿੱਧੇ ਢੰਗ ਨਾਲ਼ ਰਸੀਵਰ ਮੁਕੱਰਰ ਕਰ ਲੋਕਲ ਕਮੇਟੀਆਂ ਨੂੰ ਬੇਅਸਰ ਕਰ ਦਿੱਤਾ ਗਿਆ ਹੈ। ਧਰਮ ਪ੍ਰਚਾਰ ਦੀ ਤਜਵੀਜ਼ 1925 ਦੇ ਐਕਟ ਵਿੱਚ ਨਹੀਂ ਸੀ ਇਸ ਲਈ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਵਿਉਂਤ ਨਹੀਂ ਬਣਾਈ ਜਾ ਸਕੀ।

1925 ਈ ਵਿੱਚ ਅੰਗਰੇਜ਼ ਨੇ ਇੱਕ ਹੋਰ ਨੀਤੀ ਘੜੀ ਤੇ ਆਪਣੇ ਪੱਖੀ ਲੀਡਰਸ਼ਿਪ ਨੂੰ ਪਿੰਡ ਪੱਧਰ 'ਤੇ ਧਾਰਮਿਕ ਤੇ ਰਾਜਨੀਤਿਕ ਪੱਖੋਂ ਮਜ਼ਬੂਤ ਕੀਤਾ ਜੋ ਖ਼ਾਲਸਾ ਨੈਸ਼ਨਲਿਸਟ ਪਾਰਟੀ ਵਜੋਂ ਵਿਚਰਦੀ ਸੀ।

ਗੁਰਦੁਆਰਾ ਸੁਧਾਰ ਲਹਿਰ ਦੇ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਰਚਨਾ 1920 ਵਿੱਚ ਹੀ ਕਰ ਲਈ ਸੀ ਜੋ ਰਾਜਨੀਤੀ ਵਿੱਚ ਕਾਂਗਰਸ ਪਾਰਟੀ ਦੇ ਮੈਂਬਰ ਬਣ ਗਏ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਅਕਾਲੀ ਦਲ ਨਾਲ ਵੀ ਜੁੜੇ ਹੋਏ ਸਨ ਇਸ ਤਰ੍ਹਾਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਨਾਲੋਂ ਦੇਸ਼ ਦੀ ਅਜ਼ਾਦੀ ਦੀ ਲੜਾਈ ਉਨ੍ਹਾਂ ਦੀ ਪਹਿਲੀ ਪਸੰਦ ਬਣ ਗਈ।

ਸ਼ਾਇਦ ਇਸੇ ਲਈ ਧਰਮ ਬਾਰੇ ਖੋਜ ਪ੍ਰਚਾਰ ਤੇ ਵਿਸਥਾਰ ਦੀ ਵਿਉਂਤ ਬੰਦੀ ਨਹੀਂ ਕੀਤੀ ਗਈ। ਵਿਸ਼ਵ ਨੂੰ ਚਾਨਣ ਦੇ ਸਕਣ ਦੇ ਸਮਰੱਥ ਸਿੱਖ ਧਰਮ ਆਪਣੇ ਦੇਸ਼ ਵਿੱਚ ਹੀ ਸੁੰਗੜਨਾ ਸ਼ੁਰੂ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੀਮਾ ਪੰਜਾਬ ਦੇ ਕੁਝ ਗੁਰਦੁਆਰਿਆਂ ਤੱਕ ਹੀ ਸੀ, ਡਾਕਟਰ ਭੀਮ ਰਾਓ ਅੰਬੇਡਕਰ ਨੇ ਦੂਜੇ ਸੂਬਿਆਂ ਵਿੱਚ ਮਿਸ਼ਨ ਸਥਾਪਿਤ ਕਰਨ ਲਈ ਮਤਾ ਪਾਸ ਕਰਵਾਇਆ ਅਤੇ ਖ਼ਾਲਸਾ ਕਾਲਜ ਬੰਬਈ ਦੀ ਉਸਾਰੀ ਵੀ ਕਰਵਾਈ। ਉਨ੍ਹਾਂ ਦੇ ਪਿੱਛੇ ਹਟਣ ਨਾਲ ਇਹ ਮਿਸ਼ਨ ਵੀ ਢਿੱਲਾ ਪੈ ਗਿਆ। ਇਸ ਤਰ੍ਹਾਂ ਧਾਰਮਿਕ ਪ੍ਰਬੰਧ ਨੂੰ ਰਾਜਨੀਤਿਕ ਲਾਲਸਾ ਨਾਲ ਜੋੜਨਾ ਹੀ ਸਿੱਖ ਧਰਮ ਦੀ ਸਭ ਤੋਂ ਵੱਡੀ ਕਮਜੋਰੀ ਬਣੀ।

ਚੀਫ਼ ਖ਼ਾਲਸਾ ਦੀਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸੌ ਸਾਲ ਤੋਂ ਵੀ ਜ਼ਿਆਦਾ ਹੋ ਚੁੱਕੀਆਂ ਹਨ, ਪਰ ਧਰਮ ਪ੍ਰਚਾਰ ਦਾ ਕੰਮ ਦੇਸ਼ ਤੇ ਵਿਦੇਸ਼ ਵਿੱਚ ਸੰਗਠਿਤ ਨਹੀਂ ਹੋ ਸਕਿਆ ਹੈ। ਇਨ੍ਹਾਂ ਸੰਸਥਾਵਾਂ ਦੇ ਮੈਂਬਰਾਂ ਨੇ ਨਾ ਤਾਂ ਆਪਣੇ ਇਲਾਕੇ ਵਿੱਚ ਹੀ ਧਰਮ ਪ੍ਰਚਾਰ ਕੀਤਾ ਅਤੇ ਨਾ ਹੀ ਦੇਸ਼ ਵਿਦੇਸ਼ ਵਿੱਚ ਇਸ ਪਰਥਾਏ ਕੋਈ ਵਿਉਂਤਬੰਦੀ ਸੰਸਥਾ ਰੂਪ ਵਿੱਚ ਕੀਤੀ ਹੈ।

ਗੁਰੂ ਘਰ ਕੇਵਲ ਨਿਤਨੇਮ ਦੀ ਮਰਿਆਦਾ ਤੱਕ ਸੀਮਤ ਹਨ ਕੋਈ ਲਿਖਤੀ ਗਿਆਨ ਆਉਣ ਵਾਲੇ ਜਗਿਆਸਾ ਰੱਖਣ ਵਾਲਿਆਂ ਲਈ ਉਪਲਬਧ ਨਹੀਂ ਹੁੰਦਾ, ਫ਼ੇਰ ਗਿਆਨ ਕਿਵੇਂ ਅੱਗੇ ਵਧੇਗਾ?

ਕਥਾ, ਕੀਰਤਨ, ਪਾਠ ਅਤੇ ਧਾਰਮਿਕ ਗਤੀਵਿਧੀਆਂ ਤੇ ਮਾਨਤਾਵਾਂ ਉਜਰਤ ਦੇ ਕੇ ਹੀ ਪ੍ਰਾਪਤ ਹੋ ਸਕਦੀਆਂ ਹਨ। ਨਿਰਮਲ ਪੰਥ ਵੀ ਵਰਜਿਤ ਕਰਮ ਕਾਂਡ ਕਰਦਾ ਨਜ਼ਰ ਆਉਂਦਾ ਹੈ।

ਸਿੱਖਾਂ ਦਾ ਮੀਰੀ ਪੀਰੀ ਦੇ ਸਿਧਾਂਤ ਦੀ ਵਿਆਖਿਆ ਵੀ ਲੋੜ ਅਨੁਸਾਰ ਹੀ ਹੁੰਦੀ ਹੈ। ਗੁਰੂ ਕਾਲ ਵਿੱਚ ਪੀਰੀ ਪ੍ਰਧਾਨ ਸੀ, ਗੁਰੂ ਨਾਨਕ ਸਾਹਿਬ ਦੇ ਸਿਰਜੇ ਦੇਵਤੇ ਰੂਪੀ ਸਿੱਖ 1708 ਦੀ ਤੱਕ,ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਲਈ ਸ਼ਸਤਰਾਂ ਦੀ ਵਰਤੋਂ ਕਰਦੇ ਸਨ, ਰਾਜ ਕਾਇਮ ਕਰਨ ਲਈ ਨਹੀਂ।

ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਿੱਤ ਕੇ ਰਾਜ ਕਰਨ ਦੀ ਨੀਤੀ ਗੁਰੂ ਹੁਕਮ ਅਨੁਸਾਰ ਪੇਸ਼ ਕੀਤੀ ਤੇ 1710 ਈ. ਵਿੱਚ ਖ਼ਾਲਸਾ ਰਾਜ ਸਥਾਪਤ ਕਰਕੇ,ਵੱਖਰੀ ਰਾਜਧਾਨੀ ਬਣਾ ਸਿੱਕਾ ਵੀ ਜਾਰੀ ਕੀਤਾ। ਮਿਸਲਾਂ ਦੇ ਸਰਦਾਰ ਵੀ ਸ੍ਰੀ ਅਕਾਲ ਬੁੰਗਾ ਦੇ ਨੇੜੇ ਮਿਲ ਕੇ ਫ਼ੈਸਲਾ ਕਰਦੇ ਤੇ ਅਰਦਾਸ ਕਰ ਕੇ ਟੀਚੇ ਦੀ ਪੂਰਤੀ ਤੱਕ ਜਾਨ ਵਾਰਦੇ ਸਨ, ਇਸ ਕਰਕੇ ਹੀ ਉਹ ਦਿੱਲੀ ਤੇ ਲਾਹੌਰ ਸਮੇਤ ਭਾਰਤ ਦੇ ਵੱਡੇ ਖ਼ਿੱਤੇ ਨੂੰ ਜਿੱਤ ਸਕੇ ਸਨ। ਪਰ ਇਹ ਪਰੰਪਰਾ ਅੰਗਰੇਜ਼ ਸਰਕਾਰ ਦੇ ਸਰਬਰਾਹ ਤੇ ਮੈਨੇਜਰਾਂ ਨੇ ਧੁੰਦਲੀ ਕਰ ਦਿੱਤੀ, ਜਨਰਲ ਡਾਇਰ ਤੇ ਹੋਰ ਅੰਗਰੇਜ਼ ਸਨਮਾਨਿਤ ਕੀਤੇ ਗਏ ਸਨ। ਇਹ ਪਰੰਪਰਾ ਅਜੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੀ ਬਹੁਤ ਵਾਰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਵੀ ਰਿਹਾ ਹੈ। ਮਾਸਟਰ ਤਾਰਾ ਸਿੰਘ ਤੋਂ ਬਾਅਦ ਸੰਤ ਫ਼ਤਿਹ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਅਤੇ ਸੰਤ ਚੰਨਣ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਪਰ ਇਹ ਫ਼ੈਸਲਾ ਅਕਾਲੀ ਦਲ ਦਾ ਹੀ ਸੀ। ਉਸ ਤੋਂ ਬਾਅਦ ਇਹ ਹੀ ਰਵਾਇਤ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਪ੍ਰਵਾਨਗੀ ਅਕਾਲੀ ਦਲ ਦੇ ਪ੍ਰਧਾਨ ਕੋਲੋਂ ਹੀ ਹੁੰਦੀ ਹੈ, ਕਿਉਂਕਿ ਉਸ ਦੀ ਪਾਰਟੀ ਨਾਲ ਹੀ ਉਹ ਸਬੰਧਿਤ ਹੁੰਦੇ ਹਨ।

ਸਮੇਂ ਨਾਲ ਪੰਜਾਬ ਦੀ ਵੰਡ ਨਾਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖਰੀ ਹੋ ਗਈ ਹੈ, ਇਸੇ ਤਰ੍ਹਾਂ ਹਰਿਆਣਾ ਅਤੇ ਦਿੱਲੀ ਵਿੱਚ ਵੀ ਵੱਖਰੀਆਂ ਕਮੇਟੀਆਂ ਬਣ ਚੁੱਕੀਆਂ ਹਨ।

ਹੋਰ ਸੂਬਿਆਂ ਤੇ ਵਿਦੇਸ਼ਾਂ ਵਿੱਚ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਵੱਖ ਵੱਖ-ਵੱਖ ਕਮੇਟੀਆਂ ਕੋਲ ਹੈ। ਗੁਰਮਤਿ ਸਿਧਾਂਤ ਧਰਮ ਸਾਲ ਜਾਂ ਪਿੰਡ ਵਿੱਚ ਇੱਕ ਸਥਾਨ ਸਾਧ ਸੰਗਤ ਕਾ ਬਣਾਇਆ, ਜਿੱਥੇ ਸਾਧ ਸੰਗਤ ਇਕੱਠੀ ਹੋਵੇ ਤੇ ਆਇਆ ਗਿਆ ਵਿਸ਼ਰਾਮ ਕਰੇ, ਦਾ ਸੀ। ਜਿਸ ਰਾਹੀਂ ਆਪਸੀ ਸਦਭਾਵਨਾ ਬਣੇ , ਜਾਤ ਪਾਤ 'ਤੇ ਆਧਾਰਿਤ ਗੁਰਦੁਆਰੇ ਮਨਮਤ ਹੀ ਹੈ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਨਿਯੁਕਤ ਸਰਬਰਾਹ ਤੇ ਪੁਜਾਰੀ ਜਨਰਲ ਡਾਇਰ ਤੱਕ ਨੂੰ ਸਨਮਾਨਿਤ ਕਰਦੇ ਰਹੇ ਹਨ, ਅੱਜ ਵੀ ਗੁਰਦੁਆਰਾ ਐਕਟ ਅਧੀਨ ਨਿਯੁਕਤ ਮੁੱਖ ਪੁਜਾਰੀ ਤੇ ਹੋਰ ਕਰਮਚਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ ਤੇ ਨੌਕਰੀ ਵੀ ਉਨ੍ਹਾਂ ਦੀ ਖੁਸ਼ੀ ਤੇ ਅਧਾਰਿਤ ਹੈ। ਇਸ ਲਈ ਮਾਲਕ ਤੋਂ ਬਾਹਰ ਹੋ ਕੇ ਨੌਕਰੀ ਵਿੱਚ ਰਹਿਣਾ ਅਸੰਭਵ ਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੇਵਤੇ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਲਈ ਪ੍ਰਗਟ ਕੀਤੇ ਗਏ ਸਨ, ਪਰ ਇਹ ਅਖੌਤੀ ਸਿਖ ਲੀਡਰਸ਼ਿਪ ਸਿੱਖੀ ਦਾ ਨੁਕਸਾਨ ਕਰ ਰਹੀ ਹੈ।

ਇਸ ਗੁਰਮਤਿ ਵਿਹੂਣੀ ਸਿੱਖ ਲੀਡਰਸ਼ਿਪ ਨੇ ਪੰਜਾਬ ਵਿੱਚ ਹੀ ਸਿੱਖ ਕੌਮ ਨੂੰ ਕਮਜ਼ੋਰ ਕਰ ਦਿੱਤਾ ਹੈ। ਪੰਜਾਬ ਵਿੱਚ ਕਈ ਧੜਿਆਂ ਵਿੱਚ ਵੰਡੇ ਤੇ ਗੁਰਮਤਿ ਤੋਂ ਦੂਰ ਲੋਕ ਆਪਣੀ ਸਾਖ ਤੇ ਰਾਜਸੀ ਸ਼ਕਤੀ ਖੋ ਚੁੱਕੇ ਹਨ। ਕਮਜ਼ੋਰ ਆਗੂਆਂ ਨੇ ਧਰਮ ਵੀ ਕਮਜ਼ੋਰ ਦਿਸ਼ਾਹੀਣ ਕਰ ਦਿੱਤਾ ਹੈ , ਇਸ ਲਈ ਪੰਜਾਬ ਵਿੱਚ ਸਿੱਖਾਂ ਦੀ ਧਰਮ ਬਦਲੀ ਹੋ ਰਹੀ ਹੈ।

ਮੂਲ ਰੂਪ ਵਿੱਚ ਸ੍ਰੀ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਹੇਠ ਸਿੱਖ ਰਾਜ ਸਥਾਪਤ ਕਰਨ ਉਪਰੰਤ ਸਿੱਖ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਸਾਰੇ ਦੇਸ਼ ਵਿੱਚ ਫ਼ੈਲੇ ਸਿੱਖ ਸਮਾਜ ਦਾ ਇੱਕ ਧਾਰਮਿਕ ਆਗੂ ਜਾਂ ਸੰਸਥਾ ਨਹੀਂ ਬਣ ਸਕੇ। ਮਿਸਲ ਕਾਲ ਵਿੱਚ ਵੀ ਆਗੂਆਂ ਨੇ ਖ਼ੈਬਰ ਤੋਂ ਅਵਧ ਤੱਕ ਫ਼ਤਿਹ ਕਰ ਲਿਆ ਸੀ, ਪਰ ਰਾਜ ਪੱਕਾ ਨਹੀਂ ਹੋ ਸਕਿਆ। ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦਰਿਆ ਸਤਲੁਜ ਤੇ ਰੋਕ ਕੇ ਉਸ ਨੂੰ ਸ਼ੇਰੇ ਪੰਜਾਬ ਤੱਕ ਹੀ ਸੀਮਤ ਰੱਖਿਆ ਸੀ। ਅੰਗਰੇਜ਼ ਹਕੂਮਤ ਸਮੇਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਇਰਾ ਵੀ ਪੁਰਾਣੇ ਪੰਜਾਬ ਦੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ। (**ਬਾਕੀ ਸਫ਼ਾ 27 'ਤੇ**)



# ਪੰਜਾਬ ਦੀ ਮੌਜੂਦਾ ਸਥਿਤੀ ਲਈ ਜ਼ਿੰਮੇਵਾਰ ਕੌਣ?

**ਡਾ. ਗੁਰਵੇਲ ਸਿੰਘ ਮੱਲੀ**

ਇੱਕ ਦਿਨ ਖ਼ਬਰਾਂ ਦੇ ਪੰਜਾਬੀ ਟੀ.ਵੀ. ਚੈਨਲ ਤੋਂ ਇੱਕ ਭਾਈ ਸਾਹਿਬ ਬੋਲ ਰਹੇ ਸਨ ਕਿ ਪੰਜਾਬ ਨੂੰ ਰੰਗਲਾ ਬਣਾਉਣ ਦੇ ਸੁਪਨੇ ਜੋ ਭਗਵੰਤ ਮਾਨ ਵਿਖਾਉਂਦੇ ਰਹੇ ਨੇ, ਉਹ ਸੁਪਨੇ ਹੀ ਰਹਿ ਗਏ ਲਗਦੇ ਹਨ। ਦਰਅਸਲ ਉਹ ਸੂਬੇ ਵਿੱਚ ਲਾਇਨਮੈਨਾਂ ਦੀ ਭਰਤੀ ਨੂੰ ਲੈ ਕੇ ਚਿੰਤਾ ਪ੍ਰਗਟਾਅ ਰਹੇ ਸਨ, ਕਿਉਂਕਿ ਇਸ ਭਰਤੀ ਦੌਰਾਨ ਜ਼ਿਆਦਾਤਰ ਗੁਆਂਢੀ ਸੂਬਿਆਂ ਦੇ ਨੌਜਵਾਨ ਸਥਾਨਕ ਵਸਨੀਕਾਂ (ਪੰਜਾਬੀਆਂ) ਨੂੰ ਪਛਾੜ ਕੇ ਰੁਜ਼ਗਾਰ ਲੈਣ ਵਿੱਚ ਸਫ਼ਲ ਹੋ ਗਏ ਹਨ। ਪੰਜਾਬ ਜਿੱਥੇ ਬੇਰੁਜ਼ਗਾਰੀ ਦੀ ਅੱਗ ਪਹਿਲਾਂ ਹੀ ਸੂਬੇ ਦੇ ਨੌਜਵਾਨਾਂ ਨੂੰ ਸਾੜ ਰਹੀ ਹੈ, ਉੱਥੇ ਅਜਿਹਾ ਵਰਤਾਰਾ ਪੰਜਾਬ ਨੂੰ ਕਿਵੇਂ ਰੰਗਲਾ ਬਣਨ ਦੇਵੇਗਾ? ਪੰਜਾਬੀਆਂ ਨੇ ਬਹੁਤ ਸੂਝ-ਬੂਝ ਤੇ ਉਮੀਦਾਂ ਨਾਲ ਨਵੀਂ ਪਾਰਟੀ ਨੂੰ ਮੌਕਾ ਦਿੱਤਾ ਸੀ, ਪਰ ਬਦਲਾਅ ਵਾਲੇ ਵੀ ਇੰਝ ਕਰਨਗੇ ਇਸ ਦੀ ਕਿਸੇ ਨੂੰ ਆਸ ਨਹੀਂ ਸੀ। ਜਦੋਂ ਮੈਂ ਆਪਣੀ ਪਤਨੀ ਨਾਲ ਲੈਬਾਰਟਰੀ ਨੂੰ ਕਾਰ ਵਿਚ ਜਾ ਰਿਹਾ ਸੀ ਤਾਂ ਉਨ੍ਹਾਂ ਮੇਰੀ ਉਦਾਸੀ ਦਾ ਕਾਰਨ ਪੁੱਛਿਆ ਅਤੇ ਇਸ ਨਾਲ ਸਬੰਧਿਤ ਇਕ ਵਾਕਿਆ ਸਾਂਝਾ ਕਰਦਿਆਂ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇਸ ਨਿਘਾਰ ਲਈ ਕਿਤੇ ਪੰਜਾਬੀ ਖ਼ੁਦ ਹੀ ਜ਼ਿੰਮੇਵਾਰ ਤਾਂ ਨਹੀਂ ਹਨ? ਮੇਰੀ ਪਤਨੀ ਕਾਲਜ ਵਿੱਚ ਪੜ੍ਹਾਉਂਦੀ ਹੈ, ਉਸ ਨੇ ਦੱਸਿਆ ਕਿ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਇੱਕ ਬੀ. ਏ. ਭਾਗ ਪਹਿਲਾ ਦੇ ਵਿਦਿਆਰਥੀ ਦਾ ਉਸ ਨੂੰ 2-3 ਵਾਰ ਫੋਨ ਆਇਆ, ਮੈਡਮ ਕੀ ਉਹ ਛੁੱਟੀਆਂ ਦੌਰਾਨ ਕਾਲਜ ਦੀ ਲਾਇਬ੍ਰੇਰੀ ਵਿੱਚ ਪੜ੍ਹ ਸਕਦਾ ਹੈ? ਜੇ ਲਾਇਬ੍ਰੇਰੀ ਨਹੀਂ ਤਾਂ ਉਸ ਨੂੰ ਕਿਸੇ ਹੋਰ ਕਮਰੇ ਵਿੱਚ ਬੈਠਣ ਦੀ ਆਗਿਆ ਦਿੱਤੀ ਜਾਵੇ, ਕਿਉਂਕਿ ਉਸ ਦਾ ਸਾਰਾ ਪਰਿਵਾਰ ਇੱਕ ਛੋਟੇ ਜਿਹੇ ਕਮਰੇ ਵਿੱਚ ਰਹਿੰਦਾ ਹੈ, ਜਿੱਥੇ ਪੜ੍ਹਾਈ ਕਰਨੀ ਔਖੀ ਹੈ ਅਤੇ ਉਹ ਪੜ੍ਹਨਾ ਚਾਹੁੰਦਾ ਹੈ। ਇਹ ਵਿਦਿਆਰਥੀ ਇੱਕ ਪ੍ਰਵਾਸੀ ਪਰਿਵਾਰ ਤੋਂ ਹੈ, ਜਿਸ ਦੇ ਮਾਪੇ ਸ਼ਹਿਰ ਵਿੱਚ ਮਿਹਨਤ ਮਜ਼ਦੂਰੀ ਕਰਕੇ ਜੀਵਨ ਬਸਰ ਕਰ ਰਹੇ ਹਨ। ਮੈਨੂੰ ਪਤਨੀ ਨੇ ਦੱਸਿਆ ਕਿ ਪੜ੍ਹਾਈ ਪ੍ਰਤੀ ਅਜਿਹੀ ਲਗਨ ਸਾਡੇ ਸਥਾਨਕ ਵਿਦਿਆਰਥੀਆਂ ਵਿੱਚ ਘੱਟ ਹੀ ਵੇਖਣ ਨੂੰ ਮਿਲਦੀ ਹੈ। ਜਦੋਂ ਅਸੀਂ ਲੈਬਾਰਟਰੀ ਵਿੱਚ ਸੈਂਪਲ ਦੇਣ ਉਪਰੰਤ ਬਾਹਰ ਨਿਕਲੇ ਤਾਂ ਨੇੜਲੀ ਦੁਕਾਨ ਲਾਗੇ ਖੜ੍ਹਾ ਇੱਕ ਨੌਜਵਾਨ ਆਪਣੀਆਂ ਮੁੱਛਾਂ ਨੂੰ ਜਗੀਰਦਾਰੀ ਅੰਦਾਜ਼ ਵਿੱਚ ਵੱਟ ਚੜ੍ਹਾ ਰਿਹਾ ਸੀ ਅਤੇ ਉਸ ਦਾ ਹੱਥ ਵਾਰ-ਵਾਰ ਡੱਬ ਵਿੱਚ ਰੱਖੀ ਪਿਸਤੌਲ 'ਤੇ ਜਾ ਰਿਹਾ ਸੀ। ਇਸ ਦੌਰਾਨ ਉਸ ਦਾ ਇੱਕ ਸਾਥੀ ਨਾਈ ਦੀ ਦੁਕਾਨ 'ਚੋਂ ਨਿਕਲਿਆ, ਜੋ ਆਪਣੀ ਦਾੜ੍ਹੀ 'ਤੇ ਪਾਏ ਕੁੰਡਲਾਂ ਨੂੰ ਹੱਥਾਂ ਨਾਲ ਦਬਾ ਰਿਹਾ ਸੀ। ਇਸ ਦ੍ਰਿਸ਼ ਨੇ ਮੈਨੂੰ ਸੋਚਣ 'ਤੇ ਮਜਬੂਰ ਕਰ ਦਿੱਤਾ ਕਿ ਪੰਜਾਬ ਦੇ ਉਜਾੜੇ ਲਈ ਜ਼ਿੰਮੇਵਾਰ ਕੌਣ ਹੈ? ਖ਼ੁਦ ਅਸੀਂ, ਸਾਡਾ ਸਮਾਜਿਕ ਤਾਣਾ-ਬਾਣਾ, ਪਰਵਾਸ (ਅੰਦਰੂਨੀ ਤੇ ਬਾਹਰੀ), ਸਰਕਾਰੀ ਨਿਜ਼ਾਮ ਜਾਂ ਸਾਰੇ?



ਜੇਕਰ ਉਪਰੋਕਤ ਦ੍ਰਿਸ਼ ਨੂੰ ਪੰਜਾਬ ਦੀ ਸਥਿਤੀ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਇਸ ਦੇ ਕਈ ਅਰਥ ਨਿਕਲਦੇ ਹਨ। ਅੱਜ ਤਕਨਾਲੋਜੀ ਦੇ ਯੁੱਗ ਵਿੱਚ ਸੋਸ਼ਲ ਮੀਡੀਆ ਸਮੇਤ ਅਨੇਕਾਂ ਸਾਧਨ ਝੂਠ ਨੂੰ ਲੋਕਾਂ ਅੱਗੇ ਸੱਚ ਬਣਾ ਕੇ ਪੇਸ਼ ਕਰ ਰਹੇ ਹਨ। ਸਾਨੂੰ ਮਿਲੀ ਜਾਣਕਾਰੀ ਜਾਂ ਸਮਾਚਾਰ ਦੀ ਘੋਖ ਪੜਤਾਲ ਕਰਕੇ ਹੀ ਸਹੀ-ਗਲਤ ਦੇ ਫ਼ੈਸਲੇ 'ਤੇ ਪਹੁੰਚਣਾ ਚਾਹੀਦਾ ਹੈ, ਕਾਹਲੀ ਵਿੱਚ ਕਿਸੇ 'ਤੇ ਉਠਾਈ ਉਂਗਲ ਅਕਸਰ ਵਿਵਾਦਾਂ ਨੂੰ ਜਨਮ ਦਿੰਦੀ ਹੈ। ਪੰਜਾਬ ਦੇ ਅਤੀਤ ਵੱਲ ਝਾਤੀ ਮਾਰੀਏ ਤਾਂ ਇਹ ਸੂਰਬੀਰਾਂ ਦੀਆਂ ਗਾਥਾਵਾਂ ਨਾਲ ਭਰਿਆ ਪਿਆ ਹੈ। ਪੰਜਾਬੀਆਂ ਦੀ ਮਿਹਨਤ, ਸਿਦਕ, ਸਬਰ, ਦਲੇਰੀ ਤੇ ਕੁਰਬਾਨੀਆਂ ਤੋਂ ਭਲਾ ਕੌਣ ਜਾਣੂ ਨਹੀਂ ਹੈ? ਪਰ ਪੰਜਾਬ ਦਾ ਵਰਤਮਾਨ ਤੇ ਭਵਿੱਖ ਗੌਰਵਮਈ ਨਹੀਂ ਜਾਪਦੇ, ਕਿਉਂਕਿ ਇਸ ਦੇ ਸਿਰ 'ਤੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਤੇ ਸੰਕਟ ਮੰਡਰਾਅ ਰਹੇ ਹਨ। ਇਤਿਹਾਸ ਗਵਾਹ ਹੈ ਕਿ ਪੰਜਾਬ ਹਰ ਮਾੜੀ ਸਥਿਤੀ 'ਚੋਂ ਨਿਕਲਣਾ ਜਾਣਦਾ ਹੈ, ਪਰ ਮੌਜੂਦਾ ਹਾਲਾਤ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪੰਜਾਬ ਗੁਰੂਆਂ, ਦੇਸ਼ ਭਗਤਾਂ ਦੀ ਧਰਤੀ ਹੈ, ਜਿੱਥੇ ਆਪਸੀ ਭਾਈਚਾਰੇ ਤੇ ਸਾਂਝੀਵਾਲਤਾ ਦਾ ਦਾਇਰਾ ਆਧੁਨਿਕ ਲੋਕਤੰਤਰ ਦੀ ਧਾਰਨਾ ਤੋਂ ਵੀ ਕਿਤੇ ਵੱਧ ਵਿਸ਼ਾਲ ਤੇ ਪੁਰਾਣਾ ਹੈ। ਪਰ ਅਫ਼ਸੋਸ, ਅਸੀਂ ਇਸ ਅਮੀਰ ਵਿਰਸੇ ਤੋਂ ਦੂਰ ਹੁੰਦੇ ਜਾ ਰਹੇ ਹਾਂ, ਸਾਡਾ ਨੌਜਵਾਨ ਵਰਗ ਹੱਥੀਂ ਕੰਮ ਕਰਨ ਤੋਂ ਪਾਸਾ ਵੱਟ ਰਿਹਾ ਹੈ। ਸ਼ਾਇਦ ਹੀ ਕੋਈ ਹੱਥੀਂ ਕਿਰਤ ਵਾਲਾ ਪੇਸ਼ਾ ਹੋਵੇ, ਜਿੱਥੇ ਪੰਜਾਬੀ ਕਿਰਤੀਆਂ ਦੀ ਇਜਾਰੇਦਾਰੀ ਰਹਿ ਗਈ ਹੋਵੇ। ਹਰ ਖੇਤਰ ਵਿੱਚ ਪਰਵਾਸੀ ਕਾਮੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਪਿਛਾੜ ਰਹੇ ਹਨ, ਸਾਡਾ ਵਿਦਿਆਰਥੀ ਵਰਗ ਵੀ ਇਸ ਹੋਣੀ ਤੋਂ ਅਛੂਤਾ ਨਹੀਂ ਹੈ। ਬਹੁਤੇ ਵਿਦਿਆਰਥੀ ਪੜ੍ਹਾਈ ਨੂੰ ਗਿਆਨ ਦਾ ਵਰਦਾਨ ਮੰਨਣ ਦੀ ਬਜਾਏ ਮਜਬੂਰੀ ਹੀ ਸਮਝਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਤੇ ਪ੍ਰੋਫ਼ੈਸਰ ਡਾ. ਸੁਖਦੇਵ ਸਿੰਘ ਸੋਹਲ ਅਨੁਸਾਰ ਨੌਜਵਾਨ ਪੀੜ੍ਹੀ ਨੂੰ ਆਪਣੀ ਧਰਤੀ ਅਤੇ ਮਿਹਨਤ 'ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਪਰ ਇਹ ਪੀੜ੍ਹੀ ਖ਼ੁਦ ਮਿਹਨਤ ਕਰਨ ਦੀ ਬਜਾਏ ਮਾਪਿਆਂ ਦੀ ਮਿਹਨਤ ਨਾਲ ਬਣਾਈ ਜਾਇਦਾਦ ਨੂੰ ਆਪਣੀ ਪਛਾਣ ਬਣਾਉਣ ਪ੍ਰਤੀ ਜ਼ਿਆਦਾ ਰੁਚਿਤ ਹੈ। ਹਾਲਾਂਕਿ ਪ੍ਰਵਾਸ ਕਰ ਰਹੇ ਬੱਚੇ ਆਪਣੀ ਮਿਹਨਤ ਨਾਲ ਤਰੱਕੀ ਕਰਨ ਨੂੰ ਤਰਜੀਹ ਦਿੰਦੇ ਹਨ, ਅਜਿਹੀ ਰੁਚੀ 60ਵੇਂ ਦੇ ਦਹਾਕੇ ਤੋਂ ਬਾਅਦ ਵੀ ਨਜ਼ਰ ਆਉਂਦੀ ਸੀ। ਪਰ ਹੁਣ ਪੰਜਾਬ 'ਚ ਕੁਝ ਵੀ ਨਾ ਹੋਣ ਦੇ ਬਿਰਤਾਂਤ ਨੇ ਵਿਦੇਸ਼ ਜਾ ਕੇ ਮਿਹਨਤ ਕਰਨ ਦੇ ਸੁਪਨਿਆਂ ਨੂੰ ਹਵਾ ਦਿੱਤੀ ਹੋਈ ਹੈ, ਜੋ ਜ਼ਿਆਦਾ ਇਤਫ਼ਾਕੀਆ ਲਗਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ 'ਚ ਰਹਿੰਦੇ ਪ੍ਰਵਾਸੀ ਕਾਮਿਆਂ ਦੇ ਬੱਚੇ ਜ਼ਿਆਦਾਤਰ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਜਿੱਥੇ ਪੰਜਾਬੀ ਭਾਸ਼ਾ ਪਹਿਲੀ ਤੋਂ ਪੜ੍ਹਾਈ ਜਾਂਦੀ ਹੈ।

ਸੂਬੇ ਅੰਦਰ ਵਰਤਮਾਨ ਵਰਤਾਰੇ ਨੇ ਪੰਜਾਬੀ ਸੱਭਿਆਚਾਰ ਨੂੰ ਵੀ ਨਹੀਂ ਬਖ਼ਸ਼ਿਆ। ਕੁਝ ਪੰਜਾਬੀ ਕਲਾਕਾਰ ਨਸ਼ਿਆਂ, ਹਥਿਆਰਾਂ ਤੇ ਹਿੰਸਾ ਨੂੰ ਬਿਨਾਂ ਵਜ੍ਹਾ ਪੰਜਾਬੀ ਸੱਭਿਆਚਾਰ ਨਾਲ ਜੋੜ ਰਹੇ ਹਨ। ਜਿਸ ਕਰਕੇ ਸਮਾਜ ਬਣਾਵਟੀ ਦਿਖਾਵੇ ਦਾ ਸ਼ਿਕਾਰ ਹੋ ਰਿਹਾ ਹੈ। ਪੰਜਾਬੀਆਂ ਦੇ ਆਪਣੇ ਸਿਰੜੀ ਸੁਭਾਅ ਤੋਂ ਦੂਰ ਹੋਣ ਕਰਕੇ ਉਨ੍ਹਾਂ ਦਾ ਕਿਰਤ ਪ੍ਰਤੀ ਰੁਝਾਨ ਘਟਦਾ ਜਾ ਰਿਹਾ ਹੈ ਅਤੇ ਇਹ ਵਰਤਾਰਾ ਪਰਵਾਸੀ ਕਾਮਿਆਂ ਲਈ ਮਦਦਗਾਰ ਸਾਬਤ ਹੋ ਰਿਹਾ ਹੈ। ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਜਿੱਥੇ ਖੇਤ ਤੇ ਖੇਤੀ ਦੋਵੇਂ ਗਹਿਰੇ ਸੰਕਟ ਵਿੱਚ ਹਨ।

ਪੰਜਾਬ ਸਰਕਾਰ ਦੀ ਆਰਥਿਕ ਹਾਲਤ ਤਰਸਯੋਗ ਹੈ, ਜਦਕਿ ਕੇਂਦਰ ਦਾ ਸੂਬੇ ਪ੍ਰਤੀ ਵਤੀਰਾ ਕਿਸਾਨ ਅੰਦੋਲਨ ਦੌਰਾਨ ਹੀ ਸਾਹਮਣੇ ਆ ਚੁੱਕਾ ਹੈ। ਪੰਜਾਬ ਨੂੰ ਡੂੰਘੇ ਸੰਕਟ 'ਚੋਂ ਕੱਢਣ ਲਈ ਸਰਕਾਰੀ ਸ਼ਮੂਲੀਅਤ ਤੇ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਦੀ ਬਹੁਤ ਲੋੜ ਹੈ। ਅਜਿਹੇ ਹਾਲਾਤ ਕਦੋਂ ਬਣਨਗੇ, ਕੁਝ ਕਿਹਾ ਨਹੀਂ ਜਾ ਸਕਦਾ! ਉਂਝ ਵੀ ਸੂਬੇ ਦੀਆਂ ਰਵਾਇਤੀ ਪਾਰਟੀਆਂ ਨੇ ਕਿਸਾਨ ਅੰਦੋਲਨ ਅਤੇ ਇਸ ਤੋਂ ਬਾਅਦ ਹੋ ਰਹੇ ਲੋਕ-ਸੰਘਰਸ਼ਾਂ ਤੋਂ ਕੁਝ ਨਹੀਂ ਸਿੱਖਿਆ। ਪੰਜਾਬ ਵਿਧਾਨ ਸਭਾ ਦੀਆਂ ਫਰਵਰੀ 2022 ਦੀਆਂ ਚੋਣਾਂ ਤੋਂ ਲੈ ਕੇ ਹੁਣ ਤੱਕ ਪੰਜਾਬ ਦੀ ਸੱਤਾਧਾਰੀ ਜਮਾਤ ਨੇ ਜੋ ਕਾਰਗੁਜ਼ਾਰੀ ਦਿਖਾਈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਲੀਡਰਾਂ ਨੇ ਲੋਕਾਂ ਦੀ ਦੁਖਦੀ ਨਬਜ਼ ਨੂੰ ਪਛਾਣਨ ਦੀ ਕੋਸ਼ਿਸ਼ ਨਹੀਂ ਕੀਤੀ।

ਹੁਣ ਇਸ ਪੜਾਅ 'ਤੇ ਸਾਨੂੰ ਆਤਮ-ਨਿਰੀਖਣ ਕਰਨ ਦੀ ਲੋੜ ਹੈ। ਬਿਨਾਂ ਸ਼ੱਕ ਸਰਕਾਰੀ ਨਿਜ਼ਾਮ ਦੀ ਸ਼ਮੂਲੀਅਤ ਤੋਂ ਬਗੈਰ ਪੰਜਾਬ ਨੂੰ ਰੰਗਲਾ ਬਣਾਉਣਾ ਮੁਸ਼ਕਿਲ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਲੋਕ ਕੁਝ ਵੀ ਨਹੀਂ ਕਰਨਗੇ। ਪੰਜਾਬ ਦੇ ਲੋਕਾਂ ਨੇ ਪਿਛਲੇ 8-10 ਸਾਲਾਂ ਵਿੱਚ ਵੱਖ-ਵੱਖ ਚੋਣ ਰੁਝਾਨਾਂ ਰਾਹੀਂ ਅਤੇ ਸਰਕਾਰੀ ਨੀਤੀਆਂ ਦੇ ਵਿਰੁੱਧ ਵਿੱਢੇ ਤਿੱਖੇ ਸੰਘਰਸ਼ਾਂ ਨਾਲ ਇਸ ਕਥਨ ਨੂੰ ਸਾਬਤ ਕੀਤਾ ਹੈ, ਕਿ ਉਹ ਰਾਜਨੀਤਕ ਜਾਗਰੂਕਤਾ ਦੇ ਪੱਖੋਂ ਨਾ ਸਿਰਫ਼ ਸਮੁੱਚੇ ਦੇਸ਼ ਤੋਂ ਅੱਗੇ ਹਨ, ਸਗੋਂ ਆਪਣੇ ਹੱਕਾਂ ਦੀ ਸੰਵਿਧਾਨਿਕ ਤਰੀਕਿਆਂ ਨਾਲ ਰਾਖੀ ਕਰਨਾ ਵੀ ਜਾਣਦੇ ਹਨ। ਇਸ ਰਵਾਇਤ ਨੂੰ ਹੋਰ ਅਸਰਦਾਰ ਬਣਾਉਣ ਲਈ ਹਰ ਪੰਜਾਬੀ ਨੂੰ ਵਿਵੇਕਸ਼ੀਲ ਹੋ ਕੇ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਸਿੱਖਿਆ ਵੱਲ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੈ, ਤਾਂ ਜੋ ਉਹ ਚੰਗੀ ਸਿਹਤ, ਨੈਤਿਕ ਕਦਰਾਂ-ਕੀਮਤਾਂ ਤੇ ਗਿਆਨ ਦੀ ਸ਼ਕਤੀ ਤੋਂ ਜਾਣੂ ਹੋ ਸਕਣ। ਮਾਪਿਆਂ ਨੂੰ ਸਮਝਣਾ ਚਾਹੀਦਾ ਕਿ ਬੱਚੇ ਸਮਝਾਉਣ 'ਤੇ ਘੱਟ ਤੇ ਪਰਿਵਾਰਕ ਆਚਾਰ-ਵਿਵਹਾਰ ਨੂੰ ਵੇਖ ਕੇ ਜ਼ਿਆਦਾ ਸਿੱਖਦੇ ਹਨ। ਸੌ ਹੱਥ ਰੱਸਾ, ਸਿਰੇ 'ਤੇ ਗੰਢ! ਸਾਨੂੰ ਵਿਅਕਤੀਗਤ ਪੱਧਰ 'ਤੇ ਪਹਿਲ ਕਰਕੇ ਅੰਦਰੂਨੀ ਤੇ ਬਾਹਰੀ ਹਮਲਿਆਂ ਤੋਂ ਬਚਾਅ ਕਰਨਾ ਹੋਵੇਗਾ। ਹੋਰਾਂ ਨੂੰ ਸੁਧਾਰਨ ਦੀ ਬਜਾਏ ਸਭ ਤੋਂ ਪਹਿਲਾਂ ਖ਼ੁਦ ਨੂੰ ਸੁਧਾਰਨਾ ਜ਼ਰੂਰੀ ਹੁੰਦਾ ਹੈ। ਜੇਕਰ ਪੰਜਾਬੀ ਬਦਲਦੀਆਂ ਪ੍ਰਸਥਿਤੀਆਂ ਤੇ ਚੁਣੌਤੀਆਂ ਸਾਹਮਣੇ ਨਾ ਅੜੇ ਤਾਂ ਪੰਜਾਬ ਦੇ ਉਜਾੜੇ ਵਿੱਚ ਉਹ ਬਰਾਬਰ ਦੇ ਜ਼ਿੰਮੇਵਾਰ ਹੋਣਗੇ, ਕਿਉਂਕਿ ਜ਼ਿਆਦਤੀਆਂ ਸਾਹਮਣੇ ਧਾਰੀ ਚੁੱਪ ਵੀ ਇੱਕ ਤਰ੍ਹਾਂ ਸਹਿਮਤੀ ਹੀ ਹੁੰਦੀ ਹੈ।

**-ਸਹਾਇਕ ਪ੍ਰੋਫ਼ੈਸਰ ਰਾਜਨੀਤੀ ਸ਼ਾਸਤਰ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।**

**ਸੰਦੀਪ ਕੁਮਾਰ**

# ਪੰਜਾਬ ਵਿੱਚ ਭਾਜਪਾ ਨੂੰ ਚੈਲਿੰਜ ਤੇ ਸੰਭਾਵਨਾਵਾਂ

ਪੰਜਾਬ ਦੀ ਸਿਆਸਤ ਦਾ ਦ੍ਰਿਸ਼ ਹਰ ਸਮੇਂ ਬਦਲਦਾ ਰਿਹਾ ਹੈ। ਇੱਥੋਂ ਦੇ ਵੋਟਰਾਂ ਦਾ ਮਿਜ਼ਾਜ ਕਿਸੇ ਵੀ ਸਿਆਸੀ ਪਾਰਟੀ ਲਈ ਸੌਖਾ ਨਹੀਂ ਰਿਹਾ। ਕਦੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੀ ਦੋ ਧੁਰੀਆਂ ਵਾਲੀ ਸਿਆਸਤ ਦਹਾਕਿਆਂ ਤੱਕ ਸੂਬੇ ਦੇ ਉੱਤੇ ਭਾਰੂ ਰਹੀ ਪਰ ਹੁਣ ਨਵੀਂ ਪੀੜ੍ਹੀ, ਸ਼ਹਿਰੀ ਆਬਾਦੀ ਤੇ ਬਦਲਦੇ ਸਮਾਜਿਕ ਸੰਕੇਤਾਂ ਨੇ ਇਸ ਪੁਰਾਣੀ ਸਥਿਤੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਸ ਨਵੇਂ ਸਿਆਸੀ ਦੌਰ ਵਿੱਚ ਸਭ ਤੋਂ ਵੱਧ ਚਰਚਾ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪੰਜਾਬ 'ਚ ਭਵਿੱਖ ਨੂੰ ਲੈ ਕੇ ਹੋ ਰਹੀ ਹੈ। ਕੀ ਇਹ ਪਾਰਟੀ ਪੰਜਾਬ ਦੀ ਧਰਤੀ 'ਤੇ ਆਪਣੀਆਂ ਜੜ੍ਹਾਂ ਪੱਕੀਆਂ ਕਰ ਸਕੇਗੀ ਜਾਂ ਫਿਰ ਕੇਵਲ ਸ਼ਹਿਰੀ ਪੱਧਰ ਤੱਕ ਸੀਮਤ ਰਹੇਗੀ?

**ਗੱਠਜੋੜ ਸਿਆਸਤ ਤੋਂ ਇਕੱਲਿਆਂ ਸਫ਼ਰ ਤੱਕ**

ਭਾਜਪਾ ਦਾ ਪੰਜਾਬੀ ਸਿਆਸਤ ਨਾਲ ਰਿਸ਼ਤਾ ਨਵਾਂ ਨਹੀਂ ਹੈ। 1997 ਤੋਂ 2017 ਤੱਕ ਇਹ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬ) ਨਾਲ ਮਿਲ ਕੇ ਤਿੰਨ ਵਾਰ ਸਰਕਾਰ ਦਾ ਹਿੱਸਾ ਬਣੀ ਸੀ, ਪਰ ਉਸ ਦੌਰਾਨ ਭਾਜਪਾ ਦੀ ਭੂਮਿਕਾ ਦੂਜੇ ਸਥਾਨ 'ਤੇ ਸੀ। ਜਿੱਥੇ ਸ਼ਹਿਰੀ ਹਿੰਦੂ ਵੋਟਰਾਂ 'ਚ ਇਸ ਦੀ ਪਕੜ ਮਜ਼ਬੂਤ ਸੀ, ਉੱਥੇ ਹੀ ਪਿੰਡਾਂ 'ਚ ਇਸ ਦੀ ਹਾਜ਼ਰੀ ਬਹੁਤ ਘੱਟ ਸੀ। ਖੇਤੀ ਕਾਨੂੰਨ ਦੌਰਾਨ ਭਾਜਪਾ ਤੇ ਪੰਜਾਬ ਦੇ ਰਿਸ਼ਤੇ 'ਚ ਵੱਡੀ ਦਰਾਰ ਪੈਦਾ ਹੋ ਗਈ। ਕਿਸਾਨਾਂ ਦੇ ਵਿਆਪਕ ਅੰਦੋਲਨ ਨੇ ਪਾਰਟੀ ਦੇ ਖ਼ਿਲਾਫ਼ ਗੁੱਸੇ ਨੂੰ ਭੜਕਾਇਆ। ਅਕਾਲੀ ਦਲ ਨੇ ਗੱਠਜੋੜ ਤੋੜਿਆ ਤੇ ਭਾਜਪਾ ਇਕੱਲੀ ਰਹਿ ਗਈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨਤੀਜੇ ਨਿਰਾਸ਼ਾਜਨਕ ਰਹੇ। ਪਾਰਟੀ ਨੂੰ ਕੇਵਲ ਕੁਝ ਹੀ ਸੀਟਾਂ 'ਤੇ ਮਾਮੂਲੀ ਵੋਟ ਪ੍ਰਾਪਤ ਹੋਏ। ਇਹ ਸੂਬੇ ਦੇ ਵੋਟਰਾਂ ਵੱਲੋਂ ਸਪੱਸ਼ਟ ਸੰਕੇਤ ਸੀ ਕਿ ਵਿਸ਼ਵਾਸ ਦਾ ਪੁਲ ਟੁੱਟ ਚੁੱਕਾ ਹੈ।




**ਨਵੀਂ ਰਣਨੀਤੀ ਤੇ ਨਵੇਂ ਚਿਹਰੇ**

ਭਾਜਪਾ ਹੁਣ ਪੰਜਾਬ ਵਿੱਚ ਆਪਣੇ ਅਕਸ ਨੂੰ ਨਵੇਂ ਸਿਰੇ ਤੋਂ ਗੰਢਣ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਨੂੰ ਇਹ ਸਮਝ ਆ ਚੁੱਕੀ ਹੈ ਕਿ ਜਦ ਤੱਕ ਉਹ ਸਿੱਖ ਸਮਾਜ, ਕਿਸਾਨੀ ਭਾਈਚਾਰੇ ਅਤੇ ਪਿੰਡਾਂ ਨਾਲ ਨਹੀਂ ਜੁੜੇਗੀ, ਤਦ ਤੱਕ ਪੰਜਾਬ ਵਿੱਚ ਉਸ ਦਾ ਵਾਧਾ ਸੰਭਵ ਨਹੀਂ ਹੈ। ਪਾਰਟੀ ਨੇ ਹਾਲ ਹੀ 'ਚ ਸੂਬੇ ਅੰਦਰ ਕਈ ਨਵੇਂ ਪੰਜਾਬੀ ਚਿਹਰਿਆਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਸੁਨੀਲ ਜਾਖੜ, ਰਵਨੀਤ ਸਿੰਘ ਬਿੱਟੂ, ਕੈਪਟਨ ਅਮਰਿੰਦਰ ਸਿੰਘ, ਫ਼ਤਿਹਜੰਗ ਸਿੰਘ ਬਾਜਵਾ, ਕੇਵਲ ਸਿੰਘ ਢਿੱਲੋਂ, ਰਾਣਾ ਗੁਰਮੀਤ ਸਿੰਘ ਸੋਢੀ, ਮਨਪ੍ਰੀਤ ਸਿੰਘ ਬਾਦਲ ਅਤੇ ਹੁਣ ਜਗਦੀਪ ਸਿੰਘ ਚੀਮਾ ਸਮੇਤ ਕਈ ਵੱਡੇ ਕੱਦ ਦੇ ਆਗੂਆਂ ਦੀ ਭਾਜਪਾ ਵਿਚ ਆਮਦ ਨੇ ਇਸ ਪ੍ਰਕਿਰਿਆ ਨੂੰ ਹੋਰ ਮਜ਼ਬੂਤੀ ਦਿੱਤੀ ਹੈ। ਕਾਂਗਰਸ ਤੋਂ ਭਾਜਪਾ 'ਚ ਆਏ ਇਹ ਆਗੂ ਸਿੱਖ ਚਿਹਰੇ ਦੇ ਰੂਪ 'ਚ ਪਾਰਟੀ ਨੂੰ ਉਹ ਵਿਸ਼ਵਾਸ ਦਿਵਾ ਸਕਦੇ ਹਨ, ਜਿਸ ਦੀ ਉਸ ਨੂੰ ਲੰਬੇ ਸਮੇਂ ਤੋਂ ਲੋੜ ਸੀ। ਇਸ ਦੇ ਨਾਲ ਹੀ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਜਿਵੇਂ ਪ੍ਰਧਾਨ ਮੰਤਰੀ ਆਵਾਸ ਯੋਜਨਾ, ਆਯੁਸ਼ਮਾਨ ਭਾਰਤ ਅਤੇ ਮੁਫ਼ਤ ਰਾਸ਼ਨ ਯੋਜਨਾ ਨੂੰ ਪਾਰਟੀ ਲੋਕਾਂ ਤੱਕ ਪਹੁੰਚਾ ਕੇ ਆਪਣਾ ਵਿਸ਼ਵਾਸ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸਿੱਖ ਭਰੋਸੇ ਦੀ ਮੁੜ ਸਥਾਪਨਾ

ਪੰਜਾਬ ਦਾ ਸਮਾਜ ਧਾਰਮਿਕ ਤੇ ਖੇਤੀਬਾੜੀ ਕੇਂਦ੍ਰਿਤ ਹੈ। ਭਾਜਪਾ ਲਈ ਸਭ ਤੋਂ ਵੱਡੀ ਚੁਣੌਤੀ ਭਰੋਸਾ ਹੈ। ਸਿੱਖ ਭਾਈਚਾਰੇ ਨੂੰ ਲਗਦਾ ਹੈ ਕਿ ਪਾਰਟੀ ਨੇ ਖੇਤੀ ਕਾਨੂੰਨਾਂ ਦੇ ਮਾਮਲੇ 'ਚ ਉਨ੍ਹਾਂ ਦੀ ਆਵਾਜ਼ ਨਹੀਂ ਸੁਣੀ। ਹੁਣ ਪਾਰਟੀ ਨੇ ਇਹ ਗਲਤੀ ਸੁਧਾਰਨ ਦਾ ਯਤਨ ਸ਼ੁਰੂ ਕੀਤਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਸੰਪਰਕ, ਸਿੱਖ ਆਗੂਆਂ ਦੀ ਸ਼ਮੂਲੀਅਤ ਅਤੇ ਗੁਰਪੁਰਬਾਂ ਵਿਚ ਭਾਗੀਦਾਰੀ ਆਦਿ, ਇਹ ਸਾਰੇ ਯਤਨ ਪਾਰਟੀ ਦੇ 'ਸੰਵਾਦ ਮਾਡਲ' ਦਾ ਹਿੱਸਾ ਹਨ। ਕਰਤਾਰਪੁਰ ਲਾਂਘੇ ਦੀ ਸ਼ੁਰੂਆਤ ਤੋਂ ਇਲਾਵਾ ਵਿਸ਼ਵ ਪੱਧਰ 'ਤੇ ਸਿੱਖ ਧਾਰਮਿਕ ਸਥਾਨਾਂ ਲਈ ਵਿਸ਼ੇਸ਼ ਯੋਜਨਾਵਾਂ ਵੀ ਇਸੇ ਦਿਸ਼ਾ 'ਚ ਵੱਡੇ ਕਦਮ ਹਨ।

**ਚੁਣੌਤੀਆਂ ਅਤੇ ਮੌਕੇ**

ਬੇਸ਼ੱਕ ਭਾਜਪਾ ਦੀ ਕੋਸ਼ਿਸ਼ ਜਾਰੀ ਹੈ ਪਰ ਰਾਹ ਆਸਾਨ ਨਹੀਂ। ਪਹਿਲੀ ਚੁਣੌਤੀ ਵਿਸ਼ਵਾਸ ਦੀ ਮੁੜ ਪ੍ਰਾਪਤੀ ਦੀ ਹੋਵੇਗੀ। ਕਿਸਾਨਾਂ ਤੇ ਸਿੱਖਾਂ ਵਿਚਾਲੇ ਪਾਰਟੀ ਦੇ ਬਣੇ ਨਕਾਰਾਤਮਕ ਅਕਸ ਨੂੰ ਬਦਲਣ ਲਈ ਸਿਰਫ਼ ਪ੍ਰੋਗਰਾਮ ਨਹੀਂ, ਸੱਚਾ ਸੰਵੇਦਨਸ਼ੀਲ ਰੁਖ਼ ਅਪਣਾਉਣਾ ਪਵੇਗਾ। ਪਹਿਲਾਂ ਅਕਾਲੀ ਦਲ ਦੇ ਸਹਾਰੇ ਭਾਜਪਾ ਨੂੰ ਪੇਂਡੂ ਪੱਧਰ 'ਤੇ ਕੁਝ ਕਰਨ ਦੀ ਬਹੁਤੀ ਲੋੜ ਨਹੀਂ ਸੀ। ਹੁਣ ਜਦ ਭਾਜਪਾ ਇਕੱਲੀ ਹੈ ਤਾਂ ਉਸ ਨੂੰ ਨਵੇਂ ਸਿਰੇ ਤੋਂ ਜੜ੍ਹਾਂ ਲਾਉਣੀਆਂ ਪੈਣਗੀਆਂ। ਪੰਜਾਬ ਦੀ ਸਿਆਸਤ ਜਿੱਥੇ ਧਾਰਮਿਕ ਸੰਵਾਦ ਦੇ ਨਾਲ-ਨਾਲ ਖੇਤੀਬਾੜੀ 'ਤੇ ਟਿਕੀ ਹੋਈ ਹੈ, ਉੱਥੇ ਭਾਜਪਾ ਦਾ ਰਾਸ਼ਟਰਵਾਦੀ ਤੇ ਸ਼ਹਿਰੀ ਏਜੰਡਾ ਕਈ ਵਾਰ ਲੋਕਾਂ ਦੇ ਦਿਲਾਂ ਨਾਲ ਮੇਲ ਨਹੀਂ ਖਾਂਦਾ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਜਪਾ ਲਈ ਜਿੱਥੇ ਚੁਣੌਤੀਆਂ ਹਨ, ਉੱਥੇ ਮੌਕੇ ਵੀ ਹਨ। ਕਮਜ਼ੋਰ ਹੋ ਰਿਹਾ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਦੀ ਅੰਦਰੂਨੀ ਲੜਾਈ ਤੇ ਆਮ ਆਦਮੀ ਪਾਰਟੀ ਖ਼ਿਲਾਫ਼ ਲੋਕਾਂ ਦੀ ਵਧ ਰਹੀ ਨਾਰਾਜ਼ਗੀ ਇਹ ਤਿੰਨੇ ਤੱਤ ਭਾਜਪਾ ਲਈ ਮੌਕਾ ਬਣ ਸਕਦੇ ਹਨ। ਜੇ ਪਾਰਟੀ ਆਪਣੀ ਸਿਆਸਤ ਨੂੰ ਰਾਸ਼ਟਰੀ ਮੁੱਦਿਆਂ ਤੋਂ ਸੂਬਾਈ ਮਸਲਿਆਂ ਤੱਕ ਲਿਆਉਂਦੀ ਹੈ ਤਾਂ ਇਹ ਵੱਡਾ ਬਦਲਾਅ ਸਾਬਤ ਹੋ ਸਕਦਾ ਹੈ। ਲੋਕਾਂ ਨੂੰ ਸਿਰਫ਼ ਨੀਤੀਆਂ ਨਹੀਂ, ਵਿਸ਼ਵਾਸ ਚਾਹੀਦਾ ਹੈ ਤੇ ਇਹੀ ਥਾਂ ਹੈ ਜਿੱਥੇ ਭਾਜਪਾ ਆਪਣੇ ਪੈਰ ਜਮਾਅ ਸਕਦੀ ਹੈ।

**ਭਵਿੱਖ ਦੀ ਰਣਨੀਤੀ-ਲੋਕਾਂ ਨਾਲ ਸੰਵਾਦ**

ਪੰਜਾਬ ਦੇ ਲੋਕ ਤਜਰਬੇਕਾਰ ਹਨ। ਉਹ ਖਾਲੀ ਵਾਅਦੇ ਨਹੀਂ, ਨਤੀਜੇ ਦੇਖਦੇ ਹਨ। ਇਸ ਲਈ ਭਾਜਪਾ ਨੂੰ ਲੋਕਾਂ ਨਾਲ ਸਿੱਧਾ ਸੰਵਾਦ ਸ਼ੁਰੂ ਕਰਨ ਦੀ ਲੋੜ ਹੋਵੇਗੀ। ਕਿਸਾਨਾਂ ਦੇ ਮਸਲੇ 'ਤੇ ਖੁੱਲ੍ਹੀ ਚਰਚਾ, ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਅਤੇ ਨਸ਼ਾ-ਮੁਕਤੀ ਲਈ ਠੋਸ ਰਣਨੀਤੀ ਇਹ ਤਿੰਨੋਂ ਮੋੜ ਪਾਰਟੀ ਲਈ ਵਿਸ਼ਵਾਸ ਦੀ ਕਸੌਟੀ ਹੋਣਗੇ। ਇਸ ਦੇ ਨਾਲ ਨਾਲ, ਵਿਦੇਸ਼ਾਂ 'ਚ ਰਹਿੰਦੇ ਪੰਜਾਬੀਆਂ ਨਾਲ ਸੰਪਰਕ ਵੀ ਭਾਜਪਾ ਲਈ ਲਾਭਦਾਇਕ ਸਿੱਧ ਹੋ ਸਕਦਾ ਹੈ। ਪ੍ਰਵਾਸੀ ਪੰਜਾਬੀਆਂ ਵਿਚੋਂ ਬਹੁਤ ਸਾਰੇ ਕੇਂਦਰ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹਨ। ਜੇਕਰ ਇਹ ਸਹਿਯੋਗ ਸੂਬੇ ਦੀ ਸਿਆਸਤ ਤੱਕ ਪਹੁੰਚਾਇਆ ਜਾਵੇ ਤਾਂ ਇਹ ਭਾਜਪਾ ਦੇ ਹੱਕ ਵਿਚ ਨਵਾਂ ਰੁਝਾਨ ਪੈਦਾ ਕਰ ਸਕਦਾ ਹੈ। ਭਾਜਪਾ ਲਈ ਅਸਲੀ ਚੁਣੌਤੀ ਲੋਕਾਂ ਦੇ ਮਨ ਤੱਕ ਪਹੁੰਚਣ ਦੀ ਹੈ। ਰਾਸ਼ਟਰੀ ਏਜੰਡੇ ਦੀ ਸਫ਼ਲਤਾ ਪੰਜਾਬ ਦੀ ਧਰਤੀ 'ਤੇ ਉਦੋਂ ਹੀ ਟਿਕ ਸਕਦੀ ਹੈ, ਜਦੋਂ ਸੂਬੇ ਦੇ ਲੋਕਾਂ ਨੂੰ ਆਪਣਾ ਸਮਝ ਕੇ ਸਿਆਸਤ ਕੀਤੀ ਜਾਵੇ। ਪੰਜਾਬ ਦਾ ਜ਼ਿਕਰ ਹਮੇਸ਼ਾ ਸੂਰਮਿਆਂ, ਕਿਰਸਾਨਾਂ ਤੇ ਸਿੱਖ ਭਾਈਚਾਰੇ ਦੇ ਹਵਾਲੇ ਨਾਲ ਹੁੰਦਾ ਹੈ। ਜੇ ਭਾਜਪਾ ਇਨ੍ਹਾਂ ਤਿੰਨ ਤੱਤਾਂ ਨਾਲ ਸੱਚੀ ਸੰਵੇਦਨਸ਼ੀਲਤਾ ਜ਼ਰੀਏ ਜੁੜਦੀ ਹੈ ਤਾਂ ਆਉਣ ਵਾਲਾ ਸਮਾਂ ਉਸ ਲਈ ਲਾਭਦਾਇਕ ਹੋ ਸਕਦਾ ਹੈ।

ਅਜੇ ਤੱਕ ਭਾਜਪਾ ਦਾ ਪੰਜਾਬ ਵਿੱਚ ਭਵਿੱਖ ਅਨੇਕਾਂ ਸਵਾਲਾਂ ਦੇ ਘੇਰੇ 'ਚ ਹੈ ਪਰ ਇਸ ਦੇ ਨਾਲ ਹੀ ਉਸ ਦੇ ਸਾਹਮਣੇ ਸੰਭਾਵਨਾਵਾਂ ਦੇ ਦਰਵਾਜ਼ੇ ਵੀ ਖੁੱਲ੍ਹੇ ਹੋਏ ਹਨ। ਅਕਾਲੀ ਦਲ ਦੀ ਡਾਵਾਂਡੋਲ ਸਥਿਤੀ, ਕਾਂਗਰਸ ਦੀ ਆਪਸੀ ਫੁੱਟ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਤੀ ਵਧ ਰਹੀ ਨਾਰਾਜ਼ਗੀ, ਇਹ ਸਾਰੇ ਤੱਤ ਇਕ ਨਵਾਂ ਸਿਆਸੀ ਖੇਤਰ ਤਿਆਰ ਕਰ ਰਹੇ ਹਨ। ਹੁਣ ਸਵਾਲ ਕੇਵਲ ਇਹ ਹੈ ਕਿ ਭਾਜਪਾ ਇਸ ਮੌਕੇ ਨੂੰ ਕਿਵੇਂ ਭੁਨਾਉਂਦੀ ਹੈ? ਕੀ ਉਹ ਲੋਕਾਂ ਨਾਲ ਵਿਸ਼ਵਾਸ ਦਾ ਪੁਲ ਬਣਾਉਣ 'ਚ ਕਾਮਯਾਬ ਰਹੇਗੀ ਜਾਂ ਫਿਰ ਸਿਰਫ਼ ਸ਼ਹਿਰੀ ਸਿਆਸਤ ਦੀ ਪਾਰਟੀ ਹੀ ਬਣੀ ਰਹੇਗੀ।

# ਖੇਤਰੀ ਦਲਾਂ ਦਾ ਭਵਿੱਖ ਤੈਅ ਕਰਨਗੇ ਬਿਹਾਰ ਦੇ ਨਤੀਜੇ

ਗੁਰਮੀਤ ਸਿੰਘ ਪਲਾਹੀ



2025 ਬਿਹਾਰ ਵਿਧਾਨ ਸਭਾ ਵਿੱਚ ਕਿਹੜਾ ਸਿਆਸੀ ਦਲ ਜਾਂ ਸਿਆਸੀ ਗੱਠਜੋੜ ਚੋਣ ਜਿੱਤੇਗਾ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ, ਪਰ ਇੱਕ ਗੱਲ ਸਪੱਸ਼ਟ ਹੈ — ਜੇਕਰ ਮੌਜੂਦਾ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਸਿਆਸੀ ਦਲ ਪਹਿਲਾਂ ਨਾਲੋਂ ਕਮਜ਼ੋਰ ਹੁੰਦਾ ਹੈ, ਤਾਂ ਨੇੜਲੇ ਭਵਿੱਖ ਵਿੱਚ ਇਸ ਦਾ ਹਾਲ ਉਹੋ- ਜਿਹਾ ਹੀ ਹੋਏਗਾ, ਜਿਹੋ-ਜਿਹਾ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਹੋਇਆ ਹੈ ਜਾਂ ਮਹਾਰਾਸ਼ਟਰ ਚੋਣਾਂ ਵਿੱਚ ਸ਼ਿਵ ਸੈਨਾ ਦਾ।

ਭਾਜਪਾ ਨੇ ਬਿਹਾਰ ਵਿੱਚ ਧਰਮ ਦੀ ਰਾਜਨੀਤੀ ਦੀ ਪੂਰਨ ਤੌਰ 'ਤੇ ਸ਼ਤਰੰਜੀ ਵਿਸਾਤ ਵਿਛਾ ਦਿੱਤੀ ਹੈ। ਚੋਣਾਂ ਵਿੱਚ ਧਰਮ ਨੂੰ ਜਾਤ-ਬਰਾਦਰੀ ਤੋਂ ਉੱਪਰ ਕਰਨ ਲਈ ਭਾਜਪਾ ਨੇ ਦਾਅ-ਪੇਚ ਚੱਲ ਦਿੱਤੇ ਹਨ, ਜਿਸ ਦਾ ਖ਼ਮਿਆਜ਼ਾ ਖੇਤਰੀ ਪਾਰਟੀਆਂ ਨੂੰ ਉਵੇਂ ਹੀ ਭੁਗਤਣਾ ਪੈਣਾ ਹੈ, ਜਿਵੇਂ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ, ਮਹਾਰਾਸ਼ਟਰ ਵਿੱਚ ਭੁਗਤਣਾ ਪਿਆ ਸੀ। 1920 ਵਿੱਚ ਸਥਾਪਿਤ ਅਕਾਲੀ ਦਲ ਨੇ ਅਜ਼ਾਦ ਭਾਰਤ ਵਿੱਚ ਸਿੱਖਾਂ ਦੀ ਪਛਾਣ ਨੂੰ ਆਪਣੀ ਸਿਆਸਤ ਦਾ ਕੇਂਦਰ ਬਣਾਇਆ ਸੀ। ਕਦੇ ਪੰਜਾਬ ਦੀ ਪਛਾਣ ਬਣਨ ਵਾਲਾ ਅਕਾਲੀ ਦਲ ਅੱਜ ਆਪਣੀ ਪਛਾਣ ਬਚਾਉਣ ਲਈ ਜੂਝ ਰਿਹਾ ਹੈ, ਕਾਰਨ - ਭਾਜਪਾ ਨਾਲ਼ ਗੱਠਜੋੜ ਤੇ ਕਾਰਨ ਹੋਰ ਵੀ ਬਥੇਰੇ ਹਨ। ਹਰਿਆਣਾ ਵਿੱਚ ਭਜਨ ਲਾਲ ਤੋਂ ਲੈ ਕੇ ਬੰਸੀ ਲਾਲ ਤੱਕ ਦੀਆਂ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੇ ਵਿਚਾਲ਼ੇ ਆਪਣੀ ਪਛਾਣ ਬਚਾਉਣ ਲਈ ਤਰਲੋ- ਮੱਛੀ ਹੁੰਦੀਆਂ ਰਹੀਆਂ। ਇੱਕ ਸਮਾਂ ਇਹੋ- ਜਿਹਾ ਸੀ ਜਦੋਂ ਹਰਿਆਣਾ ਦੇ ਖੇਤਰੀ ਦਲ ਦੇ ਪ੍ਰਭਾਵ ਕਾਰਨ ਸੂਬੇ ਦੇ ਨੇਤਾਵਾਂ ਦੇ ਹਿੱਸੇ ਉਪ ਪ੍ਰਧਾਨ ਮੰਤਰੀ ਤੋਂ ਲੈ ਕੇ ਕੇਂਦਰੀ ਮੰਤਰੀਆਂ ਤੱਕ ਦੇ ਅਹੁਦੇ ਆਏ। ਅੱਜ ਦੇ ਦੌਰ ਵਿੱਚ ਖੇਤਰੀ ਦਲਾਂ ਨਾਲ਼ ਸੰਤੁਲਨ ਬਿਠਾਈ ਰੱਖਣ ਲਈ ਮੁੱਖ ਮੰਤਰੀ ਦੇ ਨਾਲ਼ - ਨਾਲ਼ ਦੋ ਉਪ ਮੁੱਖ ਮੰਤਰੀਆਂ ਦੇ ਅਹੁਦੇ ਆਮ ਗੱਲ ਹੋ ਗਈ ਹੈ।

ਬਿਹਾਰ ਵਿੱਚ ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਤਾਂ ਦੋ ਹੀ ਹਨ, ਪਰ ਹਰ ਪਾਸੇ ਉਪ ਮੁੱਖ ਮੰਤਰੀ ਬਣਨ ਦੀ ਮੰਗ ਜ਼ੋਰ ਫੜ ਰਹੀ ਹੈ। ਇਸ ਦਾ ਕਾਰਨ ਇਹੀ ਹੈ ਕਿ ਖੇਤਰੀ ਦਲਾਂ ਦਾ ਪ੍ਰਭਾਵ ਘੱਟ ਰਿਹਾ ਹੈ। ਕਦੇ ਬਿਹਾਰ 'ਚ ਨਿਤੀਸ਼ ਕੁਮਾਰ ਵੱਡਾ ਭਾਈ ਸੀ ਤੇ ਭਾਜਪਾ ਛੋਟਾ ਭਾਈ, ਪਰ ਅੱਜ ਦੋਵੇਂ ਦਲ ਬਰੋ-ਬਰਾਬਰ 101-101 ਸੀਟਾਂ 'ਤੇ ਚੋਣ ਲੜ ਰਹੇ ਹਨ।

ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਹਸ਼ਰ ਮਹਾਰਾਸ਼ਟਰ ਦੇ ਏਕਨਾਥ ਸ਼ਿੰਦੇ ਜਿਹਾ ਹੋ ਜਾਵੇਗਾ? ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਇੱਕ ਵੱਡੀ ਪਾਰਟੀ ਸੀ, ਜਿਸ ਦਾ ਕੇਂਦਰ ਦੀ ਸਰਕਾਰ ਵਿੱਚ ਵੱਡਾ ਹਿੱਸਾ ਸੀ। ਇਸ ਦਾ ਮਹਾਰਾਸ਼ਟਰ ਵਿੱਚ ਵੱਡਾ ਆਧਾਰ ਹੈ, ਸੀ। ਟੁੱਟ-ਭੱਜ ਨਾਲ਼ ਇਹ ਖੇਤਰੀ ਦਲ ਇਹੋ-ਜਿਹਾ ਬਿਖਰਿਆ ਕਿ ਅੱਜ ਟੁੱਟ-ਭੱਜ ਨਾਲ਼ ਬਣੇ ਧੜੇ ਆਪਣੀ ਹੋਂਦ ਲੱਭ ਰਹੇ ਹਨ।

ਪਹਿਲਾਂ ਸ਼ਿਵ ਸੈਨਾ ਦੇ ਦੋਵਾਂ ਧੜਿਆਂ ਨੂੰ ਚਾਣਕਿਆ ਨੀਤੀ ਨਾਲ਼ ਦੋ-ਫਾੜ ਕੀਤਾ ਗਿਆ। ਦੋਵੇਂ ਦਲ —ਵੱਖਰੇ ਹੋਏ ਅੰਗ, ਆਪਸ ਵਿੱਚ ਲੜਨ ਲੱਗੇ। ਦੋਵਾਂ ਦੇ ਵੱਖਰੇ ਹੋਏ ਹਿੱਸਿਆਂ ਨੇ ਸੱਤਾਧਾਰੀਆਂ ਦਾ ਹਿੱਸਾ ਬਣਨਾ ਪਸੰਦ ਕੀਤਾ। ਅੱਜ ਭਾਜਪਾ ਦੀ ਖੇਤਰੀ ਦਲਾਂ ਨੂੰ ਖਤਮ ਕਰਨ ਦੀ ਪ੍ਰਯੋਗਸ਼ਾਲਾ ਵਿੱਚ ਬਿਹਾਰ ਦਰੜਿਆ ਜਾ ਰਿਹਾ ਹੈ। ਪਿਛਲੇ ਇੱਕ ਦਹਾਕੇ ਭਾਜਪਾ ਸਭ ਤੋਂ ਵੱਡੀ ਰਾਸ਼ਟਰੀ ਧਿਰ ਬਣ ਚੁੱਕੀ ਹੈ। ਉਸ ਦੀ ਹਾਈ ਕਮਾਂਡ ਇਹ ਚੇਤਾਵਨੀ ਦੇ ਚੁੱਕੀ ਹੈ ਕਿ ਬਹੁਤ ਛੇਤੀ ਖੇਤਰੀ ਪਾਰਟੀਆਂ ਦੀ ਹੋਂਦ ਮਿਟ ਜਾਏਗੀ।

ਹਾਲਾਂਕਿ 2024 ਵਿੱਚ ਖੇਤਰੀ ਦਲਾਂ ਦੇ ਗੱਠਜੋੜ ਦੇ ਸਹਾਰੇ ਹੀ ਉਹ ਕੇਂਦਰੀ ਹਾਕਮ ਬਣ ਸਕੀ ਹੈ। 400 ਤੋਂ ਪਾਰ ਦਾ ਨਾਅਰਾ ਦੇਣ ਵਾਲ਼ੀ ਭਾਜਪਾ 240 ਸੀਟਾਂ ਉੱਤੇ ਸਿਮਟ ਗਈ ਅਤੇ ਖੇਤਰੀ ਦਲਾਂ ਦੇ ਸਹਾਰੇ ਤੀਜੀ ਵਾਰ ਸਰਕਾਰ ਬਣਾ ਸਕੀ ਹੈ। ਅੱਜ ਦੇਸ਼ ਵਿੱਚ 50 ਦੇ ਲਗਭਗ ਖੇਤਰੀ ਦਲ ਹਨ। ਇਹ ਭਾਸ਼ਾ, ਸੱਭਿਆਚਾਰ, ਜਾਤ ਤੋਂ ਲੈ ਕੇ ਭੂਗੋਲਿਕ ਪਛਾਣ ਦੇ ਅਧਾਰ 'ਤੇ ਬਣੇ ਹਨ। ਖੇਤਰੀ ਧਿਰਾਂ ਅਤੇ ਉਹਨਾਂ ਦੀਆਂ ਮੰਗਾਂ ਭਾਰਤੀ ਲੋਕਤੰਤਰ ਦਾ ਹਿੱਸਾ ਹਨ ਅਤੇ ਭਾਰਤ ਦੇ ਸੰਘੀ ਢਾਂਚੇ ਦੀ ਬੁਨਿਆਦ ਬਣ ਚੁੱਕੀਆਂ ਹਨ।

ਕੇਂਦਰ ਸਰਕਾਰ ਦੇ ਖ਼ਿਲਾਫ਼ ਸੁਭਾਵਿਕ ਤੌਰ 'ਤੇ ਇਹ ਖੇਤਰੀ ਦਲ ਉਪਜਦੇ ਰਹੇ। ਭਾਰਤ ਵਿੱਚ ਇਹਨਾਂ ਖੇਤਰੀ ਦਲਾਂ ਦਾ ਰੋਲ ਮਹੱਤਵਪੂਰਨ ਰਿਹਾ ਹੈ। ਖੇਤਰੀ ਮੰਗਾਂ ਦੀ ਪਛਾਣ ਕਰਨਾ, ਆਪਣੇ ਖਿੱਤੇ ਦੀ ਬੋਲੀ, ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪ੍ਰਫੁੱਲਤਾ ਲਈ ਕੰਮ ਕਰਨਾ — ਇਹਨਾਂ ਦਾ ਮੰਤਵ ਰਿਹਾ ਹੈ। ਇਹ ਦਲ ਖ਼ੁਦਮੁਖਤਿਆਰ ਹੋਣ, ਸੂਬਿਆਂ ਲਈ ਵਧੇਰੇ ਤਾਕਤਾਂ ਦੀ ਮੰਗ ਅਤੇ ਸੰਘਰਸ਼ ਕਰਦੇ ਰਹੇ। ਸ਼੍ਰੋਮਣੀ ਅਕਾਲੀ ਦਲ ਦਾ ਆਨੰਦਪੁਰ ਮਤਾ ਵਧੇਰੇ ਅਧਿਕਾਰਾਂ ਦਾ ਪ੍ਰਤੀਕ ਰਿਹਾ। ਡੀ. ਐੱਮ.ਕੇ., ਤੇਲਗੂ ਦੇਸਮ, ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ, ਤ੍ਰਿਣਮੂਲ ਕਾਂਗਰਸ ਖੇਤਰੀ ਪਾਰਟੀਆਂ ਵਜੋਂ ਉੱਭਰੀਆਂ ਅਤੇ ਆਪੋ-ਆਪਣੇ ਖਿੱਤਿਆਂ 'ਚ ਰਾਜਭਾਗ ਕਰਦੀਆਂ ਰਹੀਆਂ ਜਾਂ ਕਰ ਰਹੀਆਂ ਹਨ। ਇਹ ਸਾਰੀਆਂ ਖੇਤਰੀ ਪਾਰਟੀਆਂ ਕਾਂਗਰਸ ਦੇ ਵਿਰੋਧ ਵਿੱਚੋਂ, ਉਸ ਦੀਆਂ ਨੀਤੀਆਂ ਦੇ ਵਿਰੋਧ ਅਤੇ ਖੇਤਰੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਕਾਰਨ, ਆਪੋ ਆਪਣੇ ਖਿੱਤਿਆਂ 'ਚ ਸਰਗਰਮ ਹੋਈਆਂ। ਬਹੁ-ਚਰਚਿਤ ਭਾਰਤੀ ਰਾਸ਼ਟਰੀ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਪੱਛਮੀ ਬੰਗਾਲ ਵਿੱਚ ਖੱਬੇ ਪੱਖੀਆਂ ਦੇ ਖ਼ਿਲਾਫ਼ ਤਿੱਖਾ ਰੁੱਖ ਅਪਣਾਉਣ ਦੇ ਹੱਕ 'ਚ ਸੀ। ਕਾਂਗਰਸ ਨੇ ਉਸ ਦੇ ਇਸ ਦ੍ਰਿਸ਼ਟੀਕੋਣ ਨੂੰ ਨਕਾਰਿਆ। ਉਸ ਨੇ 1998 ਵਿੱਚ ਤ੍ਰਿਣਮੂਲ ਕਾਂਗਰਸ ਦੀ ਸਥਾਪਨਾ ਕੀਤੀ। ਉਸ ਦਾ ਦੋਸ਼ ਸੀ ਕਿ ਕਾਂਗਰਸ ਸਥਾਨਕ ਮੁੱਦਿਆਂ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਹਮੇਸ਼ਾ ਹਾਸ਼ੀਏ 'ਤੇ ਰੱਖਦੀ ਹੈ। ਉਂਵ 1960 ਦੇ ਦਹਾਕੇ ਵਿੱਚ ਕਾਂਗਰਸ ਦੀ ਕੇਂਦਰੀ ਤਾਕਤ ਨੂੰ ਚੁਣੌਤੀ ਦਿੰਦੇ ਹੋਏ ਕਈ ਖੇਤਰੀ ਦਲ ਉੱਭਰੇ ਅਤੇ ਖੇਤਰੀ ਮੁੱਦਿਆਂ ਨੂੰ ਰਾਸ਼ਟਰੀ ਰਾਜਨੀਤੀ ਦੇ ਮੰਚ 'ਤੇ ਮੁੱਦਾ ਬਣਾਇਆ। ਭਾਰਤ ਜਿਹੇ ਵਿਸ਼ਾਲ ਭੂਗੋਲ ਦੇ ਸੰਦਰਭ ਵਿੱਚ ਖੇਤਰੀ ਦਲਾਂ ਦੀ ਸਿਆਸੀ ਹੋਂਦ ਨੂੰ ਸੰਘੀ ਢਾਂਚੇ ਦੀ ਰੀੜ੍ਹ ਦੀ ਹੱਡੀ ਦੇ ਰੂਪ ਵਿੱਚ ਵੇਖਿਆ ਗਿਆ। ਸਿਆਸਤ ਦਾ ਗਣਿਤ ਸਦਾ ਦੋ ਜਮਾਂ ਦੋ ਚਾਰ ਨਹੀਂ ਹੁੰਦਾ, ਕਦੇ ਪੰਜ ਵੀ ਹੋ ਸਕਦਾ ਹੈ। ਇਹੋ-ਜਿਹਾ ਹੀ ਕਾਂਗਰਸ ਅਤੇ ਖੇਤਰੀ ਦਲਾਂ ਦੀ ਲੜਾਈ ਵਿੱਚ ਹੋਇਆ। ਇਹ ਲੜਾਈ ਸਾਲ ਦਰ ਸਾਲ ਤਿੱਖੀ ਹੋਈ। ਇਸ ਦਾ ਲਾਭ ਭਾਜਪਾ ਨੇ ਚੁੱਕਿਆ ਅਤੇ ਖੇਤਰੀ ਦਲਾਂ ਵੱਲੋਂ ਖ਼ਾਲੀ ਕਰਾਈ ਕਾਂਗਰਸ ਦੀ ਜ਼ਮੀਨ ਉੱਤੇ ਕਬਜ਼ਾ ਜਮਾ ਲਿਆ। ਇੱਥੋਂ ਹੀ ਭਾਰਤੀ ਜਨਤਾ ਪਾਰਟੀ ਦਾ ਉਭਾਰ ਹੋਣਾ ਸ਼ੁਰੂ ਹੋਇਆ। ਖੇਤਰੀ ਦਲ ਕਾਂਗਰਸ ਦੀ ਜਿੰਨੀ ਜ਼ਮੀਨ ਖਿਸਕਾਉਂਦੇ ਰਹੇ, ਓਨੀ ਥਾਂ 'ਤੇ ਦੂਜੇ ਸਭ ਤੋਂ ਵੱਡੇ ਰਾਸ਼ਟਰੀ ਦਲ—ਭਾਜਪਾ ਦੀ ਜ਼ਮੀਨ ਬਣਦੀ ਗਈ। ਸਮਾਂ ਇਹੋ-ਜਿਹਾ ਆ ਗਿਆ ਕਿ ਕਾਂਗਰਸ ਤੋਂ ਖ਼ਾਲੀ ਕਰਾਈ ਜ਼ਮੀਨ ਉੱਤੇ ਜਿਹੜੇ ਖੇਤਰੀ ਦਲ ਕਾਬਜ਼ ਹੋਏ, ਭਾਜਪਾ ਉਹਨਾਂ ਨੂੰ ਆਪਣੇ ਰਸਤੇ ਤੋਂ ਹਟਾਉਣ ਲੱਗੀ। ਇਸ ਸੰਬੰਧੀ ਉਸ ਵੱਲੋਂ ਵਧੇਰੇ ਪ੍ਰਯੋਗ ਕੀਤੇ ਗਏ। ਖੇਤਰੀ ਦਲਾਂ 'ਚ ਫੁੱਟ ਪਾਈ ਗਈ। ਕਈ ਥਾਈਂ ਖੇਤਰੀ ਨੇਤਾਵਾਂ ਨੂੰ ਲਾਲਚ ਦਿੱਤਾ ਗਿਆ।

ਲਾਲੂ ਪ੍ਰਸਾਦ ਯਾਦਵ, ਮੁਲਾਇਮ ਸਿੰਘ ਯਾਦਵ, ਮਾਇਆਵਤੀ, ਠਾਕਰੇ, ਪਵਾਰ ਜਿਹੇ ਖੇਤਰੀ ਧੁਰੰਧਰਾਂ, ਜਿਹਨਾਂ ਨੇ ਕਾਂਗਰਸ ਨੂੰ ਦੇਸ਼ ਦੀ ਸੱਤਾ ਤੋਂ ਪਾਸੇ ਕੀਤਾ ਸੀ, ਦੇ ਵਿਰੁੱਧ ਬਿਹਾਰ, ਯੂ.ਪੀ., ਮਹਾਰਾਸ਼ਟਰ ਵਿੱਚ ਭਾਜਪਾ ਨੇ ਲਾਲੂ, ਮੁਲਾਇਮ, ਮਾਇਆਵਤੀ, ਠਾਕਰੇ, ਪਵਾਰ ਦੇ ਅੰਕ ਗਣਿਤ ਨੂੰ ਸਮਝਦਿਆਂ ਵੱਡੇ ਝਟਕੇ ਦਿੱਤੇ ਅਤੇ ਉਹਨਾਂ ਨੂੰ ਕਮਜ਼ੋਰ ਕੀਤਾ।

ਅੱਜ ਇਹ ਤੱਥ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਅੰਨਾ ਹਜ਼ਾਰੇ ਦੇ ਅੰਦੋਲਨ ਦੇ ਪਿੱਛੇ ਭਾਜਪਾ - ਆਰ.ਐੱਸ.ਐੱਸ. ਸੀ। ਇਥੋਂ ਪੈਦਾ ਹੋਈ ਆਮ ਆਦਮੀ ਪਾਰਟੀ ਦਾ ਪਿਛੋਕੜ, ਸੋਚ ਤੇ ਸ਼ਕਤੀ ਸੰਗਠਨ ਆਰ.ਐੱਸ.ਐੱਸ. ਨਾਲ ਮੇਲ ਖਾਂਦੀ ਹੈ?

ਉਵੇਸੀ ਦੀ ਸਿਆਸੀ ਪਾਰਟੀ ਕਾਂਗਰਸ ਦਾ ਇੱਕ-ਇੱਕ ਵੋਟ ਕੱਟ ਕੇ ਸੱਤਾਧਾਰੀ ਦਲ ਦਾ ਘੜਾ ਭਰਦੀ ਹੈ। ਇਸ ਤਰ੍ਹਾਂ ਦੇ ਜਿੰਨੇ ਵੀ ਦਲ ਹਨ, ਉਹ ਸੱਤਾਧਾਰੀ ਦਲ ਦੇ ਕੱਟੜ ਸਮਰਪਿਤ ਵੋਟਰਾਂ ਨੂੰ ਕੱਟ ਨਹੀਂ ਸਕਦੇ। ਤਾਂ ਫਿਰ ਉਹ ਨੁਕਸਾਨ ਕਿਸ ਨੂੰ ਪਹੁੰਚਾਉਂਦੇ ਹਨ?

ਉਸ ਦਾ ਸਿੱਧਾ ਨੁਕਸਾਨ ਕਾਂਗਰਸ ਨੂੰ ਪਹੁੰਚਦਾ ਹੈ। ਲੰਬੀ ਸਿਆਸੀ ਨੀਂਦ ਸੌਣ ਤੋਂ ਬਾਅਦ ਮਾਇਆਵਤੀ ਵੀ ਤੇਜ਼ ਹੋਏ ਹਨ, ਤਾਂ ਉਹਨਾਂ ਦਾ ਨਿਸ਼ਾਨਾ ਵੀ ਕਾਂਗਰਸ ਹੈ। ਕਿਉਂਕਿ ਦੇਸ਼ ਵਿੱਚ ਹੁਣ ਵੀ ਕਾਂਗਰਸ ਦੂਜੇ ਨੰਬਰ 'ਤੇ ਹੈ ਅਤੇ ਸੱਤਾਧਾਰੀ ਧਿਰ ਦਾ ਨਿਸ਼ਾਨਾ ਵੀ ਕਾਂਗਰਸ ਹੈ। (ਬਾਕੀ ਸਫ਼ਾ 27 'ਤੇ)

# ਅਨੇਕਾਂ ਮੁਸ਼ਕਿਲਾਂ ਵਿੱਚ ਕਿਉਂ ਘਿਰੇ ਹੋਏ ਹਨ ਪੰਜਾਬ ਦੇ ਕਿਸਾਨ ?

ਬਲਬੀਰ ਸਿੰਘ ਰਾਜੇਵਾਲ



ਪਹਿਲਾਂ ਅਸੀਂ ਬੰਦੀ ਛੋੜ ਦਿਵਸ ਤੇ ਦੀਵਾਲੀ ਮਨਾਈ। ਅਗਲੇ ਦਿਨ ਅਖ਼ਬਾਰਾਂ 'ਚ ਪਟਾਕੇ ਚਲਾਉਣ ਕਾਰਨ ਸ਼ਹਿਰਾਂ 'ਚ ਧੂੰਆਂ ਫੈਲਣ ਦੀਆਂ ਖ਼ਬਰਾਂ ਪ੍ਰਮੁੱਖਤਾ ਨਾਲ ਛਪੀਆਂ। ਇੱਕ ਖ਼ਬਰ ਅਨੁਸਾਰ ਕੇਵਲ ਲੁਧਿਆਣਾ ਸ਼ਹਿਰ ਵਿੱਚ ਹੀ 35 ਕਰੋੜ ਰੁਪਏ ਦੇ ਪਟਾਕੇ ਵਿਕੇ ਹਨ। ਇਸ ਨਾਲ ਪਟਾਕੇ ਵੇਚਣ ਵਾਲੇ ਵਪਾਰੀਆਂ ਦੀ ਸੰਸਥਾ ਬਾਗੋਬਾਗ਼ ਹੈ। ਜੇ ਪੰਜਾਬ ਦੇ ਬਾਕੀ ਸ਼ਹਿਰਾਂ 'ਚ ਵਿਖੇ ਪਟਾਕਿਆਂ ਦਾ ਲੇਖਾ ਕਰੀਏ ਤਾਂ ਅਨੁਮਾਨ ਹੈ ਕਿ ਪੰਜਾਬ ਦੇ ਸਾਰੇ ਸ਼ਹਿਰਾਂ 'ਚ ਅੰਦਾਜ਼ਨ 400 ਕਰੋੜ ਦੇ ਪਟਾਕੇ ਵਿਕੇ ਹੋਣਗੇ। ਇਨ੍ਹਾਂ ਪਟਾਕਿਆਂ ਨਾਲ ਸ਼ਹਿਰਾਂ ਦਾ ਵਾਤਾਵਰਣ ਪ੍ਰਦੂਸ਼ਿਤ ਹੋ ਕੇ ਗੰਭੀਰ ਸਥਿਤੀ ਤੱਕ ਚਲਾ ਗਿਆ। ਹਰਿਆਣੇ 'ਚ ਤਾਂ ਪਟਾਕਿਆਂ ਕਾਰਨ ਪ੍ਰਦੂਸ਼ਣ ਦੀ ਸਥਿਤੀ ਪੰਜਾਬ ਨਾਲੋਂ ਵੀ ਕਿਤੇ ਮਾੜੀ ਹੈ। ਕਮਾਲ ਇਹ ਹੈ ਕਿ ਸਾਡੀ ਸੁਪਰੀਮ ਕੋਰਟ ਨੇ ਵੀ ਪਟਾਕੇ ਚਲਾਉਣ ਲਈ 2 ਘੰਟੇ ਰਾਤ 8 ਤੋਂ 10 ਵਜੇ ਤੱਕ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। ਦਿੱਲੀ 'ਚ ਤਾਂ ਪਟਾਕਿਆਂ ਦੇ ਪ੍ਰਦੂਸ਼ਣ ਨੇ ਹੋਰ ਵੀ ਭਿਆਨਕ ਸਥਿਤੀ ਪੈਦਾ ਕਰ ਦਿੱਤੀ ਹੈ। ਇਹ ਚੰਗੀ ਗੱਲ ਹੈ ਕਿ ਇਸ ਵਾਰ ਕਿਸਾਨਾਂ ਨੇ ਪਰਾਲੀ ਨੂੰ ਅੱਗ ਪਿਛਲੇ ਸਾਲਾਂ ਨਾਲੋਂ ਘੱਟ ਲਾਈ ਹੈ। ਜਦੋਂ ਪਰਾਲੀ ਨੂੰ ਅੱਗ ਲਾਉਣ ਦੀ ਗੱਲ ਸਾਹਮਣੇ ਆਉਂਦੀ ਹੈ ਤਾਂ ਸੁਪਰੀਮ ਕੋਰਟ ਦੀ ਨਜ਼ਰ 'ਚ ਪੰਜਾਬ ਦਾ ਕਿਸਾਨ ਹੀ ਸਭ ਤੋਂ ਵੱਡਾ ਦੋਸ਼ੀ ਹੁੰਦਾ ਹੈ। ਇਸੇ ਲਈ ਤਾਂ ਮਾਣਯੋਗ ਸੁਪਰੀਮ ਕੋਰਟ ਦੇ ਮੁੱਖ ਜੱਜ ਸਾਹਿਬ ਨੇ ਕੇਵਲ ਪੰਜਾਬ ਵਿੱਚ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੇ ਹੁਕਮ ਦਿੱਤੇ ਸਨ। ਕਿਸਾਨਾਂ 'ਤੇ ਮੁਕੱਦਮੇ ਦਰਜ ਹੋ ਰਹੇ ਹਨ, ਲੱਖ-ਲੱਖ ਰੁਪਿਆ ਇਕ ਏਕੜ 'ਤੇ ਜੁਰਮਾਨਾ ਠੋਕਿਆ ਜਾ ਰਿਹਾ ਹੈ ਤੇ ਜੋ ਜੁਰਮਾਨਾ ਦੇਣ ਤੋਂ ਅਸਮਰੱਥ ਹੈ, ਉਨ੍ਹਾਂ ਨੂੰ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ। ਮਾਲ ਵਿਭਾਗ ਦੇ ਰਿਕਾਰਡ 'ਚ ਲਾਲ ਐਂਟਰੀਆਂ ਕਰਕੇ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਕੀਤੀਆਂ ਜਾ ਰਹੀਆਂ ਹਨ।

ਸਾਡੀ ਸੁਪਰੀਮ ਕੋਰਟ ਨੇ ਤਾਂ ਸਰਕਾਰ ਨੂੰ ਕਿਸਾਨਾਂ ਨੂੰ ਪਰਾਲੀ ਸੰਭਾਲਣ ਲਈ 100 ਰੁਪਏ ਪ੍ਰਤੀ ਕੁਇੰਟਲ ਨਕਦ ਦੇਣ ਦੇ ਵੀ ਹੁਕਮ ਕੀਤੇ ਹੋਏ ਹਨ। ਸਰਕਾਰ ਨੇ ਅੱਜ ਤੱਕ ਪੰਜਾਬ 'ਚ ਤਾਂ ਇਸ ਦਾ ਖਾਤਾ ਵੀ ਨਹੀਂ ਖੋਲ੍ਹਿਆ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ 2017 'ਚ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਉਹ 5 ਏਕੜ ਤੋਂ ਘੱਟ ਮਾਲਕੀ ਵਾਲੇ ਕਿਸਾਨਾਂ ਨੂੰ ਮਸ਼ੀਨਾਂ ਮੁਫ਼ਤ ਦੇਵੇ ਤੇ ਇਸ ਤੋਂ ਵੱਧ ਮਾਲਕੀ ਵਾਲੇ ਕਿਸਾਨਾਂ ਨੂੰ ਸਬਸਿਡੀ 'ਤੇ ਅੱਧੀ ਕੀਮਤ ਉੱਤੇ ਮਸ਼ੀਨਰੀ ਦੇਵੇ। ਸਬਸਿਡੀ ਦਾ ਹੁਕਮ ਜਾਰੀ ਹੁੰਦਿਆਂ ਹੀ ਮਸ਼ੀਨਰੀ ਬਣਾਉਣ ਵਾਲੇ ਸਨਅਤਕਾਰਾਂ ਨੇ ਹਰ ਤਰ੍ਹਾਂ ਦੀ ਮਸ਼ੀਨਰੀ ਦੇ ਰੇਟ ਦੁੱਗਣੇ ਤੋਂ ਵੀ ਵੱਧ ਕਰ ਦਿੱਤੇ। ਸਕੀਮ ਲਾਗੂ ਹੁੰਦਿਆਂ ਹੀ ਮਸ਼ੀਨਰੀ ਵੰਡਣ 'ਚ ਬਹੁਤ ਵੱਡਾ ਘਪਲਾ ਹੋ ਗਿਆ। ਮਸ਼ੀਨਾਂ ਸਰਕਾਰ ਨੇ ਬਹੁਤ ਘੱਟ ਦਿੱਤੀਆਂ, ਪਰ ਰਿਕਾਰਡ ਵਿੱਚ ਮੁਫ਼ਤੋ-ਮੁਫ਼ਤੀ ਦਰਜ ਕਰਕੇ ਕਰੋੜਾਂ ਰੁਪਏ ਹੜੱਪ ਲਏ ਗਏ। ਪਤਾ ਲੱਗਣ 'ਤੇ ਇਹ ਖ਼ਬਰ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਰਹੀ। ਸਰਕਾਰ ਨੇ ਐਲਾਨ ਕੀਤਾ ਕਿ ਘਪਲੇ ਦੀ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ ਪਰ ਹੋਇਆ ਕੁਝ ਵੀ ਨਹੀਂ। ਨਾ ਤਾਂ ਸਰਕਾਰ ਨੇ ਸੁਪਰੀਮ ਕੋਰਟ ਦਾ ਹੁਕਮ ਮੰਨ ਕੇ ਕਿਸਾਨਾਂ ਨੂੰ 100 ਰੁਪਏ ਪ੍ਰਤੀ ਕੁਇੰਟਲ ਪਰਾਲੀ ਸੰਭਾਲਣ ਲਈ ਦਿੱਤੇ ਅਤੇ ਨਾ ਹੀ ਸਾਰੇ ਕਿਸਾਨਾਂ ਨੂੰ ਇਸ ਦੀ ਸੰਭਾਲ ਲਈ ਮਸ਼ੀਨਾਂ ਦਿੱਤੀਆਂ ਗਈਆਂ, ਸਜ਼ਾ ਫਿਰ ਵੀ ਕਿਸਾਨਾਂ ਨੂੰ। ਪੰਜਾਬ ਦਾ ਧੂੰਆਂ ਦਿੱਲੀ ਜਾਵੇ ਨਾ ਜਾਵੇ, ਸਜ਼ਾ ਪੰਜਾਬ ਦੇ ਕਿਸਾਨ ਨੂੰ ਜ਼ਰੂਰ ਦੇਣੀ ਹੈ। ਦੇਸ਼ 'ਚ 86% ਕਿਸਾਨਾਂ ਕੋਲ ਜ਼ਮੀਨ ਦੀ ਮਾਲਕੀ 5 ਏਕੜ ਤੋਂ ਘੱਟ ਦੀ ਰਹਿ ਗਈ ਹੈ। ਮਹਿੰਗੀ ਮਸ਼ੀਨ ਜੋ ਸਾਲ ਭਰ 'ਚ 7 ਤੋਂ 10 ਦਿਨ ਤੋਂ ਵੱਧ ਵਰਤੀ ਹੀ ਨਹੀਂ ਜਾਣੀ, ਕਿਸਾਨਾਂ 'ਚ ਖਰੀਦਣ ਦੀ ਸ਼ਕਤੀ ਨਹੀਂ। ਕਿਸਾਨਾਂ ਕੋਲ ਝੋਨਾ ਵੱਢ ਕੇ ਹਾੜ੍ਹੀ ਦੀਆਂ ਫ਼ਸਲਾਂ ਕਣਕ ਆਦਿ ਬੀਜਣ ਦਾ ਸਮਾਂ ਵੀ ਬਹੁਤਾ ਨਹੀਂ, ਉਹ ਮਜਬੂਰੀਵੱਸ ਅੱਗ ਲਾਉਂਦਾ ਹੈ। ਅਸੀਂ ਅੱਗ ਲਾਉਣ ਦੇ ਹੱਕ ਵਿੱਚ ਨਹੀਂ ਪਰ ਕੋਈ ਕਿਸਾਨਾਂ ਦੀ ਮਜਬੂਰੀ ਤਾਂ ਸਮਝੇ। ਕਿਸਾਨ ਦੀ ਮਜਬੂਰੀ ਪੰਜਾਬ ਦੇ ਕਿਸਾਨ ਦੀ ਅੱਜ ਦੀ ਹਾਲਤ ਘੋਖ ਕੇ ਸਮਝੀ ਜਾ ਸਕਦੀ ਹੈ। ਪਿਛਲੇ ਦਿਨੀਂ ਹੜ੍ਹਾਂ ਨੇ ਜੋ ਤਬਾਹੀ ਮਚਾਈ, ਉਸ ਦੇ ਜ਼ਿੰਮੇਵਾਰ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਸਮੇਤ ਬੀ.ਬੀ.ਐਮ.ਬੀ. ਹੀ ਹਨ। 2350 ਪਿੰਡ ਪਾਣੀ 'ਚ ਡੁੱਬ ਗਏ, ਫ਼ਸਲਾਂ ਬਰਬਾਦ ਹੋ ਗਈਆਂ। ਸਰਕਾਰ ਭਾਵੇਂ ਬਰਬਾਦ ਹੋਈਆਂ ਫ਼ਸਲਾਂ ਦਾ ਰਕਬਾ 5 ਲੱਖ ਏਕੜ ਆਖਦੀ ਹੈ ਪਰ ਇਹ ਕਿਸੇ ਤਰ੍ਹਾਂ ਵੀ 6 ਲੱਖ ਏਕੜ ਤੋਂ ਘੱਟ ਨਹੀਂ।

ਕਿਸੇ ਵੀ ਧੰਦੇ ਵੱਲ ਨਜ਼ਰ ਮਾਰੋ, ਸਨਅਤ ਹੋਵੇ ਭਾਵੇਂ ਦੁਕਾਨਦਾਰੀ ਜਾਂ ਵਪਾਰ ਹਰ ਮਾਲਕ ਦਾ, ਸਾਰਾ ਸਾਮਾਨ ਛੱਤ ਹੇਠ ਅਰਥਾਤ ਗੁਦਾਮ ਜਾਂ ਉਸ ਦੀ ਦੁਕਾਨ 'ਚ ਮਹਿਫ਼ੂਜ਼ ਹੁੰਦਾ ਹੈ। ਕਿਸਾਨ ਦੀ ਹਰ ਫ਼ਸਲ ਨੀਲੇ ਅੰਬਰ ਹੇਠਾਂ ਰੱਬ ਆਸਰੇ ਹੁੰਦੀ ਹੈ। ਇਸੇ ਲਈ ਕਿਸਾਨਾਂ ਦਾ ਸਭ ਕੁਝ ਰੁੜ੍ਹ ਗਿਆ। ਹੜ੍ਹਾਂ ਤੋਂ ਬਾਅਦ ਵਾਤਾਵਰਣ 'ਚ ਨਮੀ ਸੀ ਤੇ ਮੌਸਮ ਗਰਮ ਸੀ। ਪੰਜਾਬ 'ਚ ਬਾਕੀ ਬਚਦੀ 35 ਲੱਖ ਹੈਕਟੇਅਰ ਝੋਨੇ ਦੀ ਫ਼ਸਲ ਵੱਡੀ ਪੱਧਰ 'ਤੇ ਬੌਣਾ ਰੋਗ (ਚੀਨੀ ਵਾਇਰਸ) ਅਤੇ ਹਲਦੀ ਰੋਗ ਦੇ ਘੇਰੇ 'ਚ ਆ ਗਈ, ਜਿਸ ਕਾਰਨ ਝਾੜ ਕਾਫ਼ੀ ਘਟ ਗਿਆ। ਕੇਂਦਰੀ ਸਰਕਾਰਾਂ ਨੇ ਅੱਜ ਤੱਕ ਨਾ ਇਸ ਦਾ ਨੋਟਿਸ ਲਿਆ ਤੇ ਨਾ ਹੀ ਕੋਈ ਵਿਸ਼ੇਸ਼ ਗਿਰਦਾਵਰੀ ਕਰਾਈ। ਸਰਕਾਰ ਨੇ ਵਿਦੇਸ਼ਾਂ ਤੋਂ ਆ ਰਹੀ ਕਪਾਹ 'ਤੇ 11% ਡਿਊਟੀ ਮਾਫ਼ ਕਰ ਦਿੱਤੀ। ਸਰਕਾਰੀ ਕਾਟਨ ਕਾਰਪੋਰੇਸ਼ਨ ਪੰਜਾਬ ਵਿੱਚ ਨਰਮਾ ਖਰੀਦਣ ਲਈ ਕਿਤੇ ਨਹੀਂ ਲੱਭੀ। ਨਰਮਾ ਐਮ.ਐੱਸ.ਪੀ. ਤੋਂ 2,000 ਰੁਪਏ ਕੁਇੰਟਲ ਸਸਤਾ ਖਰੀਦਣ ਲਈ ਵੀ ਵਪਾਰੀ ਨੱਕ-ਬੁੱਲ੍ਹ ਮਾਰਦੇ ਹਨ। ਗੰਨੇ ਨੂੰ ਵੇਚਿਆਂ ਇੱਕ ਸਾਲ ਹੋ ਗਿਆ, ਸਰਕਾਰ ਵੱਲ 300 ਕਰੋੜ ਪਿਛਲੇ ਸਾਲ ਦੀ ਕੀਮਤ 'ਚੋਂ ਹਾਲੇ ਬਕਾਇਆ ਖੜ੍ਹਾ ਹੈ। ਹਾਲਾਤ ਇਹ ਹਨ ਕਿ ਹਰ ਪਾਸੇ ਕਿਸਾਨ ਦਾ ਕੱਦੂਕਸ ਹੋ ਰਿਹਾ ਹੈ। ਮਿਲਕ ਪਲਾਂਟ ਕਿਸਾਨ ਦਾ ਮੁਨਾਫ਼ਾ ਖਾ ਕੇ ਵੀ ਘਾਟੇ 'ਚ ਹਨ। ਖਾਦਾਂ ਮਿਲਦੀਆਂ ਨਹੀਂ, ਜ਼ਿੰਮੇਵਾਰੀ ਸਰਕਾਰ ਦੀ ਹੈ। ਖੇਤੀ ਲਾਗਤਾਂ ਵਧੀ ਜਾ ਰਹੀਆਂ ਹਨ ਤੇ ਸਰਕਾਰਾਂ ਮੂਕਦਰਸ਼ਕ ਹਨ।

ਇਸ ਵੇਲੇ ਕਿਸਾਨ ਮੰਡੀਆਂ 'ਚ ਝੋਨਾ ਵੇਚ ਰਹੇ ਹਨ। ਪੰਜਾਬ ਵਿੱਚ ਇਸ ਸਾਲ 30 ਤੋਂ 40 ਫ਼ੀਸਦੀ ਝੋਨੇ ਦਾ ਝਾੜ ਘਟ ਗਿਆ ਹੈ, ਬਾਸਮਤੀ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਗੱਲ ਕੀ ਕਿਸਾਨਾਂ ਦੀ ਸਾਉਣੀ ਦੀ ਹਰ ਫ਼ਸਲ ਧੋਖਾ ਦੇ ਗਈ ਹੈ। ਇਸ ਵਾਰ ਸਰਕਾਰ ਦਾ ਝੋਨਾ ਖਰੀਦਣ ਦਾ ਟੀਚਾ ਪਿਛਲੇ ਸਾਲ ਵਾਲਾ 182 ਲੱਖ ਟਨ ਦਾ ਹੀ ਸੀ, ਜੋ ਹੜ੍ਹਾਂ ਦੀ ਮਾਰ ਨੂੰ ਦੇਖ ਕੇ ਸਰਕਾਰ ਨੇ ਘਟਾ ਕੇ 172 ਲੱਖ ਟਨ ਕਰ ਲਿਆ। ਲੰਘੀ 21 ਅਕਤੂਬਰ ਤੱਕ ਪੰਜਬ ਦੀਆਂ ਮੰਡੀਆਂ 'ਚ ਲਗਭਗ 56 ਲੱਖ ਟਨ ਝੋਨਾ ਵਿਕਣ ਲਈ ਆਇਆ, ਜਿਸ 'ਚੋਂ ਸਰਕਾਰ ਨੇ 55.97 ਲੱਖ ਟਨ ਖਰੀਦਿਆ, ਲਗਭਗ 7800 ਟਨ ਪ੍ਰਾਈਵੇਟ ਵਪਾਰੀਆਂ ਨੇ ਖਰੀਦਿਆ। ਸਰਕਾਰ ਦੇ ਖ਼ਰੀਦ ਟੀਚੇ ਤੋਂ 50 ਲੱਖ ਟਨ ਝੋਨਾ ਘਟਣ ਦਾ ਖ਼ਦਸ਼ਾ ਹੈ। ਇਹ ਵੱਧ ਤੋਂ ਵੱਧ 120 ਜਾਂ 122 ਲੱਖ ਟਨ ਤੱਕ ਮੁਸ਼ਕਿਲ ਨਾਲ ਪੁੱਜੇਗਾ। (ਬਾਕੀ ਸਫ਼ਾ 27 'ਤੇ)

# ਨਾਮਵਰ ਪੰਜਾਬੀ ਦਰਸ਼ਨ ਸਿੰਘ ਸਾਹਸੀ ਦੇ ਕਤਲ ਮਗਰੋਂ ਭਾਈਚਾਰੇ ਅੰਦਰ ਸੋਗ ਅਤੇ ਗੁੱਸੇ ਦੀ ਲਹਿਰ

**ਡਾ.ਗੁਰਵਿੰਦਰ ਸਿੰਘ**

ਲਾਰੈਂਸ ਬਿਸ਼ਨੋਈ ਗੈਂਗ ਨੇ ਬ੍ਰਿਟਿਸ਼ ਕੋਲੰਬੀਆ ਸਥਿਤ ਭਾਰਤੀ ਮੂਲ ਦੇ ਕਾਰੋਬਾਰੀ ਦਰਸ਼ਨ ਸਿੰਘ ਸਾਹਸੀ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਬਿਸ਼ਨੋਈ ਗੈਂਗ ਦੇ ਮੈਂਬਰ ਗੋਲਡੀ ਢਿੱਲੋਂ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਦਾਅਵਾ ਕੀਤਾ ਹੈ ਕਿ ਉਸ ਨੇ ਸਾਹਸੀ ਦਾ ਕਤਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਕਥਿਤ ਸ਼ਮੂਲੀਅਤ ਅਤੇ ਉਨ੍ਹਾਂ ਨੂੰ ਪੈਸੇ ਦੇਣ ਤੋਂ ਇਨਕਾਰ ਕਰਨ ਕਾਰਨ ਕੀਤਾ ਸੀ। ਪੰਜਾਬੀ-ਕੈਨੇਡੀਅਨ ਕਾਰੋਬਾਰੀ ਸਾਹਸੀ ਦਾ ਕਤਲ 27 ਅਕਤੂਬਰ ਦੀ ਸਵੇਰ ਨੂੰ ਐਬਟਸਫੋਰਡ ਵਿੱਚ ਉਸ ਦੇ ਘਰ ਦੇ ਬਾਹਰ ਕੀਤਾ ਗਿਆ ਸੀ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਹਮਲਾਵਰ ਆਪਣੇ ਘਰ ਦੇ ਬਾਹਰ ਸੜਕ ਕਿਨਾਰੇ ਖੜ੍ਹੀ ਆਪਣੀ ਕਾਰ ਵਿੱਚ ਸਾਹਸੀ ਦੇ ਆਉਣ ਦੀ ਉਡੀਕ ਕਰ ਰਿਹਾ ਸੀ। ਜਿਵੇਂ ਹੀ ਸਹਾਸੀ ਆਪਣੀ ਕਾਰ ਵਿੱਚ ਚੜ੍ਹਿਆ, ਹਮਲਾਵਰ, ਸੜਕ ਦੇ ਪਾਰ ਇੱਕ ਹੋਰ ਕਾਰ ਵਿੱਚ ਖੜ੍ਹਾ ਸੀ, ਨੇ ਕਈ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਭੱਜ ਗਿਆ।ਐਬਟਸਫੋਰਡ ਪੁਲਿਸ ਵਿਭਾਗ ਨੂੰ ਸਵੇਰੇ ਗੋਲੀਬਾਰੀ ਦੀ ਰਿਪੋਰਟ ਮਿਲੀ ਅਤੇ ਮੌਕੇ 'ਤੇ ਪਹੁੰਚਣ 'ਤੇ, ਸਾਹਸੀ ਗੰਭੀਰ ਹਾਲਤ ਵਿੱਚ ਪਾਇਆ ਗਿਆ। ਬਚਾਅ ਕਰਮਚਾਰੀਆਂ ਨੇ ਕਥਿਤ ਤੌਰ 'ਤੇ ਕਾਰੋਬਾਰੀ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਪਰ ਅਜਿਹਾ ਕਰਨ ਵਿੱਚ ਅਸਮਰੱਥ ਰਹੇ।

ਪੁਲਿਸ ਵੱਲੋਂ ਕਤਲ ਦੀ ਜਾਂਚ ਜਾਰੀ ਹੈ। ਇਸ ਹੱਤਿਆ ਤੋਂ ਬਾਅਦ ਸਥਾਨਕ ਭਾਈਚਾਰਾ ਗਹਿਰੇ ਸਦਮੇ ਵਿੱਚ ਹੈ। ਬਹੁ-ਰਾਸ਼ਟਰੀ ਕੱਪੜਾ ਰੀਸਾਈਕਲਿੰਗ ਕੰਪਨੀ ਕੈਨਮ ਗਰੁੱਪ ਦੇ ਮਾਲਕ, ਦਰਸ਼ਨ ਸਿੰਘ ਸਾਹਸੀ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਾਇਲ ਹਲਕੇ 'ਚ ਦੁਰਾਹੇ ਨੇੜਲੇ ਦੇ ਰਾਜਗੜ੍ਹ ਪਿੰਡ ਦੇ ਰਹਿਣ ਵਾਲੇ ਸਨ। ਉਹ ਸਾਢੇ ਤਿੰਨ ਦਹਾਕੇ ਪਹਿਲਾਂ 1991 ਵਿੱਚ ਕੈਨੇਡਾ ਆ ਵਸੇ ਸਨ।

ਐਬਸਫੋਰਡ ਸਿਟੀ ਕੌਂਸਲ ਤੋਂ ਲੈ ਕੇ ਪ੍ਰੋਵਿੰਸ਼ਿਅਲ ਅਤੇ ਫੈਡਰਲ ਪੱਧਰ ਦੇ ਸਿਆਸਤਦਾਨ ਵੀ ਨਿੱਜੀ ਤੌਰ 'ਤੇ ਦਰਸ਼ਨ ਸਿੰਘ ਸਾਹਸੀ ਹੁਰਾਂ ਦੇ ਭਾਈਚਾਰਕ ਤੌਰ 'ਤੇ ਮੋਹਰੀ ਸੁਭਾਅ ਤੋਂ ਭਲੀ ਭਾਂਤ ਵਾਕਫ ਸਨ। ਇਉਂ ਇਹ ਕਤਲ ਮਹਿਜ਼ ਵਾਰਦਾਤ ਨਾ ਹੋ ਕੇ, ਸਿਆਸੀ ਹਲਕਿਆਂ ਵਿੱਚ ਵੀ ਗਹਿਰੀ ਚਿੰਤਾ ਦਾ ਵਿਸ਼ਾ ਹੈ। ਦਰਸ਼ਨ ਸਿੰਘ ਸਾਹਸੀ ਦੀ ਦਰਦਨਾਕ ਮੌਤ ਕਾਰਨ ਭਾਈਚਾਰੇ ਅੰਦਰ ਮਾਹੌਲ ਗਮਗੀਨ ਹੈ। ਉਹਨਾਂ ਦੇ ਘਰ ਨੇੜੇ ਸਥਿਤ ਪਾਰਕ ਵਿੱਚ ਜਦੋਂ ਭਾਈਚਾਰੇ ਦੇ ਵੱਡੀ ਗਿਣਤੀ 'ਚ ਹਾਜ਼ਰ ਲੋਕਾਂ ਨੂੰ ਪੱਤਰਕਾਰ ਮਿਲੇ, ਤਾਂ ਲੋਕ ਕਾਨੂੰਨ ਤੇ ਪ੍ਰਸ਼ਾਸਨ ਕੈਨੇਡਾ ਵਿੱਚ ਭਾਰੀ ਢਿਲ ਮੱਠ ਅਤੇ ਦਿਨ ਦਿਹਾੜੇ ਵਾਪਰ ਰਹੀਆਂ ਵਾਰਦਾਤਾਂ ਨੂੰ ਲੈ ਕੇ ਤਿੱਖੇ ਬੇਹੱਦ ਨਿਰਾਸ਼ ਅਤੇ ਰੋਹ ਵਿੱਚ ਸਨ।

ਸਾਹਸੀ ਪਰਿਵਾਰ ਵਲੋਂ ਕਿਸੇ ਵੀ ਫਿਰੌਤੀ ਦੀ ਧਮਕੀ ਤੋਂ ਇਨਕਾਰ :

ਸੋਸ਼ਲ ਮੀਡੀਆ 'ਤੇ ਇੱਕ ਅਣ-ਪ੍ਰਮਾਣਿਤ ਪੋਸਟ ਵਿੱਚ, ਲਾਰੈਂਸ ਬਿਸ਼ਨੋਈ ਸਮੂਹ ਦੇ ਗੈਂਗਸਟਰ ਗੋਲਡੀ ਢਿੱਲੋਂ ਨੇ ਕਥਿਤ ਤੌਰ 'ਤੇ ਸਾਹਸੀ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਹੈ ਅਤੇ ਕਿਹਾ ਹੈ ਕਿ ਸਾਹਸੀ ਨੇ 'ਉਨ੍ਹਾਂ ਦੀਆਂ ਜਬਰੀ ਵਸੂਲੀ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਸੀ।' ਇਸ ਸਬੰਧ ਵਿੱਚ ਮੀਡੀਆ ਨਾਲ ਗੱਲ ਕਰਦੇ ਹੋਏ, ਦਰਸ਼ਨ ਸਿੰਘ ਸਾਹਸੀ ਦੇ ਪੁੱਤਰ ਅਰਪਨ ਸਾਹਸੀ ਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਸਬੰਧ ਵਿੱਚ ਅਜਿਹੀ



ਕਿਸੇ ਵੀ ਧਮਕੀ/ਜਬਰੀ ਵਸੂਲੀ ਦੇ ਕਾਲ ਆਉਣ ਦੇ ਦਾਅਵਿਆਂ ਨੂੰ ਸਖ਼ਤੀ ਨਾਲ ਨਕਾਰਦੇ ਹਨ। ਉਸ ਨੇ ਕਿਹਾ ਕਿ ਸਾਹਸੀ ਪਰਿਵਾਰ ਉਸ ਦੇ ਪਿਤਾ ਦੇ 'ਨਾਮ ਨੂੰ ਬਦਨਾਮ ਨਹੀਂ ਹੋਣ ਦੇਵੇਗਾ।'

'ਅਸੀਂ ਅਜੇ ਵੀ ਜਵਾਬ ਲੱਭ ਰਹੇ ਹਾਂ। ਅਸੀਂ ਅਜਿਹੀਆਂ ਸਾਰੀਆਂ ਗੱਲਾਂ ਤੋਂ ਪੂਰੀ ਤਰ੍ਹਾਂ ਇਨਕਾਰ ਕਰਦੇ ਹਾਂ, ਜੋ ਫੈਲਾਈਆਂ ਜਾ ਰਹੀਆਂ ਹਨ। ਮੇਰੇ ਪਿਤਾ ਜਾਂ ਸਾਡੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਕਦੇ ਵੀ ਕਿਸੇ ਗੈਂਗਸਟਰ ਆਦਿ ਤੋਂ ਕੋਈ ਧਮਕੀ, ਜਬਰੀ ਵਸੂਲੀ ਜਾਂ ਫਿਰੌਤੀ ਦੀ ਕਾਲ ਨਹੀਂ ਮਿਲੀ। ਮੇਰੇ ਪਿਤਾ ਨੂੰ ਮਾਰਨ ਨਾਲ ਕਿਸੇ ਨੂੰ ਵੀ, ਬਿਲਕੁਲ ਫਾਇਦਾ ਨਹੀਂ ਹੁੰਦਾ। ਉਹ ਇੱਕ ਅਜਿਹਾ ਆਦਮੀ ਸੀ, ਜਿਸ ਨੇ ਹਮੇਸ਼ਾ ਸਮਾਜ ਸੇਵਾ ਵਿਚ ਯੋਗਦਾਨ ਪਾਇਆ। ਜੋ ਲੋਕ ਮੇਰੇ ਪਿਤਾ ਨੂੰ ਜਾਣਦੇ ਹਨ, ਉਹ ਸੱਚਮੁੱਚ ਜਾਣਦੇ ਹਨ ਕਿ ਉਹ ਕੌਣ ਸਨ', ਅਰਪਨ ਆਪਣੇ ਪਿਤਾ ਦੀ ਕੰਪਨੀ ਵਿੱਚ ਮੈਨੇਜਿੰਗ ਡਾਇਰੈਕਟਰ ਵਜੋਂ ਵੀ ਕੰਮ ਕਰਦਾ ਹੈ। ਅਰਪਨ ਨੇ ਕਿਹਾ ਕਿ ਸੋਮਵਾਰ ਸਵੇਰੇ, ਉਸ ਦੇ ਪਿਤਾ ਰੁਟੀਨ ਵਾਂਗ ਕੰਮ 'ਤੇ ਜਾ ਰਹੇ ਸਨ ਅਤੇ 'ਬਿਲਕੁਲ ਕੁਝ ਵੀ ਅਸਾਧਾਰਨ ਨਹੀਂ ਸੀ'। ਅਰਪਨ ਨੇ ਕਿਹਾ ਕਿ ਜੇਕਰ ਉਹਨਾਂ ਨੂੰ ਅਜਿਹੀ ਕੋਈ ਧਮਕੀ ਮਿਲਦੀ, ਤਾਂ ਉਹ ਸਾਡੇ ਨਾਲ ਸਾਂਝਾ ਕਰਦੇ। ਉਸ ਦਿਨ ਉਹਨਾਂ ਵਿਵਹਾਰ ਵਿੱਚ ਜਾਂ ਆਲੇ-ਦੁਆਲੇ ਕੁਝ ਵੀ ਅਸਾਧਾਰਨ ਨਹੀਂ ਸੀ। ਉਹ ਸਿਰਫ਼ ਆਪਣੀ ਗੱਡੀ ਵਿੱਚ ਕੰਮ 'ਤੇ ਜਾ ਰਹੇ ਸਨ, ਜਦੋਂ ਅਣਪਛਾਤੇ ਹਮਲਾਵਰ ਨੇ ਉਹਨਾਂ ਨੂੰ ਗੋਲੀ ਮਾਰ ਦਿੱਤੀ। ਜੇਕਰ ਉਹਨਾਂ ਨੂੰ ਅਜਿਹੀ ਕੋਈ ਧਮਕੀ ਮਿਲਦੀ, ਤਾਂ ਉਹ ਇਸ ਬਾਰੇ ਚੁੱਪ ਰਹਿਣ ਜਾਂ ਇਸ ਨੂੰ ਅਣਦੇਖਿਆ ਕਰਨ ਵਾਲੇ ਨਹੀਂ ਸਨ। ਉਹ ਆਪਣੀ ਸਾਰੀ ਤਾਕਤ ਇਸ ਦੀ ਜਾਂਚ ਪੜਤਾਲ ਪਿੱਛੇ ਲਗਾ ਦਿੰਦੇ।

**ਸਾਹਿਤਕ ਅਤੇ ਸੱਭਿਆਚਾਰਕ ਹਲਕਿਆਂ ਵਿੱਚ ਬੇਹਦ ਮਕਬੂਲ ਸਨ ਦਰਸ਼ਨ ਸਿੰਘ ਸਾਹਸੀ**

ਮਰਹੂਮ ਦਰਸ਼ਨ ਸਿੰਘ ਸਾਹਸੀ ਸਾਹਿਤਕ ਅਤੇ ਸੱਭਿਆਚਾਰਕ ਹਲਕਿਆਂ ਵਿੱਚ ਵੀ ਸਤਿਕਾਰਯੋਗ ਜਾਂਦੇ ਸਨ। ਨਾਮਵਰ ਪੰਜਾਬੀ ਲਿਖਾਰੀ, ਗਾਇਕ ਅਤੇ ਹੋਰ ਸ਼ਖਸੀਅਤਾਂ ਅਕਸਰ ਉਹਨਾਂ ਦੇ ਘਰੇ ਇਕੱਠੀਆਂ ਹੁੰਦੀਆਂ ਅਤੇ ਘਰ ਵਿੱਚ ਸਾਹਿਤਕ ਮੇਲੇ ਵਰਗਾ ਮਾਹੌਲ ਹੁੰਦਾ। ਦਰਸ਼ਨ ਸਿੰਘ ਤੇ ਉਨਾਂ ਦੀ ਸੁਪਤਨੀ ਦੋਵੇਂ ਜਣੇ, ਸਾਹਿਤਕ ਮਹਿਮਾਨਾਂ ਦੀ ਹੱਦੋਂ ਵੱਧ ਆਓ ਭਗਤ ਕਰਦੇ ਅਤੇ ਖੁੱਲ ਦਿਲੀ ਨਾਲ ਸੇਵਾਵਾਂ ਵਿੱਚ ਜੁੱਟ ਜਾਂਦੇ। ਉਹਨਾਂ ਦੇ ਦਰਦਨਾਕ ਵਿਛੋੜੇ ਨਾਲ ਕੈਨੇਡਾ ਵਿੱਚ ਹੀ ਨਹੀਂ, ਪੰਜਾਬ ਵਿੱਚ ਵੀ ਸਾਹਿਤਕ ਅਤੇ ਸੱਭਿਆਚਾਰਕ ਹਸਤੀਆਂ ਅੰਦਰ ਗਹਿਰਾ ਸੋਗ ਛਾ ਗਿਆ ਹੈ।

ਪ੍ਰੋਫੈਸਰ ਗੁਰਭਜਨ ਸਿੰਘ ਗਿੱਲ, ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਭੇਜੇ ਸੋਗਮਈ ਸੁਨੇਹੇ ਵਿੱਚ ਉਹਨਾਂ ਲਿਖਿਆ ਹੈ; 'ਦਰਸ਼ਨ ਸਿੰਘ ਸਾਹਸੀ ਦਰਿਆ ਦਿਲ ਇਨਸਾਨ ਸੀ। ਮੁਹੱਬਤੀ ਬੰਦਿਆਂ ਦੇ ਮੁੱਕਣ ਨਾਲ ਜ਼ਿੰਦਗੀ ਜਿਉਣ ਯੋਗ ਨਹੀਂ ਰਹਿੰਦੀ। ਸ਼ਬਦ ਹਾਰ ਗਏ ਨੇ ਦਰਸ਼ਨ ਦੇ ਜਾਣ 'ਤੇ। ਮੈਂ ਉਸ ਦੇ ਮੋਹ ਦਾ ਰਹਿੰਦੀ ਉਮਰ ਕਰਜ਼ਦਾਰ ਰਹਾਂਗਾ। ਦਰਸ਼ਨ ਦਾ ਗੋਤ ਹੀ ਸਾਹਸੀ ਨਹੀਂ ਸੀ , ਸੁਭਾਅ ਵੀ ਸਾਹਸ ਭਰਪੂਰ ਸੀ। ਪਰਿਵਾਰ ਦੇ ਦੁੱਖ ਵਿੱਚ ਸ਼ਾਮਿਲ ਹਾਂ।' ਪੰਜਾਬੀ ਸਾਹਿਤ ਸਭਾ ਮੁਢਲੀ ਰਜਿ, ਐਬਸਫੋਰਡ ਦੇ ਸਮੂਹ ਮੈਂਬਰ, ਪੰਜਾਬੀ ਵਿਚਾਰ ਮੰਚ ਵੈਨਕੂਵਰ ਤੋਂ ਮੋਹਨ ਸਿੰਘ ਗਿੱਲ, ਅੰਗਰੇਜ਼ ਸਿੰਘ ਬਰਾੜ ਤੇ ਹੋਰ ਸ਼ਖ਼ਸੀਅਤਾਂ, ਜੀਵੇ ਪੰਜਾਬ ਆਦਮੀ ਸੰਗਤ ਅਤੇ ਸਾਊਥ ਏਸ਼ੀਅਨ ਰਿਵਿਊ ਤੋਂ ਭੁਪਿੰਦਰ ਸਿੰਘ ਮੱਲੀ ਸਮੇਤ ਮੈਂਬਰਾਨ ਤੇ ਕਈ ਹੋਰਨਾਂ ਸਾਹਿਤਕ ਸੰਸਥਾਵਾਂ ਨੇ ਦਰਸ਼ਨ ਸਿੰਘ ਸਾਹਸੀ ਦੀ ਹੱਤਿਆ ਦੀ ਪਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਅਤੇ ਭਾਈਚਾਰੇ ਅਤੇ ਪਰਿਵਾਰ ਲਈ ਇਨਸਾਫ ਦੀ ਮੰਗ ਕੀਤੀ ਹੈ।ਮਰਹੂਮ ਦਰਸ਼ਨ ਸਿੰਘ ਸਾਹਸੀ ਆਪਣੇ ਪਿੱਛੇ ਪਤਨੀ ਮਨਜੀਤ ਕੌਰ ਅਤੇ ਦੋ ਪੁੱਤਰ- ਨਵੀ ਸਾਹਸੀ ਅਤੇ ਅਰਪਨ ਸਾਹਸੀ ਸਮੇਤ, ਭਰਾਵਾਂ ਭੈਣਾਂ ਤੇ ਰਿਸ਼ਤੇਦਾਰਾਂ ਦਾ ਵੱਡਾ ਪਰਿਵਾਰ ਛੱਡ ਗਏ ਹਨ। ਉਹਨਾਂ ਦੇ ਦੋਵੇਂ ਪੁੱਤਰ ਆਪਣੇ ਪਿਤਾ ਦੀ ਕੱਪੜਾ ਰੀਸਾਈਕਲਿੰਗ ਫਰਮ ਵਿੱਚ ਕੰਮ ਕਰਦੇ ਹਨ। ਦਰਸ਼ਨ ਸਿੰਘ ਸਾਹਸੀ ਦੀ ਦਰਦਨਾਕ ਮੌਤ ਪੰਜਾਬੀ ਭਾਈਚਾਰੇ ਲਈ ਵੱਡਾ ਦੁੱਖ ਅਤੇ ਘਾਟਾ ਹੈ।

# ਨਵੰਬਰ ਮਹੀਨੇ ਮੁੜ ਕੁਰੇਦੇ ਜਾਂਦੇ ਹਨ ਸਿੱਖਾਂ ਦੇ ਦਹਾਕਿਆਂ ਤੋਂ ਰਿਸਦੇ ਜ਼ਖ਼ਮ



**ਬਘੇਲ ਸਿੰਘ ਧਾਲੀਵਾਲ**

ਜਦੋਂ ਨਵੰਬਰ ਦੇ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ ਤਾਂ ਸਿੱਖਾਂ ਦੇ 40 ਸਾਲ ਪੁਰਾਣੇ ਜ਼ਖ਼ਮ ਮੁੜ ਤਾਜ਼ਾ ਹੋ ਜਾਂਦੇ ਹਨ। ਸਿੱਖਾਂ ਨੂੰ ਉਹ ਖੌਫਨਾਕ ਵਰਤਾਰਾ ਅੱਖਾਂ ਮੂਹਰੇ ਵਾਪਰਦਾ ਦਿਖਾਈ ਦੇਣ ਲੱਗਦਾ ਹੈ ਜਿਸ ਨੇ ਹਜ਼ਾਰਾਂ ਸਿੱਖ ਪਰਿਵਾਰਾਂ ਨੂੰ ਉਜਾੜਿਆ, ਮਾਰਿਆ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਰੁਲਵਾਈਆਂ, ਗਲਾਂ ਵਿੱਚ ਟਾਇਰ ਪਾ ਕੇ, ਡੀਜ਼ਲ-ਪੈਟਰੋਲ ਪਾ ਕੇ ਬੇਰਹਿਮੀ ਨਾਲ ਸਾੜਿਆ, ਘਰ-ਬਾਰ, ਫੈਕਟਰੀਆਂ, ਕੰਮ-ਕਾਰ ਸਭ ਤਬਾਹ ਕੀਤੇ ਗਏ। ਇਹ ਭਿਆਨਕ ਮੰਜ਼ਰ ਲਗਾਤਾਰ ਹਫ਼ਤਾ ਭਰ ਵਾਪਰਦਾ ਰਿਹਾ ਪਰ ਸਰਕਾਰੀ ਤੰਤਰ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਕਰਨ ਦੀ ਬਜਾਏ ਕਾਤਲਾਂ ਦੇ ਨਾਲ ਖੜ੍ਹ ਕੇ ਉਹਨਾਂ ਨੂੰ ਉਤਸ਼ਾਹਿਤ ਕਰਦਾ ਰਿਹਾ। ਨਸ਼ੇ ਵਿੱਚ ਧੁੱਤ ਉਹਨਾਂ ਭੀੜਾਂ ਨੂੰ ਉਹ ਹਰ ਸਹੂਲਤ ਮੁਹੱਈਆ ਕਰਵਾਉਂਦਾ ਰਿਹਾ, ਜਿਸ ਦੀ ਉਹ ਥੋੜ੍ਹੀ-ਬਹੁਤੀ ਵਿੱਚ ਜ਼ਰੂਰਤ ਮਹਿਸੂਸ ਕਰਦੇ ਸਨ। ਇਹ ਕਿੰਨੀ ਹੈਰਾਨ ਕਰਨ ਵਾਲੀ ਸੱਚਾਈ ਹੈ ਕਿ ਭਾਰਤ ਦੀ ਸਰਵ ਉੱਚ ਅਦਾਲਤ ਦੇ ਬਿਲਕੁਲ ਨੱਕ ਹੇਠ ਲਗਾਤਾਰ ਹਫ਼ਤਾ ਭਰ ਹੁੰਦੇ ਰਹੇ ਸਿੱਖਾਂ ਦੇ ਕਤਲੇਆਮ ਦੀਆਂ ਚੀਕਾਂ, ਹਾਲ-ਦੁਹਾਈਆਂ ਕਿਸੇ ਵੀ ਜੱਜ, ਵਕੀਲ ਦੇ ਕੰਨਾਂ ਤੱਕ ਨਹੀਂ ਪਹੁੰਚੀਆਂ ਅਤੇ ਨਾਂ ਹੀ ਸ਼ਰਾਬੀ ਹੋਏ ਹਜੂਮ ਦੇ ਲਲਕਾਰੇ ਅਦਾਲਤ ਨੂੰ ਸੁਣਾਈ ਦਿੱਤੇ। ਇਹ ਕਿਹੋ ਜਿਹਾ ਲੋਕਤੰਤਰ ਹੈ ਕਿ ਜਿੱਥੇ ਘੱਟ ਗਿਣਤੀਆਂ ਦੇ ਮਾਮਲਿਆਂ ਵਿੱਚ ਕਾਨੂੰਨ ਵੀ ਪੱਖਪਾਤ ਵਾਲਾ ਰਾਹ ਅਖ਼ਤਿਆਰ ਕਰਦਾ ਹੈ ਅਤੇ ਅੰਨ੍ਹਾ-ਬੋਲਾ ਹੋ ਜਾਂਦਾ ਹੈ। ਇਹੋ ਕਾਰਨ ਹੈ ਕਿ ਦਿੱਲੀ ਵਿੱਚ ਹਫ਼ਤਾ ਭਰ ਮੱਚਦੇ ਰਹੇ ਕੋਹਰਾਮ ਨੂੰ ਦੇਸ਼ ਦੀ ਸਰਬ ਉੱਚ ਅਦਾਲਤ ਨੇ ਮਹਿਸੂਸ ਹੀ ਨਹੀਂ ਕੀਤਾ। ਕਾਨੂੰਨ ਵੀ ਝੱਟ ਸਮਝ ਜਾਂਦਾ ਹੈ ਕਿ ਘੱਟ ਗਿਣਤੀ ਤਬਕੇ ਦੇ ਲੋਕਾਂ ਨਾਲ ਕਿਸ ਤਰ੍ਹਾਂ ਨਜਿੱਠਣਾ ਹੈ। ਇਸੇ ਕਰਕੇ ਹੀ ਤਾਂ ਪਿਛਲੇ 41 ਸਾਲਾਂ ਤੋਂ ਸਿੱਖ ਪੀੜਤ ਮਰਦ-ਔਰਤਾਂ ਇਨਸਾਫ਼ ਲਈ ਅਦਾਲਤਾਂ ਦੇ ਚੱਕਰ ਕੱਟਦਿਆਂ ਕੱਟਦਿਆਂ ਇਸ ਜਹਾਨ ਤੋਂ ਕੂਚ ਕਰ ਗਏ, ਪਰ ਇਨਸਾਫ਼ ਨੇ ਕੋਈ ਬਾਂਹ ਨਹੀਂ ਫੜਾਈ, ਬਲਕਿ ਕਾਨੂੰਨ ਉਹਨਾਂ ਅਭਾਗੇ ਲੋਕਾਂ ਦਾ ਲਗਾਤਾਰ ਮਜ਼ਾਕ ਉਡਾਉਂਦਾਆ ਰਿਹਾ ਹੈ ਜਿਨ੍ਹਾਂ ਨੇ ਨਵੰਬਰ 1984 ਦੇ ਵਿੱਚ ਆਪਣੇ ਹੱਸਦੇ-ਵੱਸਦੇ ਪਰਿਵਾਰ ਗਵਾਏ ਹਨ, ਆਪਣੇ ਵੱਡੇ-ਵੱਡੇ ਕਾਰੋਬਾਰ ਤਬਾਹ ਕਰਵਾਏ ਹਨ, ਸੈਂਕੜੇ-ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦੇਣ ਵਾਲੇ ਖੁਦ ਸੜਕਾਂ ਤੇ ਭੀਖ ਮੰਗਣ ਲਈ ਮਜਬੂਰ ਹੋਏ ਹਨ, ਪਰ ਇਨਸਾਫ਼ ਦੀ ਤੱਕੜੀ ਦਾ ਪਲੜਾ ਹਮੇਸ਼ਾ ਕਾਤਲਾਂ ਦੇ ਪੱਖ ਵਿੱਚ ਹੀ ਝੁੱਕਦਾ ਰਿਹਾ ਹੈ। ਇਹ ਸਿੱਖਾਂ ਨਾਲ ਕੇਹਾ ਕੋਝਾ ਮਜ਼ਾਕ ਹੈ ਕਿ ਦਿੱਲੀ ਦੀਆਂ ਸੜਕਾਂ 'ਤੇ ਹਫ਼ਤਾ ਭਰ ਸ਼ਰੇਆਮ ਹੋਏ ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਸਬੂਤਾਂ ਦੀ ਘਾਟ ਕਾਰਨ ਬਰੀ ਹੁੰਦੇ ਰਹੇ। ਦਿੱਲੀ ਪੁਲਿਸ ਵੱਲੋਂ ਕੁੱਲ ਦਰਜ ਕੀਤੀਆਂ 587 ਐਫ.ਆਈ.ਆਰਾਂ ਵਿੱਚ ਲਗਭਗ 25 ਹਜ਼ਾਰ ਲੋਕ ਦੋਸ਼ੀ ਦਰਜ ਹੋਏ, ਪਰ ਜ਼ਿਆਦਾਤਰ ਨੂੰ ਜਿਵੇਂ ਉੱਪਰ ਲਿਖਿਆ ਜਾ ਚੁੱਕਾ ਹੈ, ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ। ਬਹੁਤ ਸਾਰੇ ਕੇਸ ਤਾਂ ਸਾਲਾਂ ਤੱਕ ਅਦਾਲਤਾਂ ਵਿੱਚ ਚੱਲੇ ਹੀ ਨਹੀਂ। ਇਸ ਤੋਂ ਉਪਰੰਤ ਸਿੱਖਾਂ ਨੂੰ ਜਾਂਚ ਕਮੇਟੀਆਂ ਅਤੇ




ਕਮਿਸ਼ਨਾਂ ਦੇ ਦੰਭੀ ਜਾਲ ਚ ਉਲਝਾ ਕੇ ਰੱਖਿਆ ਗਿਆ। 1985 ਵਿੱਚ ਰਾਜੀਵ ਗਾਂਧੀ ਸਰਕਾਰ ਨੇ ਜਸਟਿਸ ਰੰਗਨਾਥ ਮਿਸ਼ਰਾ ਦੀ ਅਗਵਾਈ ਹੇਠ ਜਾਂਚ ਕਮੇਟੀ ਬਣਾਈ। ਇਸ ਕਮੇਟੀ ਨੇ ਹਿੰਸਾ ਦੀ ਜਾਂਚ ਕੀਤੀ ਪਰ ਕਿਸੇ ਵੱਡੇ ਨੇਤਾ ਖ਼ਿਲਾਫ਼ ਸਿੱਧੀ ਕਾਰਵਾਈ ਦੀ ਸਿਫ਼ਾਰਸ਼ ਨਹੀਂ ਕੀਤੀ। ਇਸੇ ਕਰਕੇ ਪੀੜਤ ਪਰਿਵਾਰਾਂ ਨੇ ਇਸ ਕਮੇਟੀ ਨੂੰ ਇਨਸਾਫ਼ ਤੋਂ ਇਨਕਾਰ ਦਾ ਪ੍ਰਤੀਕ ਕਿਹਾ। ਇਸ ਤੋਂ ਬਾਅਦ ਜੈਨ-ਬੈਨਰਜੀ ਕਮੇਟੀ ਬਣੀ (1987-1990), ਜਿਸ ਨੇ ਪਹਿਲਾਂ ਬੰਦ ਹੋਏ ਕੁਝ ਕੇਸ ਮੁੜ ਖੋਲ੍ਹਣ ਦੀ ਸਿਫ਼ਾਰਸ਼ ਕੀਤੀ। ਕੁਝ ਗ੍ਰਿਫ਼ਤਾਰੀਆਂ ਵੀ ਹੋਈਆਂ, ਪਰ ਅਦਾਲਤੀ ਕਾਰਵਾਈ ਨਾਂਹ ਬਰਾਬਰ ਹੀ ਰਹੀ। ਫਿਰ ਸਨ 2000 ਵਿੱਚ ਅਟਲ ਬਿਹਾਰੀ ਵਾਜਪੇਈ ਸਰਕਾਰ ਵੱਲੋਂ ਜਸਟਿਸ ਜੀ.ਟੀ. ਨਾਨਾਵਤੀ ਕਮੇਟੀ (2000-2005) ਬਣਾਈ ਗਈ। ਇਸ ਕਮੇਟੀ ਨੇ 2,733 ਹਤਿਆਵਾਂ ਦੀ ਜਾਂਚ ਕੀਤੀ ਅਤੇ ਸੱਜਣ ਕੁਮਾਰ, ਜਗਦੀਸ਼ ਟਾਇਟਲਰ, ਐਚ.ਕੇ.ਐਲ. ਭਗਤ ਵਰਗੇ ਕਾਂਗਰਸੀ ਨੇਤਾਵਾਂ ਖ਼ਿਲਾਫ਼ ਸਿਫ਼ਾਰਸ਼ਾਂ ਕੀਤੀਆਂ। ਪਰ ਫਿਰ ਵੀ ਜ਼ਿਆਦਾਤਰ ਦੋਸ਼ੀ ਬਰੀ ਰਹੇ। ਸਨ 2015 ਵਿੱਚ ਸਰਬ ਉੱਚ ਅਦਾਲਤ ਦੇ ਹੁਕਮਾਂ ਤੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਮੁੜ ਗਠਿਤ ਕੀਤੀ ਗਈ, ਇਸ ਟੀਮ ਨੇ 186 ਪੁਰਾਣੇ ਕੇਸ ਦੁਬਾਰਾ ਖੋਲ੍ਹੇ ਅਤੇ ਚਾਰ ਸੌ ਦੇ ਕਰੀਬ ਗ੍ਰਿਫ਼ਤਾਰੀਆਂ ਵੀ ਹੋਈਆਂ, ਪਰੰਤੂ ਸੱਜਣ ਕੁਮਾਰ ਸਮੇਤ ਕੁੱਝ ਕੁ ਨੂੰ ਹੀ ਸਜ਼ਾਵਾਂ ਹੋਈਆਂ। ਪਰੰਤੂ ਇੱਥੇ ਸਵਾਲ ਤਾਂ ਇਹ ਉੱਠਦਾ ਹੈ ਕਿ 25,000 ਨਾਮਜ਼ਦ ਦੋਸ਼ੀਆਂ ਵਿੱਚੋਂ ਸਜ਼ਾਵਾਂ ਕੁੱਝ ਕੁ ਗਿਣਤੀ ਦੇ ਲੋਕਾਂ ਨੂੰ ਹੀ ਕਿਉਂ ? ਉਹ ਵੀ ਤਿੰਨ ਦਹਾਕਿਆਂ ਤੋਂ ਬਾਅਦ। ਕਿਸੇ ਵੀ ਦੋਸ਼ੀ ਨੂੰ ਮੌਤ ਦੀ ਸਜ਼ਾ ਨਹੀਂ ਹੋਈ। ਅਦਾਲਤ ਵੱਲੋਂ ਸਿੱਖ ਕਤਲੇਆਮ ਵਿੱਚ ਉਮਰ ਕੈਦ ਨੂੰ ਹੀ ਸਭ ਤੋਂ ਵੱਡੀ ਸਜ਼ਾ ਮੰਨਿਆ ਗਿਆ, ਜਦਕਿ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ੀ ਪਾਏ ਗਏ ਸ਼ਹੀਦ ਭਾਈ ਬੇਅੰਤ ਸਿੰਘ ਨੂੰ ਮੌਕੇ 'ਤੇ ਹੀ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਭਾਈ ਸਤਵੰਤ ਸਿੰਘ ਜਿਹੜੇ ਮੌਕੇ 'ਤੇ ਗੋਲੀਆਂ ਲੱਗਣ ਦੇ ਬਾਵਜੂਦ ਵੀ ਬਚ ਗਏ ਸਨ, ਉਹਨਾਂ ਨੂੰ ਅਤੇ ਭਾਈ ਕੇਹਰ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ। ਜਿਸ ਦਾ ਕਤਲ ਹੋਇਆ, ਉਸ ਦੇ ਦੋਸ਼ ਵਿੱਚ ਸਿੱਖਾਂ ਨੂੰ ਅਦਾਲਤ ਨੇ ਬਹੁਤ ਸੀਮਤ ਸਮੇਂ ਵਿੱਚ ਹੀ ਫਾਂਸੀ ਦੀ ਸਜ਼ਾ ਸੁਣਾ ਕੇ ਬਹੁਤ ਜਲਦੀ ਸ਼ਹੀਦ ਵੀ ਕਰ ਦਿੱਤਾ, ਪਰ ਦਿੱਲੀ ਸਮੇਤ ਪੂਰੇ ਭਾਰਤ ਵਿੱਚ ਗਿਣੀ-ਮਿਥੀ ਸਾਜ਼ਿਸ਼ ਨਾਲ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਅਦਾਲਤਾਂ ਵੱਲੋਂ ਕੋਈ ਮਿਸਾਲੀ ਸਜ਼ਾ ਨਹੀਂ ਦਿੱਤੀ ਗਈ, ਸਗੋਂ ਜੇ ਕਿਸੇ ਨੂੰ ਸਜ਼ਾ ਸੁਣਾਈ ਵੀ ਹੈ ਤਾਂ ਉਸ ਮੌਕੇ ਜਦੋਂ ਇਨਸਾਫ਼ ਲੈਣ ਵਾਲਾ ਕੋਈ ਟਾਂਵਾਂ ਹੀ ਬਚਿਆ ਹੈ। ਦੂਜੇ ਪਾਸੇ ਉਹ ਸਿੱਖ ਨੌਜਵਾਨ, ਜਿਨ੍ਹਾਂ ਨੇ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਰੋਸ ਵਜੋਂ ਹਥਿਆਰਬੰਦ ਜੱਦੋਜਹਿਦ ਕਰਨ ਦਾ ਅਹਿਦ ਕੀਤਾ ਤਾਂ ਉਸ ਸੰਘਰਸ਼ ਨੂੰ ਬੜੀ ਬੇਰਹਿਮੀ ਦੇ ਨਾਲ ਕੁਚਲ ਦਿੱਤਾ ਗਿਆ। ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਕੇ ਉਹਨਾਂ ਦਾ ਮੁੱਦਾ ਹੀ ਖ਼ਤਮ ਕਰ ਦਿੱਤਾ। ਕੋਹ-ਕੋਹ ਕੇ ਮਾਰਨ ਤੋਂ ਬਾਅਦ ਅਣਪਛਾਤੇ ਕਹਿ ਕੇ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਸਾੜ ਦਿੱਤਾ ਗਿਆ, ਜਾਂ ਦਰਿਆਵਾਂ ਵਿੱਚ ਰੋੜ ਦਿੱਤਾ ਗਿਆ, ਤਾਂ ਕਿ ਅਦਾਲਤੀ ਝੰਜਟ ਤੋਂ ਬਚਿਆ ਜਾ ਸਕੇ। ਕੁੱਝ ਬਚ ਗਏ ਸਿੱਖ ਨੌਜਵਾਨਾਂ ਨੂੰ ਅਦਾਲਤਾਂ ਵੱਲੋਂ ਉਮਰ ਕੈਦ ਅਤੇ ਫਾਂਸੀ ਤੱਕ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ, ਪਰ ਉਹਨਾਂ ਨੂੰ ਮੌਤ ਦੇ ਖੌਫ਼ ਵਿੱਚ ਪਲ-ਪਲ ਮਰਦੇ ਦੇਖਣ ਲਈ 30-30, 35-35 ਸਾਲਾਂ ਤੋਂ ਭਾਰਤ ਦਾ ਦੋਹਰੇ ਮਾਪਦੰਡ ਵਾਲਾ ਕਾਨੂੰਨ ਜੇਲ੍ਹਾਂ ਵਿੱਚ ਸੜਨ ਲਈ ਮਜਬੂਰ ਕਰ ਰਿਹਾ ਹੈ।

(ਬਾਕੀ ਸਫ਼ਾ 27 'ਤੇ)

# ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਦੀ ਲੋੜ

## ਸੱਤ ਸਮੁੰਦਰ ਪਾਰ ਜਾਣ ਦੀ ਥਾਂ ਪੰਜਾਬ 'ਚ ਰਹਿ ਕੇ ਸਖ਼ਤ ਮਿਹਨਤ ਕਰਨ ਨੌਜਵਾਨ








**ਜੇ ਅੱਜ ਦੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਅੱਜ ਪੰਜਾਬ ਨੂੰ ਇਸ ਦੇ ਧੀਆਂ- ਪੁੱਤਰਾਂ ਦੀ ਸਹਾਇਤਾ ਦੀ ਲੋੜ ਹੈ। ਪਿਛਲੇ ਦਿਨਾਂ ਦੌਰਾਨ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪੰਜਾਬ ਦਾ ਬਹੁਤ ਨੁਕਸਾਨ ਹੋ ਚੁੱਕਿਆ ਹੈ। ਭਾਵੇਂ ਪੰਜਾਬੀ ਹੁਣ ਸਖ਼ਤ ਮਿਹਨਤ ਕਰਕੇ ਇਸ ਨੁਕਸਾਨ ਦੀ ਭਰਪਾਈ ਕਰਨ ਦਾ ਯਤਨ ਕਰ ਰਹੇ ਹਨ ਪਰ ਪੰਜਾਬ ਨੂੰ ਅਜੇ ਆਪਣੇ ਪੈਰਾਂ ਸਿਰ ਖੜੇ ਹੋਣ ਲਈ ਕੁਝ ਸਮਾਂ ਤਾਂ ਲੱਗੇਗਾ। ਜਿਹੜੇ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਸਖ਼ਤ ਮਿਹਨਤ ਕਰਦੇ ਹਨ, ਉਹ ਪੰਜਾਬ 'ਚ ਰਹਿ ਕੇ ਵੀ ਸਖ਼ਤ ਮਿਹਨਤ ਕਰ ਸਕਦੇ ਹਨ। ਇਸ ਤਰ੍ਹਾਂ ਉਹਨਾਂ ਨੂੰ ਆਪਣੇ ਜੱਦੀ ਘਰਾਂ ਅਤੇ ਜੱਦੀ ਜ਼ਮੀਨ ਤੋਂ ਵੀ ਦੂਰ ਨਹੀਂ ਹੋਣਾ ਪਵੇਗਾ। ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਇਸ ਦੇ ਧੀਆਂ- ਪੁੱਤਰਾਂ ਨੂੰ ਹੀ ਅੱਗੇ ਆਉਣਾ ਪਵੇਗਾ।**

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਜੰਮਿਆਂ- ਜਾਇਆਂ ਨੂੰ ਮਾਣ ਹੈ ਕਿ ਇਹ ਨਿੱਤ ਨਵੀਆਂ ਮੁਹਿੰਮਾਂ ਸਰ ਕਰਦੇ ਰਹਿੰਦੇ ਹਨ। ਸਿਰਫ਼ ਦੇਸ਼ ਹੀ ਨਹੀਂ ਸਗੋਂ ਸੱਤ ਸਮੁੰਦਰ ਪਾਰ ਜਾ ਕੇ ਵਿਦੇਸ਼ੀ ਧਰਤੀ 'ਤੇ ਵੀ ਪੰਜਾਬੀਆਂ ਨੇ ਆਪਣੀ ਸਖ਼ਤ ਮਿਹਨਤ ਨਾਲ ਬਹੁਤ ਤਰੱਕੀ ਕੀਤੀ ਹੈ। ਅਨੇਕਾਂ ਐਨ.ਆਰ.ਆਈ. ਪੰਜਾਬੀ ਕਹਿੰਦੇ ਹਨ ਕਿ ਦੇਸ਼ ਵਿੱਚ ਉਹਨਾਂ ਦੀਆਂ ਕਿਰਤਾਂ ਅਤੇ ਸਖ਼ਤ ਮਿਹਨਤ ਦਾ ਮੁੱਲ ਨਹੀਂ ਪਿਆ, ਜਿਸ ਕਾਰਨ ਉਹਨਾਂ ਨੂੰ ਪਰਵਾਸ ਦਾ ਦਰਦ ਹੰਢਾਉਣਾ ਪਿਆ। ਪਰਦੇਸੀ ਪੰਜਾਬੀ ਅਨੇਕਾਂ ਵਾਰ ਦਾਅਵਾ ਕਰਦੇ ਹਨ ਕਿ ਵਿਦੇਸ਼ੀ ਮੁਲਕਾਂ ਵਿੱਚ ਉਹਨਾਂ ਦੀ ਕਿਰਤ ਅਤੇ ਸਖ਼ਤ ਮਿਹਨਤ ਦਾ ਪੂਰਾ ਮੁੱਲ ਪੈਂਦਾ ਹੈ ਅਤੇ ਉਹਨਾਂ ਨੂੰ ਬਹੁਤ ਸਹੂਲਤਾਂ ਮਿਲਦੀਆਂ ਹਨ, ਜਿਸ ਕਾਰਨ ਉਹ ਵਾਪਸ ਪੰਜਾਬ ਮੁੜਨ ਦੀ ਥਾਂ ਵਿਦੇਸ਼ਾਂ 'ਚ ਹੀ ਪੱਕੇ ਤੌਰ 'ਤੇ ਰਹਿਣ ਲੱਗ ਪਏ ਹਨ। ਇਹੋ ਕਾਰਨ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਲੋਕ ਆਪਣੇ ਜੱਦੀ ਘਰਾਂ ਅਤੇ ਜੱਦੀ ਜ਼ਮੀਨ ਨੂੰ ਛੱਡ ਕੇ ਵਿਦੇਸ਼ ਜਾ ਚੁੱਕੇ ਹਨ ਅਤੇ ਅਜੇ ਵੀ ਜਾ ਰਹੇ ਹਨ। ਪਿਛਲੇ ਦਿਨਾਂ ਦੌਰਾਨ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪੰਜਾਬੀਆਂ ਦਾ ਬਹੁਤ ਨੁਕਸਾਨ ਹੋਇਆ ਹੈ, ਜਿਸ ਕਾਰਨ ਇੱਕ ਵਾਰ ਤਾਂ ਪੰਜਾਬ ਕਾਫ਼ੀ ਪਿੱਛੇ ਚਲਿਆ ਗਿਆ ਹੈ ਪਰ ਇਸ ਦੇ ਬਾਵਜੂਦ ਪੰਜਾਬੀਆਂ ਨੇ ਅਜੇ ਹੌਂਸਲਾ ਨਹੀਂ ਹਾਰਿਆ ਅਤੇ ਉਹ ਪੂਰੇ ਹੌਂਸਲੇ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਤੋਂ ਉਭਰਨ ਦਾ ਯਤਨ ਕਰ ਰਹੇ ਹਨ।

ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਦਾ ਦਾਅਵਾ ਅਕਸਰ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਕਰਦੇ ਰਹਿੰਦੇ ਹਨ। ਉਹਨਾਂ ਵੱਲੋਂ ਪੰਜਾਬ ਦੀ ਭਲਾਈ ਲਈ ਕੁਝ ਯਤਨ ਵੀ ਕੀਤੇ ਜਾਂਦੇ ਹਨ ਪਰ ਪੰਜਾਬ ਅਸਲੀ ਅਰਥਾਂ ਵਿੱਚ ਮੁੜ ਰੰਗਲਾ ਤਾਂ ਹੀ ਬਣ ਸਕਦਾ ਹੈ ਜੇ ਸਾਰੀਆਂ ਧਿਰਾਂ ਸਰਕਾਰ ਨੂੰ ਸਹਿਯੋਗ ਦੇਣ ਅਤੇ ਸਾਂਝੀ ਮੁਹਿੰਮ ਚਲਾ ਕੇ ਹੀ ਪੰਜਾਬ ਦੀਆਂ ਨਸ਼ੇ ਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਦੀਆਂ ਹਨ। ਪੰਜਾਬ ਦੀ ਮੌਜੂਦਾ ਸਰਕਾਰ ਨੇ ਭਾਵੇਂ ਨਸ਼ੇ ਵਿਰੁੱਧ ਮੁਹਿੰਮ 'ਯੁੱਧ ਨਸ਼ੇ ਵਿਰੁੱਧ' ਚਲਾਈ ਹੋਈ ਹੈ ਅਤੇ ਨਸ਼ੇ ਦੇ ਅਨੇਕਾਂ ਵਪਾਰੀ ਫੜੇ ਜਾ ਚੁੱਕੇ ਹਨ ਪਰ ਇਸ ਦੇ ਬਾਵਜੂਦ ਪੰਜਾਬ ਵਿੱਚ ਨਸ਼ੇ ਕਾਰਨ ਦੁਖਾਂਤ ਵਾਪਰ ਰਹੇ ਹਨ।

ਚੰਨ ਚਾਨਣੀ ਰਾਤ 'ਚ ਚੰਦਰਮਾ ਦੀ ਠੰਡੀ ਤੇ ਸ਼ੀਤਲ ਚਾਨਣੀ ਵੀ ਉਦੋਂ ਮਾਪਿਆਂ ਨੂੰ ਤਿੱਖੀਆਂ ਸੂਲ਼ਾਂ ਵਾਂਗ ਚੁਭਦੀ ਹੈ, ਜਦੋਂ ਵਿਹੜੇ 'ਚ ਜਵਾਨ ਧੀ-ਪੁੱਤਰ ਦੀ ਲਾਸ਼ ਪਈ ਹੁੰਦੀ ਹੈ। ਕੀ ਕਿਸੇ ਨੇ ਉਹਨਾਂ ਮਾਪਿਆਂ ਬਾਰੇ ਵੀ ਸੋਚਿਆ ਹੈ? ਜਿਨ੍ਹਾਂ ਦੇ ਜਵਾਨ ਪੁੱਤਰ ਨਸ਼ੇ ਕਾਰਨ ਇਸ ਜਹਾਨੋਂ ਤੁਰ ਗਏ ਹਨ। ਲਾਡਾਂ ਨਾਲ ਪਾਲੇ ਜਿਹੜੇ ਪੁੱਤਰਾਂ ਨੇ ਮਾਪਿਆਂ ਦੀ ਬੁਢਾਪੇ ਦੀ ਡੰਗੋਰੀ ਬਣਨਾ ਸੀ, ਉਹਨਾਂ ਪੁੱਤਰਾਂ ਦੀਆਂ ਅਰਥੀਆਂ ਹੀ ਬੁੱਢੇ ਬਾਪੂਆਂ ਨੂੰ ਆਪਣੇ ਮੋਢਿਆਂ 'ਤੇ ਚੁੱਕਣੀਆਂ ਪੈ ਰਹੀਆਂ ਹਨ। ਵਿਹੜੇ ਵਿੱਚ ਅਣਵਿਆਹੇ ਨੌਜਵਾਨ ਦੀ ਲਾਸ਼ 'ਤੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਜਦੋਂ ਭੈਣ ਲਾਸ਼ ਬਣੇ ਵੀਰ ਦੇ ਚਿਹਰੇ 'ਤੇ ਸਿਹਰਾ ਬੰਨ੍ਹਦੀ ਹੈ, ਉਹ ਦਰਦਮਈ ਦ੍ਰਿਸ਼ ਪੱਥਰਾਂ ਨੂੰ ਵੀ ਰੁਆਉਣ ਵਾਲਾ ਹੁੰਦਾ ਹੈ। ਵੱਡੀ ਗਿਣਤੀ ਮਾਵਾਂ ਆਪਣੇ ਭਰ ਜਵਾਨ ਪੁੱਤਰਾਂ ਦੇ ਨਸ਼ੇ ਕਾਰਨ ਮਰਨ ਤੋਂ ਬਾਅਦ ਆਪਣੀ ਸੁੱਧ ਬੁੱਧ ਭੁੱਲ ਜਾਂਦੀਆਂ ਹਨ। ਕੀ ਤੁਸੀਂ ਉਹਨਾਂ ਨਵਵਿਆਹੁਤਾ ਮੁਟਿਆਰਾਂ ਬਾਰੇ ਕਦੇ ਸੋਚਿਆ ਹੈ? ਜੋ ਕਿ ਲਾਵਾਂ- ਫੇਰਿਆਂ ਤੋਂ ਬਾਅਦ ਕਈ ਤਰ੍ਹਾਂ ਦੇ ਸ਼ਗਨ ਮਨਾਉਂਦਿਆਂ ਸਹੁਰੇ ਘਰ ਪਹੁੰਚਦੀਆਂ ਹਨ ਪਰ ਸ਼ਗਨਾਂ ਨਾਲ ਸ਼ਿੰਗਾਰੀ ਸੁਹਾਗ ਸੇਜ 'ਤੇ ਉਹਨਾਂ ਦੇ ਕੰਤ ਨਸ਼ੇ ਦੀ ਓਵਰਡੋਜ਼ ਕਾਰਨ ਆਉਂਦੇ ਸਾਰ ਮੂਧੇ ਮੂੰਹ ਡਿੱਗ ਪੈਂਦੇ ਹਨ ਅਤੇ ਸਦੀਵੀ ਵਿਛੋੜਾ ਦੇ ਜਾਂਦੇ ਹਨ। ਅਜਿਹੀਆਂ ਭਰ ਜੋਬਨ ਨਵਵਿਆਹੁਤਾ ਮੁਟਿਆਰਾਂ ਦੀਆਂ ਗੋਰੀਆਂ ਬਾਂਹਾਂ ਵਿੱਚ ਪਾਈਆਂ ਹੋਈਆਂ ਰੰਗ ਬਿਰੰਗੀਆਂ ਵੰਗਾਂ ਛਣਕਣ ਅਤੇ ਕੋਈ ਸੰਗੀਤ ਛੇੜਨ ਤੋਂ ਪਹਿਲਾਂ ਹੀ ਤੜੱਕ ਕਰਕੇ ਟੁੱਟਣ ਲੱਗਦੀਆਂ ਹਨ। ਹੁਣ ਉਸ ਸਮੇਂ ਬਾਰੇ ਸੋਚੋ! ਜਦੋਂ ਨਸ਼ੇ ਕਾਰਨ ਮਰੇ ਕਿਸੇ ਨੌਜਵਾਨ ਦਾ ਪੰਜ ਸੱਤ ਸਾਲ ਦਾ ਮਾਸੂਮ ਪੁੱਤਰ ਸ਼ਮਸ਼ਾਨ ਘਾਟ ਵਿੱਚ ਆਪਣੇ ਪਿਤਾ ਦੀ ਮ੍ਰਿਤਕ ਦੇਹ ਨੂੰ ਅਗਨੀ ਦਿੰਦਾ ਹੈ ਤਾਂ ਉਦੋਂ ਸ਼ਮਸ਼ਾਨ ਘਾਟ ਦੀਆਂ ਕੰਧਾਂ ਵੀ ਧਾਹਾਂ ਮਾਰ ਮਾਰ ਕੇ ਵਿਰਲਾਪ ਕਰਨ ਲੱਗਦੀਆਂ ਹਨ। ਹੁਣ ਤਾਂ ਨਸ਼ੇ ਖਾਤਰ ਨੌਜਵਾਨ ਮਾਪੇ ਆਪਣੇ ਨਵਜੰਮੇ ਇਕਲੌਤੇ ਪੁੱਤਰਾਂ ਨੂੰ ਵੀ ਵੇਚਣ ਲੱਗ ਪਏ ਹਨ, ਇਸ ਤੋਂ ਵੱਡੀ ਤ੍ਰਾਸਦੀ ਭਲਾ ਕੀ ਹੋਵੇਗੀ?

ਇਹ ਠੀਕ ਹੈ ਕਿ ਸਾਡੇ ਰੰਗਲੇ ਪੰਜਾਬ ਦੀ ਸ਼ਾਨ ਜਿੱਥੇ ਸੋਹਣੇ ਸੁਨੱਖੇ ਤੇ ਉੱਚੇ ਲੰਬੇ ਪੰਜਾਬੀ ਗੱਭਰੂ ਹਨ, ਜਿਨ੍ਹਾਂ ਦੀ ਸੂਰਬੀਰਤਾ, ਸਾਹਸ, ਦਲੇਰੀ ਅਤੇ ਹੌਂਸਲੇ ਦੀਆਂ ਗੱਲਾਂ ਪੂਰੀ ਦੁਨੀਆ ਵਿੱਚ ਹੁੰਦੀਆਂ ਹਨ। ਲੰਘੇ ਦਿਨਾਂ ਦੌਰਾਨ ਪੰਜਾਬ 'ਚ ਆਏ ਹੜ੍ਹਾਂ ਮੌਕੇ ਪੰਜਾਬੀ ਨੌਜਵਾਨਾਂ ਨੇ ਹੜ੍ਹ ਪੀੜਤ ਲੋਕਾਂ ਦੀ ਹਰ ਸੰਭਵ ਸਹਾਇਤਾ ਕੀਤੀ। ਇਹ ਪੰਜਾਬੀ ਨੌਜਵਾਨ ਦਿਨ ਰਾਤ ਹੜ੍ਹ ਪੀੜਤਾਂ ਦੀ ਸਹਾਇਤਾ ਵਿੱਚ ਲੱਗੇ ਰਹੇ। ਪੰਜਾਬੀ ਨੌਜਵਾਨਾਂ ਦੀ ਇਸ ਸੇਵਾ ਭਾਵਨਾ ਨੂੰ ਪੂਰੀ ਦੁਨੀਆ ਨੇ ਵੇਖਿਆ ਅਤੇ ਸਲਾਹਿਆ।

ਪੰਜਾਬ ਨੂੰ ਮੁੜ ਰੰਗਲਾ ਬਣਾਉਣ ਲਈ ਜ਼ਰੂਰੀ ਹੈ ਕਿ ਪੰਜਾਬ ਸਰਕਾਰ, ਸਾਰੀਆਂ ਸਿਆਸੀ ਧਿਰਾਂ, ਸਮਾਜਿਕ, ਧਾਰਮਿਕ ਤੇ ਕਿਸਾਨ ਜਥੇਬੰਦੀਆਂ ਰਲ ਮਿਲ ਕੇ ਸਾਂਝੇ ਉਪਰਾਲੇ ਕਰਨ। ਇਸ ਤੋਂ ਇਲਾਵਾ ਪੰਜਾਬ ਦੇ ਧੀਆਂ-ਪੁੱਤਰਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਨੂੰ ਅਲਵਿਦਾ ਕਹਿ ਕੇ ਵਿਦੇਸ਼ ਜਾਣ ਦੀ ਥਾਂ ਪੰਜਾਬ ਵਿੱਚ ਰਹਿ ਕੇ ਪੰਜਾਬ ਦੀ ਨਵਉਸਾਰੀ ਵਿੱਚ ਆਪਣਾ ਯੋਗਦਾਨ ਪਾਉਣ।





# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ’ਤੇ ਵਿਸ਼ੇਸ਼

## ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ ’ਤੇ ਉਹਨਾਂ ਦੇ ਜੀਵਨ, ਬਾਣੀ ਅਤੇ ਕੁਲ ਕਾਇਨਾਤ ਦੀ ਰੂਹਾਨੀਅਤ ਨੂੰ ਪ੍ਰਗਟ ਕਰਦੇ ਵੱਖ-ਵੱਖ ਲੇਖਕਾਂ ਦੇ ਵਿਸ਼ੇਸ਼ ਲੇਖ

# ਗੁਰੂ ਨਾਨਕ ਦੇਵ ਜੀ ਦਾ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼



ਡਾ. ਜਸਪਾਲ ਸਿੰਘ
ਸਾਬਕਾ ਉੱਪ-ਕੁਲਪਤੀ,
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਗੁਰੂ ਨਾਨਕ ਦੇਵ ਜੀ ਦੇ ਹਰ ਬੋਲ ਤੇ ਹਰ ਵਿਹਾਰ ਵਿੱਚ ਸਾਰੀ ਮਨੁੱਖਤਾ ਦੇ ਭਲੇ ਲਈ ਸਰਬ-ਸਾਂਝਾ ਸੰਦੇਸ਼ ਸਮੋਇਆ ਹੋਇਆ ਹੈ। ਗੁਰੂ ਨਾਨਕ ਸਾਹਿਬ ਦੀ ਰਹਿਨੁਮਾਈ ਨੇ, ਅਸਲ ਵਿੱਚ ਆਪਸੀ ਸਾਂਝ ਤੇ ਸਦਭਾਵ ਦੀ ਵਿਚਾਰਧਾਰਾ ਦਾ ਰਾਹ ਪੱਧਰਾ ਕਰ ਦਿੱਤਾ ਸੀ। ਅੱਜ ਵੀ ਗੁਰੂ ਸਾਹਿਬ ਵੱਲੋਂ ਆਪਣੇ ਬੋਲਾਂ ਤੇ ਵਿਹਾਰ ਰਾਹੀਂ ਦਿੱਤਾ ਸਾਂਝ, ਸਦਭਾਵਨਾ ਤੇ ਏਕਤਾ ਦਾ ਸੰਦੇਸ਼ ਸਾਰੀ ਦੁਨੀਆ ਨੂੰ ਨਵੀਂ ਤਰਤੀਬ ਨਾਲ ਨਵੇਂ ਭਵਿੱਖ ਦਾ ਰਾਹ ਵਿਖਾ ਰਿਹਾ ਹੈ। ਜਿਸ ਦ੍ਰਿਸ਼ਟੀ ਨਾਲ ਉਨ੍ਹਾਂ ਨੇ ਧਰਮਾਂ, ਸੱਭਿਆਚਾਰਾਂ ਤੇ ਮੁਲਕਾਂ ਦੀਆਂ ਹੱਦਾਂ ਟੱਪ ਕੇ ਸਦੀਵੀ ਮਨੁੱਖੀ ਹੋਂਦ ਨੂੰ ਪਛਾਣਨ ਦਾ ਸੰਕਲਪ ਦਿੱਤਾ ਸੀ, ਅੱਜ ਦੁਨੀਆ ਉਸ ਦਾ ਅਨੁਸਰਣ ਕਰ ਰਹੀ ਹੈ। ਇੱਕ ਦੂਜੇ ਦੇ ਅਸਤਿੱਤਵ ਨੂੰ ਮਿਟਾ ਦੇਣ ਦੀ ਹੋੜ ਵਿੱਚ ਲੱਗੇ ਲੋਕੀਂ ਹੁਣ ਇੱਕ-ਦੂਜੇ ਦੇ ਅਸਤਿੱਤਵ ਨੂੰ ਮਾਨਤਾ ਦੇ ਕੇ, ਵਿਚਾਰ-ਵਟਾਂਦਰੇ ਦੀ ਰਾਹ ’ਤੇ ਤੁਰ ਰਹੇ ਹਨ।

ਇਤਿਹਾਸ ਵੱਲ ਝਾਤ ਮਾਰੀਏ ਤਾਂ ਇਹ ਤੱਥ ਨਿੱਖਰ ਕੇ ਸਾਹਮਣੇ ਆਉਂਦਾ ਹੈ ਕਿ ਸਾਂਝ ਤੇ ਸਦਭਾਵ ਦੇ ਸੰਦੇਸ਼ ਦੀ ਖੁੱਲ੍ਹੇ ਤੌਰ ’ਤੇ ਪਹਿਲੀ ਅਭਿਵਿਅਕਤੀ ਸੁਲਤਾਨਪੁਰ ਲੋਧੀ ਦੀ ਵੇਈਂ ਨਦੀ ਵਾਲੀ ਘਟਨਾ ਨਾਲ ਹੋਈ ਸੀ। ਇਤਿਹਾਸ ਦੱਸਦਾ ਹੈ ਕਿ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਗੁਰੂ ਨਾਨਕ ਦੇਵ ਜੀ ਜਦੋਂ ਨਦੀ ਤੋਂ ਬਾਹਰ ਆਏ ਸਨ ਤਾਂ ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਜਿਹੜਾ ਪਹਿਲਾ ਬਚਨ ਨਿਕਲਿਆ ਸੀ, ਉਹ ਸੀ – ‘ਨਾ ਕੋ ਹਿੰਦੂ ਨਾ ਮੁਸਲਮਾਨ।’ ਇਹੋ ਬਚਨ ਗੁਰੂ ਸਾਹਿਬ ਦਾ ਸਦੀਵੀ ਸੰਦੇਸ਼ ਅਤੇ ਉਦਾਸੀਆਂ ਦੌਰਾਨ ਉਨ੍ਹਾਂ ਦੀ ਸਾਰੀ ਮੁਹਿੰਮ ਦਾ ਕੇਂਦਰੀ ਧੁਰਾ ਬਣ ਗਿਆ ਸੀ। ਜਦੋਂ ਗੁਰੂ ਸਾਹਿਬ ਨੂੰ ਪੁੱਛਿਆ ਗਿਆ ਕਿ ਜੇ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਤਾਂ ਕਿਸ ਨੂੰ ਮੰਨੀਏ, ਕਿਸ ਰਾਹ ’ਤੇ ਤੁਰੀਏ। ਗੁਰੂ ਜੀ ਨੇ ਫ਼ਰਮਾਇਆ, ‘ਖੁਦਾ ਦੇ ਰਾਹ ਚਲੋ, ਖੁਦਾ ਨਾ ਹਿੰਦੂ ਹੈ ਨਾ ਮੁਸਲਮਾਨ, ਸਾਡੀ ਨਜ਼ਰ ਵਿੱਚ ਦੋਹਾਂ ਵਿਚ ਕੋਈ ਫ਼ਰਕ ਨਹੀਂ, ਦੇਹ ਹੀ ਹਿੰਦੂ ਹੈ ਦੇਹ ਹੀ ਮੁਸਲਮਾਨ।’

ਇਤਿਹਾਸਕ ਲਿਖਤਾਂ ਇਹ ਵੀ ਦੱਸਦੀਆਂ ਹਨ ਕਿ ਮੱਕੇ ਦੀ ਧਰਤੀ ’ਤੇ ਜਦੋਂ ਆਲਮ-ਫਾਜ਼ਲ ਮੌਲਾਨਿਆਂ ਨੇ ਗੁਰੂ ਨਾਨਕ ਪਾਤਸ਼ਾਹ ਤੋਂ ਪੁੱਛਿਆ- ‘ਦੱਸੋ, ਹਿੰਦੂ ਵੱਡਾ ਕਿ ਮੁਸਲਮਾਨ’। ਗੁਰੂ ਸਾਹਿਬ ਦਾ ਜਵਾਬ ਸੀ – ‘ਸੁਭ ਅਮਲਾਂ ਬਾਝੋਂ ਦੋਨੋਂ ਰੋਈ। ਅਸਲ ਵਿਚ, ਗੱਲ ਹਿੰਦੂ ਜਾਂ ਮੁਸਲਮਾਨ ਹੋਣ ਦੀ ਨਹੀਂ, ਗੱਲ ਤਾਂ ਇੱਕ ਮਨੁੱਖ ਦੇ ਰੂਪ ਵਿੱਚ ਉਸ ਦੇ ਕੀਤੇ ਕਰਮਾਂ ਦੀ ਹੈ :

ਪੁਛਨਿ ਫੋਲਿ ਕਿਤਾਬ ਨੋ
ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆਂ ਸੁਭਿ
ਅਮਲਾ ਬਾਝਹੁ ਦੋਨੋ ਰੋਈ॥
(ਭਾਈ ਗੁਰਦਾਸ ਜੀ : ਵਾਰ-ਪਹਿਲੀ ਪਾਉੜੀ-33)

ਇਹ ਅਸਲੀਅਤ ਵੀ ਸਮਝਣ ਵਾਲੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਮੁੱਖ-ਧੁਰਾ ‘ਰੱਬ ਦੀ ਏਕਤਾ’ ਹੈ। ਗੁਰੂ ਸਾਹਿਬ ਨੇ ਬੜੀ ਪ੍ਰਮੁੱਖਤਾ ਨਾਲ ਆਪਣੀ ਬਾਣੀ ਰਚਨਾ ਵਿੱਚ ‘ਰੱਬ ਦੀ ਏਕਤਾ’ ਦੇ ਸਿਧਾਂਤ ਦੀ ਵਜਾਹਤ ਤੇ ਵਿਆਖਿਆ ਬੜੀ ਤਫ਼ਸੀਲ ਨਾਲ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਅੰਕਿਤ ‘ਮੂਲ ਮੰਤਰ’ ਇੱਕ ਈਸ਼ਵਰਵਾਦ ਦਾ ਐਲਾਨ ਹੈ। ਬਾਣੀ ਦਾ ਸਾਰਾ ਅਧਿਆਤਮ ਇਸੇ ‘ਮੂਲ ਮੰਤਰ’ ਦੇ ਸਿਧਾਂਤਕ ਬਚਨ ਦਾ ਪਸਾਰ ਹੈ।

ਸਰ ਮੁਹੰਮਦ ਇਕਬਾਲ ਨੇ ਆਪਣੀ ਇੱਕ ਰਚਨਾ ਵਿੱਚ ਲਿਖਿਆ ਸੀ ਕਿ ਗੁਰੂ ਨਾਨਕ ਦੇਵ ਜੀ ‘ਤੌਹੀਦ’ ਦੀ ਆਵਾਜ਼ ਬਣ ਕੇ ਆਏ ਸਨ। ਰੱਬ ਦੀ ਏਕਤਾ ਅਤੇ ਮਨੁੱਖੀ ਏਕਤਾ ਦੇ ਪੈਗ਼ੰਬਰ ਬਣ ਕੇ ਪਰਗਟ ਹੋਏ ਸਨ। ਫਿਰ ਪੰਜਾਬ ਤੋਂ ਉੱਠੀ ਉਸ ‘ਮਰਦ-ਏ-ਕਾਮਿਲ’ ਦੀ ਆਵਾਜ਼ ਨੇ ਗਫਲਤ ਦੀ ਨੀਂਦ ਵਿੱਚ ਸੁੱਤੇ ਹਿੰਦੁਸਤਾਨ ਨੂੰ ਜਗਾ ਦਿੱਤਾ ਸੀ :

ਫਿਰ ਉਠੀ ਆਖਿਰ ਸਦਾ
ਤੌਹੀਦ ਕੀ ਪੰਜਾਬ ਸੇ ।
ਹਿੰਦ ਕੋ ਇੱਕ ਮਰਦ-ਏ-ਕਾਮਿਲ ਨੇ
ਜਗਾਯਾ ਖਵਾਬ ਸੇ ।

ਗੁਰੂ ਸਾਹਿਬ ਦੇ ‘ਰੱਬ ਦੀ ਏਕਤਾ’ ਦੇ ਸਿਧਾਂਤ ਦੇ ਪ੍ਰਸੰਗ ਵਿੱਚ ਇੱਥੇ ਇੱਕ ਹੋਰ ਤੱਥ ਜ਼ਰੂਰੀ ਧਿਆਨ ਵਿੱਚ ਰੱਖਣ ਵਾਲਾ ਹੈ। ਗੁਰੂ ਸਾਹਿਬ ਦਾ ਬਹੁਤ ਸਪੱਸ਼ਟ ਸੰਦੇਸ਼ ਹੈ, ਕਿ ਜੇ ਰੱਬ ਇੱਕ ਹੈ, ਤਾਂ ਉਸ ਦੀ ਰਚਨਾ ਵਿੱਚ ਵੰਡੀਆਂ ਕਿਸ ਤਰ੍ਹਾਂ ਪਾਈਆਂ ਜਾ ਸਕਦੀਆਂ ਹਨ। ਜੋ ਰਚਨਾਕਾਰ ਇੱਕ ਹੈ, ਤਾਂ ਉਸ ਦੀ ਰਚਨਾ ਵਿੱਚ ਭੇਦ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਦੀ ਵਿਸ਼ਾਲ ਘੇਰੇ ਵਾਲੀ ਇਸੇ ਦਿਬ-ਦ੍ਰਿਸ਼ਟੀ ਵਿੱਚ ਦੁਨੀਆ ਦੀ ਵਨ-ਸੁਵੰਨਤਾ ਸਹਿਜੇ ਹੀ ਸਮੋਈ ਹੋਈ ਹੈ। ਆਪਣੀ ਬਾਣੀ ਵਿੱਚ ਗੁਰੂ ਸਾਹਿਬ ਥਾਂ-ਥਾਂ ’ਤੇ ਇਸ ਵਿਭਿੰਨਤਾ ਦੀ, ਵੰਨ-ਸੁਵੰਨਤਾ ਦੀ ਵਜ਼ਾਹਤ ਕਰਦੇ ਹਨ।

ਪਰ ਇੱਥੇ ਇੱਕ ਹੋਰ ਸਿਧਾਂਤਕ ਨੁਕਤਾ ਸਾਂਝਾ ਕਰਨਾ ਚਾਹੁੰਦਾ ਹਾਂ। ਵਿਭਿੰਨਤਾ ਹਮੇਸ਼ਾ ਕਾਇਮ ਰਹੇ, ਉਸ ਦੀ ਖ਼ੂਬਸੂਰਤੀ ਬਰਕਰਾਰ ਰਹੇ, ਵੱਖ-ਵੱਖ ਧਿਰਾਂ ਵਿੱਚ ਟਕਰਾਅ ਪੈਦਾ ਨਾ ਹੋਵੇ ਅਤੇ ਕਿਤੇ ਇਹ ਟਕਰਾਅ ਇੱਕ-ਦੂਜੇ ਦੀ ਹੋਂਦ ਲਈ ਖ਼ਤਰਾ ਨਾ ਬਣ ਜਾਵੇ, ਇਸ ਲਈ ਜ਼ਰੂਰੀ ਹੁੰਦਾ ਹੈ- ਸੰਵਾਦ। ਗੁਰੂ ਨਾਨਕ ਪਾਤਸ਼ਾਹ ਨੇ ਵਿਭਿੰਨਤਾ ਦੀ ਖ਼ੂਬਸੂਰਤੀ ਕਾਇਮ ਰੱਖਦਿਆਂ, ਆਪਸੀ ਸੰਵਾਦ ਰਾਹੀਂ, ਵੱਖ-ਵੱਖ ਧਰਮਾਂ ਤੇ ਸਮਾਜਿਕ ਇਕਾਈਆਂ ਵਿਚਕਾਰ ਇੱਕ ਵਿਆਪਕ ਸਾਂਝ ਸਥਾਪਿਤ ਕਰਨ ਲਈ ਸਾਰੀ ਦੁਨੀਆ ਦਾ ਭ੍ਰਮਣ ਕਰਕੇ, ਲਾਮਿਸਾਲ ਭੂਮਿਕਾ ਨਿਭਾਈ ਸੀ।

ਅੰਤਰ-ਧਰਮ ਸੰਵਾਦ ਦੀ ਪਰੰਪਰਾ ਦੀ ਗੱਲ ਕਰੀਏ ਤਾਂ ਇਹ ਹਕੀਕਤ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਧਰਮਾਂ ਦੇ ਇਤਿਹਾਸ ਵਿੱਚ ਸੰਵਾਦ ਦੇ ਸੰਦਰਭ ਵਿੱਚ ਨਵਾਂ ਤਜਰਬਾ ਪੇਸ਼ ਕੀਤਾ ਸੀ। ਗੁਰੂ ਪਾਤਸ਼ਾਹ ਨੇ ਬੜੀ ਸ਼ਿੱਦਤ ਨਾਲ ਸਪੱਸ਼ਟ ਕੀਤਾ ਸੀ ਕਿ ਅੰਤਰ-ਧਰਮ ਸੰਵਾਦ ਦੀ ਸਫਲਤਾ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸਾਂਝ ਦਾ ਆਧਾਰ ਲੱਭਿਆ ਜਾਵੇ। ਜੇ ਇੱਕ ਦੂਜੇ ਦੇ ਵਖਰੇਵੇਂ ਭਾਲਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਸੰਵਾਦ ਨਹੀਂ ਹੋ ਸਕਦਾ। ਸੰਵਾਦ ਦੀ ਸਫਲਤਾ ਸਮਾਨਤਾਵਾਂ ਖੋਜਣ ਵਿੱਚ ਹੈ ਅਤੇ ਇਹ ਤਾਹੀਓਂ ਹੋ ਸਕਦਾ ਹੈ ਜੇ ਗੁਣਾਂ ਦੀ ਸਾਂਝ ਕਰਨ ਦਾ ਫ਼ੈਸਲਾ ਕਰ ਲਿਆ ਜਾਵੇ ਅਤੇ ਇੱਕ ਦੂਜੇ ਦੇ, ਸਮਝੇ ਜਾਣ ਵਾਲੇ, ਔਗੁਣਾਂ ਨੂੰ ਵਿਸਾਰ ਦਿੱਤਾ ਜਾਵੇ। ਗੁਰੂ ਸਾਹਿਬ ਨੇ ਵੀ ਇਸੇ ਲਈ ਇਹ ਫ਼ਰਮਾਨ ਜਾਰੀ ਕੀਤਾ ਹੈ :

ਸਾਝ ਕਰੀਜੈ ਗੁਣਹ ਕੇਰੀ
ਛੋਡਿ ਅਵਗਣ ਚਲੀਐ॥

ਗੁਰੂ ਪਾਤਸ਼ਾਹ ਦੀ ਤਰਬੀਅਤ ਮੁਤਾਬਿਕ ਇਹ ਵੀ ਜ਼ਰੂਰੀ ਹੈ ਕਿ ਆਪਣੇ ਵਿਚਾਰ ਤੋਂ ਵੱਧ, ਦੂਜੇ ਦੇ ਵਿਚਾਰ ਨੂੰ ਮਹੱਤਵ ਦਿੱਤਾ ਜਾਵੇ। ਜਦੋਂ ਦੂਜੇ ਦੀ ਗੱਲ ਸੁਣਨ ਨੂੰ ਪ੍ਰਾਥਮਿਕਤਾ ਨਹੀਂ ਦਿੱਤੀ ਜਾਂਦੀ ਤਾਂ ਵਾਦ-ਵਿਵਾਦ ਪੈਦਾ ਹੋ ਜਾਂਦਾ ਹੈ, ਸੰਵਾਦ ਦੀ ਪ੍ਰਕਿਰਿਆ ਰੁਕ ਜਾਂਦੀ ਹੈ। ਗੁਰੂ ਦੇ ਇਸ ਵਾਕ ਵਿੱਚ ਸੁਣਨ ਨੂੰ ਪਹਿਲ ਦੇਣ ਪਿਛੇ ਸ਼ਾਇਦ ਇਹੋ ਭਾਵਨਾ ਕੰਮ ਕਰ ਰਹੀ ਹੈ :

ਜਬ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥
(ਅੰਗ : 660)

ਇੱਥੇ ਇਹ ਇਤਿਹਾਸਕ ਤੱਥ ਵੀ ਵੱਡੀ ਅਹਿਮੀਅਤ ਵਾਲਾ ਹੈ ਕਿ ਗੁਰੂ ਨਾਨਕ ਕਿਸੇ ਸੀਮਾ ਨੂੰ ਨਹੀਂ ਮੰਨਦੇ, ਕੋਈ ਬੰਧਨ ਉਨ੍ਹਾਂ ਨੂੰ ਰੋਕਣ ਦੇ ਸਮਰੱਥ ਨਹੀਂ ।ਸੀਮਾਵਾਂ ਉਸਰਦੀਆਂ ਜ਼ਰੂਰ ਰਹੀਆਂ ਹਨ, ਬੰਧਨ ਵੀ ਪੈਂਦੇ ਰਹੇ ਹਨ, ਪਰ ਗੁਰੂ ਨਾਨਕ ਸਾਹਿਬ ਦੀ ਵਿਸ਼ਾਲ ਦ੍ਰਿਸ਼ਟੀ ਅਤੇ ਉਦਾਰਤਾ ਨੇ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਕੀਤੀ। ਬੰਧਨ ਤੇ ਸੀਮਾਵਾਂ ਨੂੰ ਨਕਾਰਨ ਅਤੇ ਭਾਸ਼ਾ, ਪਹਿਰਾਵੇ ਤੇ ਰਸਮੋ-ਰਿਵਾਜ ਨੂੰ ਖੁੱਲ੍ਹ-ਦਿਲੀ ਨਾਲ ਅਪਣਾਉਣ ਦੇ ਪਿੱਛੇ ਇੱਕ ਖਾਸ ਸੋਚ ਸੀ ਅਤੇ ਉਹ ਸੋਚ ਸੀ ਸਮੁੱਚੀ ਮਨੁੱਖਤਾ ਵਿੱਚ ਆਪਸੀ ਸਾਂਝ ਸਥਾਪਿਤ ਕਰਨ ਦੀ।

ਇੱਥੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਇੱਕ ਫ਼ਰਮਾਨ ਦੀਆਂ ਪੰਕਤੀਆਂ ਸਾਂਝੀਆਂ ਕਰਨਾ ਚਾਹੁੰਦਾ ਹਾਂ ।

(ਬਾਕੀ ਸਫ਼ਾ 27 ’ਤੇ)

# ਗੁਰੂ ਨਾਨਕ ਬਾਣੀ ’ਚ ਮਾਤ ਭਾਸ਼ਾ ਦਾ ਮਹੱਤਵ



ਡਾ. ਇੰਦਰਜੀਤ ਸਿੰਘ ਗੋਗੋਆਣੀ

ਮਾਤ ਭਾਸ਼ਾ ਕੇਵਲ ਆਮ ਬੋਲ ਚਾਲ ਜਾਂ ਸ਼ਬਦਾਂ ਦਾ ਅਦਾਨ ਪ੍ਰਦਾਨ ਹੀ ਨਹੀਂ ਹੁੰਦੀ, ਸਗੋਂ ਉਸ ਦੇ ਗਰਭ ਵਿੱਚ ਸਫਲ ਜੀਵਨ ਜੀਊਣ ਦਾ ਤਰੀਕਾ, ਰੂਹ ਦੀਆਂ ਰਮਜ਼ਾਂ ਤੇ ਮੋਹ ਦੀਆਂ ਸੂਖਮ ਤੰਦਾਂ ਹੁੰਦੀਆਂ ਹਨ । ਮਾਤ ਭਾਸ਼ਾ ’ਚ ਰਚਿਆ ਸਾਹਿਤ ਅਕਲ ਤੇ ਜੀਵਨ ਦੇ ਤਜਰਬਿਆਂ ਦਾ ਬਹੁਮੁੱਲਾ ਭੰਡਾਰ ਹੁੰਦਾ ਹੈ । ਮਾਤ ਭਾਸ਼ਾ ਬੌਧਿਕ ਤੇ ਮਾਨਸਿਕ ਵਿਕਾਸ ਦੀ ਧਿਰ ਤੇ ਧੁਰਾ ਹੁੰਦੀ ਹੈ, ਪਰ ਜਦ ਕਿਸੇ ਲਾਲਚ, ਡਰ ਜਾਂ ਹੀਣ ਭਾਵਨਾ ਕਰਕੇ ਉਸ ਦੇ ਵਾਰਸ ਕਿਸੇ ਹੋਰ ਬੋਲੀ ਦਾ ਪ੍ਰਭਾਵ ਕਬੂਲ ਕਰ ਲੈਣ ਤਾਂ ਇਹ ਮਾਨਸਿਕ ਗ਼ੁਲਾਮੀ, ਆਪਣੇ ਈਮਾਨ ਅਤੇ ਵਿਰਾਸਤ ਦੀ ਜੜ੍ਹ ਤੋਂ ਟੁੱਟਣਾ ਹੁੰਦਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਤਕਰੀਬਨ ਪੌਣੇ ਕੁ ਤਿੰਨ ਸੌ ਸਾਲ ਪਹਿਲਾਂ ਮੁਹੰਮਦ ਗੌਰੀ ਨੇ 1192 ਈ. ਵਿੱਚ ਤਰਾਵੜੀ ਦੇ ਮੈਦਾਨ ਵਿਚ ਪਿ ?ਥਵੀ ਰਾਜ ਚੌਹਾਨ ਦੀ ਫ਼ੌਜ ਨੂੰ ਹਰਾ ਕੇ ਇਸਲਾਮਿਕ ਹਕੂਮਤ ਕਾਇਮ ਕੀਤੀ ਸੀ । ਜੋ ਰਾਜ ਸੱਤਾ ਪਹਿਲਾਂ ਕਸ਼ੱਤਰੀਆਂ ਦੇ ਅਧਿਕਾਰ ਹੇਠ ਸੀ, ਉਹ ਹੁਣ ਮੁਸਲਿਮ ਪ੍ਰਭਾਵ ਹੇਠ ਚਲੀ ਗਈ। ਇਸ ਦਾ ਨਤੀਜਾ ਇਹ ਹੋਇਆ ਕਿ ਲੋਕਾਂ ਨੇ ਆਪਣੀ ਭਾਸ਼ਾ ਤੇ ਸੱਭਿਆਚਾਰ ਨੂੰ ਤਿਆਗ ਕੇ ਰਾਜ ਸੱਤਾ ਵਾਲਿਆਂ ਦੇ ਸੱਭਿਆਚਾਰ ਨੂੰ ਅਪਣਾ ਲਿਆ। ਇਸ ਵਿੱਚ ਕਸ਼ੱਤਰੀ ਸਭ ਤੋਂ ਮੋਹਰੀ ਸਨ । ਕਿੱਥੇ ਉਹ ਦੇਸ਼ ਦੇ ਰੱਖਿਅਕ ਸਨ ਤੇ ਫਿਰ ਰਾਜ ਸੱਤਾ ਦੀ ਗੁਲਾਮੀ ਕਾਰਨ ਫ਼ਾਰਸੀ ਭਾਸ਼ਾ ਸਿੱਖ ਕੇ ਆਪਣੀ ਮਾਤ ਭਾਸ਼ਾ ਤਿਆਗ ਗਏ।

ਵਿਸ਼ਵ ਦੇ ਰਹਿਬਰ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਭਾਰਤੀਆਂ ਦੀ ਇਸ ਗ਼ੁਲਾਮ ਮਾਨਸਿਕਤਾ ਦਾ ਵਰਣਨ ਕਰਦਿਆਂ ਫ਼ਰਮਾਇਆ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇੱਕ ਵਰਨ ਹੋਈ ਧਰਮ ਕੀ ਗਤਿ ਰਹੀ॥
(ਧਨਾਸਰੀ ਮਹਲਾ 1, ਅੰਗ: 663)

ਭਾਵ ਖਤਰੀ ਲੋਕਾਂ ਨੇ ਕਸ਼ੱਤਰੀ ਧਰਮ ਛੱਡ ਕੇ ਗ਼ੁਲਾਮੀ ’ਚ ਉਹ ਬੋਲੀ ਅਪਣਾ ਲਈ, ਜਿਸ ਫ਼ਾਰਸੀ ਨੂੰ ਉਹ ਮਲੇਛਾਂ (ਮੱਲ ਇੱਛਾ ਵਾਲਿਆਂ) ਦੀ ਬੋਲੀ ਕਹਿੰਦੇ ਸਨ। ਹੁਣ ਤਾਂ ਸਾਰੇ ਹੀ ਲੋਕ ਗ਼ੁਲਾਮੀ ਵਾਲੀ ਜਾਤ ਗੋਤ ਦੇ ਹੋ ਗਏ ਹਨ ਤੇ ਧਰਮ ਕਰਮ ਦੀ ਕੋਈ ਮਰਯਾਦਾ ਨਹੀਂ ਰਹੀ ।

ਦੁਨੀਆ ਦਾ ਸੱਚ ਹੈ ਕਿ ਜਦ ਕਿਸੇ ਜਰਵਾਣੇ ਨੇ ਦੂਜਿਆਂ ਨੂੰ ਗ਼ੁਲਾਮ ਬਣਾਇਆ ਤਾਂ ਉਨ੍ਹਾਂ ਦੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਹੀ ਬਦਲ ਦਿੱਤਾ । ਇਸ ਤੋਂ ਅੱਗੇ ਜਦ ਲੋਕ ਰੀਸੋ ਰੀਸ ਜਾਂ ਮਾਨਸਿਕ ਕਮਜ਼ੋਰੀ ਕਰਕੇ ਆਪਣੇ ਵਿਰਸੇ ਤੇ ਵਿਰਾਸਤ ਤੋਂ ਬੇਮੁੱਖ ਹੋ ਗਏ ਤਾਂ ਉਨ੍ਹਾਂ ਦੀ ਹੋਂਦ ਖ਼ਤਮ ਹੋ ਗਈ। ਇਸੇ ਸੰਦਰਭ ਵਿੱਚ ਸਤਿਗੁਰਾਂ ਨੇ ਅਜਿਹੀ ਸੋਚ ਵਾਲਿਆਂ ਦਾ ਚਿੱਤਰ ਪੇਸ਼ ਕੀਤਾ ਹੈ:

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥
(ਬਸੰਤ ਹਿੰਡੋਲ ਮਹਲਾ 1, ਅੰਗ: 1191)

ਭਾਵ ਹੁਣ ਰੱਬ ਜਾਂ ਭਗਵਾਨ ਸ਼ਬਦ ਤਿਆਗ ਕੇ ਕੇਵਲ ਅੱਲ੍ਹਾ ਕਿਹਾ ਜਾਂਦਾ ਹੈ ਤੇ ਧਾਰਮਿਕ ਪੱਖੋਂ ਸ਼ੇਖਾਂ ਦਾ ਵੱਡਾ ਸਤਿਕਾਰ ਹੈ। ਦੇਵਤਿਆਂ ਦੇ ਮੰਦਰਾਂ ਉਪਰ ਟੈਕਸ ਲੱਗ ਰਿਹਾ ਹੈ ਪਰ ਦੂਜੇ ਪਾਸੇ ਰਾਜ ਸੱਤਾ ਵਾਲਿਆਂ ਦੇ ਧਰਮ ਸਥਾਨ ਨੂੰ ਪੂਰਨ ਸਹੂਲਤਾਂ ਹਨ । ਲੋਕ ਆਪਣੀ ਬੋਲੀ ਤਿਆਗ ਕੇ ਘਰ-ਘਰ ‘ਮੀਆਂ ਜੀ, ਮੀਆਂ ਜੀ’ ਕਹਿ ਰਹੇ ਹਨ ਅਤੇ ਇਹ ਬਿਗਾਨੀ ਭਾਸ਼ਾ ਦੀ ਗ਼ੁਲਾਮੀ ਤੇ ਆਪਣੇ ਈਮਾਨ ਦਾ ਤਿਆਗ ਹੈ। ਇਸੇ ਲਈ ਸਤਿਗੁਰਾਂ ਫ਼ਰਮਾਇਆ:

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥
(ਵਾਰ ਮਾਝ ਕੀ ਮਹਲਾ 1- ਅੰਗ:142)

ਅਜਿਹੇ ਸਮਿਆਂ ’ਚ ਜਦੋਂ ਰਾਗ ’ਤੇ ਪਾਬੰਦੀ ਸੀ ਅਤੇ ਭਾਸ਼ਾ ਦੀ ਗ਼ੁਲਾਮੀ ਵੀ ਸਮਾਜ ਪ੍ਰਵਾਨ ਕਰ ਚੁੱਕਾ ਸੀ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਧੁਰ ਕੀ ਬਾਣੀ ਰਾਹੀਂ ਸੁੱਤੀ ਮਾਨਸਿਕਤਾ ਨੂੰ ਜਗਾਇਆ। ਇਸੇ ਲਈ ਭਾਈ ਗੁਰਦਾਸ ਜੀ ਸਤਿਗੁਰਾਂ ਦੀ ਦੈਵੀ ਸ਼ਖ਼ਸੀਅਤ ਬਾਰੇ ਲਿਖਦੇ ਹਨ-‘ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।’

ਸਤਿਗੁਰਾਂ ਦੀ ਬਾਣੀ ਉਸ ਸਮੇਂ ਦੀ ਪ੍ਰਚੱਲਿਤ ਪੰਜਾਬੀ ਭਾਸ਼ਾ ਹੈ ਅਤੇ ਇਸ ਤੋਂ ਇਲਾਵਾ ਸੰਤ ਭਾਸ਼ਾ ਜਾਂ ਸਾਧੁੱਕੜੀ ਭਾਸ਼ਾ ਦੀ ਵੀ ਵਰਤੋਂ ਹੋਈ ਹੈ, ਜੋ ਸਾਰੇ ਉੱਤਰੀ ਭਾਰਤ ’ਚ ਸਮਝੀ ਜਾਂਦੀ ਸੀ। ਵਿਦਵਾਨਾਂ ਦਾ ਮੱਤ ਹੈ ਕਿ ‘ਸੰਤ ਭਾਸ਼ਾ ਦੀ ਵਰਤੋਂ ਦੇਸਾਂ ਦੇਸਾਂਤਰਾਂ ’ਚ ਭ੍ਰਮਣ ਕਰਨ ਵਾਲੇ ਰਮਤੇ ਸਾਧੂ, ਸੰਤ ਤੇ ਜੋਗੀ ਨਾਥ ਕਰਦੇ ਸਨ ਪਰ ਇਸ ਉੱਪਰ ਸਭ ਤੋਂ ਵਧੀਕ ਪ੍ਰਭਾਵ ਪੰਜਾਬੀ ਦਾ ਸੀ। ਇਸ ਤੋਂ ਇਲਾਵਾ ਸਤਿਗੁਰਾਂ ਦੀ ਬਾਣੀ ਵਿੱਚ ਫ਼ਾਰਸੀ ਤੇ ਸੰਸਕਿਜ਼ ਦਾ ਰੂਪ ਵੀ ਮਿਲਦਾ ਹੈ। ਜਪੁਜੀ (ਜਪੁ) ਬਾਣੀ ਰਾਗ ਮੁਕਤ ਹੈ ਅਤੇ 19 ਰਾਗਾਂ ਵਿੱਚ ਗੁਰੂ ਜੀ ਦੇ 974 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਇਹ ਵੀ ਵਰਣਨਯੋਗ ਹੈ ਕਿ ਗੁਰਮੁਖੀ ਅੱਖਰ ਸਭ ਤੋਂ ਪਹਿਲਾਂ ਸਤਿਗੁਰਾਂ ਦੀ ਬਾਣੀ (ਰਾਗ ਆਸਾ ਮਹਲਾ 1 ਪਟੀ ਲਿਖੀ) ਵਿੱਚ ਮਿਲਦੇ ਹਨ। ਆਪ ਨੇ ਦੂਜੇ ਜਾਮੇ ’ਚ ਗੁਰਮੁਖੀ ਲਿੱਪੀ ਨੂੰ ਸੰਪੂਰਨ ਤਰਤੀਬ ਦਿੱਤੀ, ਜਦਕਿ ਉਸ ਸਮੇਂ ਸਿੱਧ ਮਾਤਿ ਕਾ, ਟਾਕਰੀ, ਭੱਟ ਅੱਛਰੀ ਤੇ ਲੰਡੇ ਆਦਿ ਲਿੱਪੀਆਂ ਪ੍ਰਚੱਲਿਤ ਸਨ ।

ਇਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਰਹਿਮਤ ਹੈ ਕਿ ਉਨ੍ਹਾਂ ਨੇ ਆਮ ਲੋਕਾਈ ਨੂੰ ਰੂਹਾਨੀ ਸਕੂਨ ਬਖਸ਼ਣ ਵਾਲੀ ਦੈਵੀ ਬਾਣੀ ਪੜ੍ਹਨ ਦਾ ਅਧਿਕਾਰ ਆਪਣੀ ਲੋਕ ਭਾਸ਼ਾ ’ਚ ਪ੍ਰਦਾਨ ਕੀਤਾ । ਸਧਾਰਨ ਮਾਨਵਤਾ ਨੂੰ ਸਰਲ ਸੁਖੈਨ ਸ਼ਬਦਾਂ ’ਚ ਸ਼ਬਦ ਗੁਰੂ ਦੀ ਸਿਧਾਂਤਕ ਸਮਝ ਆਈ ਅਤੇ ਫੋਕਟ ਭਰਮ-ਕਰਮ ਦੀ ਭਟਕਣਾ ਤੋਂ ਮੁਕਤੀ ਮਿਲੀ ।

(ਬਾਕੀ ਸਫ਼ਾ 27 ’ਤੇ)

# ਮਨੁੱਖਤਾ ਦੇ ਰਹਿਬਰ-ਸ੍ਰੀ ਗੁਰੂ ਨਾਨਕ ਦੇਵ ਜੀ



**ਹਰਜਿੰਦਰ ਸਿੰਘ ਧਾਮੀ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ



ਸਮੁੱਚੇ ਸੰਸਾਰ ਦੇ ਸਰਬ ਸਾਂਝੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਜੀਵਨ ਮਾਨਵਤਾ ਲਈ ਕਲਿਆਣਕਾਰੀ ਹੈ। ਆਪ ਦੱਬੀ ਕੁਚਲੀ, ਲਤਾੜੀ ਤੇ ਦਬਾਈ ਜਾ ਰਹੀ ਲੋਕਾਈ ਵਾਸਤੇ ਆਸ ਅਤੇ ਧਰਵਾਸ ਬਣੇ। ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਉਸ ਸਮੇਂ ਹੋਇਆ, ਜਦੋਂ ਭਾਰਤ ਅੰਦਰ ਸਮਾਜਿਕ, ਸੱਭਿਆਚਾਰਕ, ਆਰਥਿਕ ਤੇ ਰਾਜਨੀਤਕ ਢਾਂਚੇ ’ਚ ਉਥਲ-ਪੁਥਲ ਮਚੀ ਹੋਈ ਸੀ। ਹਾਕਮ ਲੋਕਾਂ ’ਤੇ ਜ਼ੁਲਮ ਕਰ ਰਹੇ ਸਨ, ਧਾਰਮਿਕ ਰਸਮਾਂ ਵਿੱਚ ਕੁਰੀਤੀਆਂ ਭਾਰੂ ਸਨ ਅਤੇ ਧਰਮ ਦੇ ਨਾਂਅ ’ਤੇ ਮਾਨਵਤਾ ਨੂੰ ਵੰਡਣ ਦਾ ਸਿਲਸਿਲਾ ਚਲ ਰਿਹਾ ਸੀ। ਧਾਰਮਿਕ ਤੇ ਰਾਜਨੀਤਕ ਆਗੂਆਂ ਦੇ ਸਤਾਏ ਹੋਏ ਲੋਕ ਅਜਿਹੇ ਆਸਰੇ ਦੀ ਭਾਲ ਵਿੱਚ ਸਨ, ਜਿੱਥੋਂ ਉਨ੍ਹਾਂ ਨੂੰ ਜੀਵਨ ਦਾ ਸਹੀ ਮਾਰਗ ਪ੍ਰਾਪਤ ਹੋ ਸਕੇ ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪਿਤਾ ਮਹਿਤਾ ਕਲਿਆਣ ਦਾਸ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ 1469 ਈਸਵੀ ’ਚ ਰਾਏ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਖੇ ਹੋਇਆ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਇਸ ਨਗਰ ਨੂੰ ਸ੍ਰੀ ਨਨਕਾਣਾ ਸਾਹਿਬ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਨਾਲ ਮਾਨਵਤਾ ਨੂੰ ਅੰਮ੍ਰਿਤਮਈ ਅਗਵਾਈ ਮਿਲੀ, ਜਿਸ ਨਾਲ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਅਤੇ ਵਿਗਿਆਨਕ ਆਦਿ ਖੇਤਰਾਂ ਅੰਦਰ ਇੱਕ ਕ੍ਰਾਂਤੀਕਾਰੀ ਲੋਅ ਚਮਕੀ। ਗੁਰੂ ਸਾਹਿਬ ਦੇ ਸੰਸਾਰ ਨੂੰ ਦਿੱਤੇ ਪ੍ਰੇਮ ਦੇ ਸੰਦੇਸ਼ ਨੇ ਮਨੁੱਖਤਾ ਨੂੰ ਸ਼ਾਂਤੀ ਤੇ ਸਦਭਾਵਨਾ ਦਾ ਅਹਿਸਾਸ ਕਰਵਾਇਆ । ਸਮਾਜਿਕ ਅਧੋਗਤੀ ਦਾ ਵਰਣਨ ਕਰਦਿਆਂ ਗੁਰੂ ਸਾਹਿਬ ਨੇ ਪਾਵਨ ਗੁਰਬਾਣੀ ਵਿੱਚ ਫ਼ੁਰਮਾਇਆ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
(ਅੰਗ : 145)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ, ਸਾਂਝੀਵਾਲਤਾ ਅਤੇ ਸੁਤੰਤਰਤਾ ਵਾਲੀ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਕੇ ਸੰਸਾਰ ਦਾ ਮਾਰਗ-ਦਰਸ਼ਨ ਕੀਤਾ। ਆਪ ਜੀ ਦੀ ਵਿਚਾਰਧਾਰਾ ਨੇ ਇਨਸਾਨ ਨੂੰ ਧਾਰਮਿਕ ਪੱਖ ਤੋਂ ਸਚਿਆਰ, ਸਮਾਜਿਕ ਪੱਖ ਤੋਂ ਬਰਾਬਰ ਤੇ ਆਰਥਿਕ ਪੱਖ ਤੋਂ ਆਪਣੀ ਸੱਚੀ-ਸੁੱਚੀ ਕਿਰਤ ਰਾਹੀਂ ਸੰਤੁਸ਼ਟ ਰਹਿਣਾ ਸਿਖਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡੀ ਤਰਜੀਹਾਂ ਤੋਂ ਵੱਖ ਕਰਕੇ ਸਮਾਜਿਕ ਖੇਤਰ ਵਿੱਚ ਧਰਮ ਦਾ ਸਹੀ ਸਥਾਨ ਨਿਸਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਨਿਰਭਰਤਾ ਨੂੰ ਸਪੱਸ਼ਟ ਕੀਤਾ। ਉਨ੍ਹਾਂ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੇ ਢੁਕਵੇਂ, ਸਾਵੇਂ ਤੇ ਸਪੱਸ਼ਟ ਹੱਲ ਦੱਸੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਿਆਂ ਤੇ ਵਿਚਾਰਿਆਂ ਇਸ ਗੱਲ ਦਾ ਪਤਾ ਲਗਦਾ ਹੈ ਕਿ ਉਨ੍ਹਾਂ ਮਨੁੱਖੀ ਜੀਵਨ ਨੂੰ ਆਦਰਸ਼ਕ ਬਣਾਉਣ ਲਈ ਇਸ ਦੀ ਹਰ ਪੱਖ ਤੋਂ ਅਗਵਾਈ ਕੀਤੀ। ਆਪ ਜੀ ਨੇ ਉਹ ਵਿਚਾਰਧਾਰਾ ਦਿੱਤੀ, ਜੋ ਸੰਸਾਰਕ ਜੀਵਨ ਦੇ ਨਾਲੋ-ਨਾਲ ਹੋ ਕੇ ਚਲਦੀ ਹੈ ।

ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਮਨੁੱਖ ਨੂੰ ਸੱਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਬਣਨ ਦੀ ਪ੍ਰੇਰਣਾ ਕੀਤੀ ਅਤੇ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜੀਣ ਦੇ ਯੋਗ ਬਣਾਇਆ। ਗੁਰੂ ਸਾਹਿਬ ਜੀ ਵੱਲੋਂ ਸੁਝਾਇਆ ਇਹ ਮਾਰਗ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ’ਤੇ ਆਧਾਰਿਤ ਹੈ। ਆਪ ਜੀ ਨੇ ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀ ਸੇਧ ਦੇਣ ਵਾਲੇ ਹਨ ।

ਇਸ ਦੇ ਨਾਲ ਹੀ ਸਮਾਜ ਅੰਦਰ ਤ੍ਰਿਸਕਾਰੀ ਜਾ ਰਹੀ ਇਸਤਰੀ ਸ਼੍ਰੇਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਚਾ ਸਨਮਾਨ ਦਿੱਤਾ ਅਤੇ ਉਨ੍ਹਾਂ ਦੇ ਹੱਕਾਂ, ਹਿੱਤਾਂ ਲਈ ਆਵਾਜ਼ ਬੁਲੰਦ ਕੀਤੀ । ਅਸਲ ’ਚ ਉਸ ਸਮੇਂ ਹਿੰਦੁਸਤਾਨੀ ਸਮਾਜ ’ਚ ਇਸਤਰੀ ਦੀ ਦਸ਼ਾ ਬੜੀ ਮਾੜੀ ਸੀ। ਆਪ ਜੀ ਨੇ ਇਸਤਰੀ ਦੇ ਸਨਮਾਨ ਨੂੰ ਹਕੀਕੀ ਤੌਰ ’ਤੇ ਬਹਾਲ ਕਰਦਿਆਂ ਆਪਣੇ ਪੰਥ ’ਚ ਮਰਦ ਦੇ ਬਰਾਬਰ ਖੜ੍ਹਾ ਕੀਤਾ। ਇਸ ਸੰਬੰਧ ’ਚ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਫ਼ੁਰਮਾਇਆ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
(ਅੰਗ : 473)

ਬਹੁਪੱਖੀ ਸ਼ਖ਼ਸੀਅਤ ਅਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ ਹੋਣ ਕਰਕੇ ਆਪ ਜੀ ਧਰਮ, ਦਰਸ਼ਨ ਸ਼ਾਸਤਰ ਦੇ ਖੇਤਰ ’ਚ ਵੀ ਇੱਕ ਵਿਲੱਖਣ ਤੇ ਮਹਾਨ ਕ੍ਰਾਂਤੀ ਦੇ ਜਨਮਦਾਤਾ ਹਨ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਨੇ ਲੋਕਾਂ ਨੂੰ ਉਸਾਰੂ ਜੀਵਨ ਜਾਚ ਦੇ ਸਨਮੁੱਖ ਕੀਤਾ ਅਤੇ ਇਸੇ ਦਾ ਹੀ ਕਾਰਨ ਸੀ ਕਿ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਲੋਕਾਂ ਨੇ ਸਿਰ-ਮੱਥੇ ਪ੍ਰਵਾਨ ਕੀਤਾ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਸਦਾ ਨਿਵੇਕਲੀ ਹੈ, ਜਿਸ ਨੂੰ ਅੱਜ ਵੀ ਸਿੱਖਾਂ ਤੋਂ ਇਲਾਵਾ ਦੁਨੀਆ ਭਰ ਦੇ ਹਰ ਧਰਮ, ਵਰਗ, ਫ਼ਿਰਕੇ ਨਾਲ ਸੰਬੰਧਿਤ ਲੋਕ ਸਤਿਕਾਰਦੇ ਹਨ ਅਤੇ ਅਗਾਂਹ ਵੀ ਸਤਿਕਾਰਦੇ ਰਹਿਣਗੇ ।

# ਇਨਕਲਾਬੀ ਰਹਿਬਰ ਸਤਿਗੁਰੂ ਨਾਨਕ ਸਾਹਿਬ



**ਡਾ. ਮਹਿਲ ਸਿੰਘ**

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਤੇ ਸਿਧਾਂਤਕਾਰ ਹਨ । ਇਨ੍ਹਾਂ ਦੀ ਆਮਦ ਨਾਲ ਚੌ-ਤਰਫ਼ੀ ਤਬਦੀਲੀ ਦਾ ਨਵਾਂ ਯੁੱਗ ਆਰੰਭ ਹੁੰਦਾ ਹੈ। ਅਜਿਹੀ ਸ਼ੁਰੂਆਤ ਕਿਸੇ ਖਿੱਤੇ ਜਾਂ ਦੇਸ਼ ਤੱਕ ਸੀਮਤ ਨਹੀਂ ਰਹੀ । ਇਸ ਦਾ ਬਹੁ-ਪਰਤੀ ਫੈਲਾਅ ਦੁਨੀਆ ਭਰ ’ਚ ਫੈਲਿਆ ਹੈ ।

ਗੁਰੂ ਨਾਨਕ ਦੇਵ ਜੀ 13 ਸਾਲ (1482) ਦੀ ਉਮਰ ਤੱਕ ਕਈ ਭਾਸ਼ਾਵਾਂ ਦੇ ਗਿਆਤਾ ਹੋ ਗਏ। ਇਨ੍ਹਾਂ ਨੇ ਗੋਪਾਲ ਦਾਸ ਪਾਂਧੇ ਕੋਲੋਂ ਦੇਵਨਾਗਰੀ ਤੇ ਲੇਖੇ-ਪੱਤੇ ਵਿੱਚ ਮੁਹਾਰਤ ਹਾਸਿਲ ਕੀਤੀ। ਪੰਡਿਤ ਬ੍ਰਿਜ ਲਾਲ ਪਾਸੋਂ ਸੰਸਕ੍ਰਿਤ ਭਾਸ਼ਾ ਵਿੱਚ ਨਿਪੁੰਨਤਾ ਪ੍ਰਾਪਤ ਕੀਤੀ । ਮੌਲਵੀ ਕੁਤਬਦੀਨ ਪਾਸੋਂ ਫ਼ਾਰਸੀ ਦਾ ਮੁੱਢਲਾ ਗਿਆਨ ਪ੍ਰਾਪਤ ਕੀਤਾ। ਗੁਰੂ ਨਾਨਕ ਦੇਵ ਜੀ ਸਾਡੇ ਲਈ ਇੱਕ ਐਸਾ ਵਰਤਾਰਾ ਹਨ, ਜਿਨ੍ਹਾਂ ਦੇ ਜੀਵਨ ਤੇ ਫ਼ਲਸਫ਼ੇ ਤੋਂ ਸੋਚਾਂ ਦੇ ਨਵੇਂ ਕਿਵਾੜ ਖੁੱਲ੍ਹਦੇ ਹਨ। ਗੁਰੂ ਸਾਹਿਬ ਨਾਲ ਹਰ ਪੱਖ ਤੋਂ ਨਵੇਂ ਤੇ ਨਿਵੇਕਲੇ ਯੁੱਗ ਦਾ ਆਰੰਭ ਹੁੰਦਾ ਹੈ। ਗੁਰੂ ਸਾਹਿਬ ਨੇ ਆਪਣੇ ਵੇਲੇ ਦੇ ਸਮਾਜ ਨੂੰ ਸਭ ਪੱਖਾਂ ਤੋਂ ਇਨਕਲਾਬੀ ਰੂਪ ਵਿੱਚ ਹਲੂਣਾ ਦਿੱਤਾ। ਇਸ ਨਾਲ ਸਮਾਜ ’ਚ ਜੀਵਨ-ਜਾਚ ਦਾ ਨਵਾਂ ਸਰਬ-ਸਾਂਝਾ, ਮਾਨਵੀ ਤੇ ਕਿਰਤੀ ਮਾਰਗ ਆਰੰਭ ਹੋਇਆ ਹੈ।

ਗੁਰੂ ਸਾਹਿਬ ਦੀਆਂ ਬਾਲਪਨ ਦੀਆਂ ਕਈ ਵਿਸ਼ੇਸ਼ ਘਟਨਾਵਾਂ ਤੋਂ ਬਾਅਦ ਸਭ ਤੋਂ ਵੱਡੀ ਘਟਨਾ ਸੁਲਤਾਨਪੁਰ ਲੋਧੀ ਵਿਖੇ ‘ਵੇਈਂ ਪ੍ਰਵੇਸ਼’ (1499) ਦੀ ਹੈ। ਇਸ ਨੂੰ ‘ਵੇਈਂ ਉਪਦੇਸ਼’ ਤੇ ‘ਗਿਆਨ ਦੀ ਟੁੱਭੀ’ ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਵੇਈਂ ਦੀ ਟੁੱਭੀ ਤੋਂ ਬਾਅਦ ਸਪੱਸ਼ਟ ਰੂਪ ਵਿੱਚ ਆਪਣਾ ਧਾਰਮਿਕ ਤੇ ਸਮਾਜਿਕ ਉਪਦੇਸ਼ ਆਰੰਭ ਕਰ ਦਿੱਤਾ। ਇਸ ਦੌਰਾਨ ਹੀ ਗੁਰੂ ਸਾਹਿਬ ਦੀ ਸੀਰਤ ਪੂਰੀ ਤਰ੍ਹਾਂ ਸਮਾਜਿਕਤਾ ਤੇ ਰੂਹਾਨੀਅਤ ਵੱਲ ਪਾਸਾ ਪਲਟਦੀ ਹੈ। ਉਹ ਅੰਦਰਲੇ ਚਾਨਣ ਦੀ ਸੋਝੀ ਤਹਿਤ ਬਾਹਰਲੇ ਵਰਤਾਰੇ ਨੂੰ ਸਮਝਣ/ਸਮਝਾਉਣ ਦੇ ਰਾਹ ਪੈਂਦੇ ਹਨ। ਇਸ ਸਮੇਂ ਤੋਂ ਹੀ ਗੁਰੂ ਸਾਹਿਬ ਨੇ ‘ਸਭੇ ਸਾਝੀਵਾਲ ਸਦਾਇਨਿ’ ਅਤੇ ‘ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ’ ਦਾ ਮਹਾਨ ਫ਼ਲਸਫ਼ਾ ਪੇਸ਼ ਕੀਤਾ । ਸਿੱਖ ਫ਼ਲਸਫ਼ਾ ਨਾ ਕਿਸੇ ਜਾਤ ਦਾ ਵਿਰੋਧੀ ਹੈ, ਨਾ ਧਰਮ ਦਾ। ਇਹ ਮਨੁੱਖਤਾ ਦੇ ਭਲੇ ਹਿਤ ਮਾਨਵਤਾ ਦੇ ਰਾਹ ਤੁਰਨ ਦਾ ਸਭ ਤੋਂ ਵੱਡਾ ਗਾਡੀ-ਰਾਹ ਹੈ। ਕਿਉਂਕਿ, ਉਸ ਵੇਲੇ ਸਮੁੱਚਾ ਸਮਾਜ ਵੱਡੇ ਰੂਪ ’ਚ ਵੱਖ-ਵੱਖ ਧਰਮਾਂ ਤੇ ਜਾਤਾਂ ਵਿੱਚ ਵੰਡਿਆ ਹੋਇਆ ਸੀ। ਗੁਰੂ ਸਾਹਿਬ ਦੇ ਸੰਦੇਸ਼ ਮੁਤਾਬਿਕ ਮਨੁੱਖ ਦੀ ਅਸਲ ਜਾਤ ਉਸ ਦੇ ਕਰਮ (ਕਾਰਜ ਜਾਂ ਕੰਮ) ਹਨ। ਉਨ੍ਹਾਂ ਨੇ ਆਪਣੇ ਜੀਵਨ ਦੇ ਅਮਲ ਰਾਹੀਂ ਸਮਾਜ ਲਈ ਕੁਝ ਕਰਨ ਦਾ ਨਿਰਣਾ ਕਰ ਲਿਆ ਸੀ। ਇੱਥੋਂ ਹੀ ਬਾਬਾ ‘ਚੜ੍ਹਿਆ ਸੋਧਣਿ ਧਰਤਿ ਲੁਕਾਈ’ ਦੀ ਆਰੰਭਤਾ ਹੁੰਦੀ ਹੈ। ਉਨ੍ਹਾਂ ਨੇ ਬ੍ਰਹਮ ਦੇ ਸਰੂਪ ਬਾਰੇ ਆਪਣਾ ਨਿਵੇਕਲਾ ‘ਮੂਲ ਮੰਤਰ’ ਪੇਸ਼ ਕੀਤਾ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
(ਅੰਗ : 01)

ਅਕਾਲ ਰੂਪ ਇੱਕ ਰੱਬ ਨੂੰ ਹੀ ਸਰਬ ਸ਼ਕਤੀਮਾਨ ਮੰਨਿਆ ਗਿਆ ਹੈ, ਜੋ ਸਭ ਦਾ ਕਰਤਾ ਹੈ। ਕਿਸੇ ਡਰ-ਭਉ ਅਤੇ ਵੈਰ-ਵਿਰੋਧ ਤੋਂ ਮੁਕਤ ਹੈ। ਇਸ ਅਕਾਲ ਫ਼ਲਸਫ਼ੇ ਦਾ ਰੂਪ ਸਦੀਵੀ ਹੈ। ਬਾਕੀ ਸਭ ਦੁਨਿਆਵੀ ਤਾਕਤਾਂ ਨੂੰ ਕਾਲ/ਸਮੇਂ ਦੀ ਛੋਟੀ ਸੱਤਾ ਦਾ ਰੂਪ ਦਰਸਾਇਆ ਗਿਆ ਹੈ। ਉਹ ਆਪਣੇ ਅਜਿਹੇ ਰੂਹਾਨੀ ਸੰਦੇਸ਼ ਅਤੇ ਆਪਣੇ ਜੀਵਨ ਵਿਹਾਰ ਨਾਲ ਜਿਉਣ ਦਾ ਨਵਾਂ ਰਸਤਾ ਵਿਖਾਉਂਦੇ ਹਨ। ਇਸ ਰਾਹ ਦੇ ਰਾਹੀ ਵਜੋਂ ਹੀ ਨਵਾਂ ਗੁਰਮੁੱਖ ਮਨੁੱਖ ਉੱਭਰਦਾ ਹੈ। ਕਰਮ (ਕਾਰਜ) ਹੀ ਬੰਦੇ ਦੀ ਅਸਲ ਤੇ ਉੱਤਮ ਜਾਤ ਮੰਨੇ ਗਏ। ਗੁਰਮਤਿ ਮੁਤਾਬਿਕ ਜੀਵਨ ‘ਕਰਮਾ ਸੰਦੜਾ’ ਖੇਤ ਹੈ। ਉਸ ਸਮੇਂ ਚਾਰ-ਚੁਫੇਰੇ ਕੂੜ-ਪਾਸਾਰੇ ਦਾ ਬੋਲ-ਬਾਲਾ ਸੀ। ਅਜਿਹੇ ਪਸਾਰੇ ਨੂੰ ਸ੍ਰੀ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੇ ਅਮਲ ਰਾਹੀਂ ਦੂਰ ਕਰਨ ਦੀ ਵਿਉਂਤ ਬਣਾ ਲਈ ਸੀ । ਉਨ੍ਹਾਂ ਦੀ ਬਾਣੀ ਮਿੱਠੀ ਵੀ ਸੀ ਅਤੇ ਰਾਗ ਵਜੋਂ ਅੱਤ ਦੀ ਸੁਰੀਲੀ ਵੀ। ਨਾਲ ਮਰਦਾਨੇ ਦੀ ਰਬਾਬ ਦਾ ਸਾਜ਼ ਵੀ ਸੀ। ਇਹ ਸਾਰੇ ਕੁਝ ਸਮੇਤ ਗੁਰੂ ਸਾਹਿਬ ਨੇ ਦੁਨਿਆਵੀ ਮੈਦਾਨ ’ਚ ਨਿੱਤਰਣ ਦੀ ਠਾਣ ਲਈ ਸੀ। ਉਸ ਸਮੇਂ ਦੇ ਸਮਾਜ ਵਿੱਚ ਆਪਸੀ ਸੰਵਾਦ ਟੁੱਟ ਚੁੱਕਾ ਸੀ। ਸਿਰਫ਼ ਇਕੋ ਹਾਕਮ ਜਾਂ ਮੁਗ਼ਲ ਹਕੂਮਤ ਦਾ ਪ੍ਰਵਚਨ ਭਾਰੂ ਸੀ। ਇਸ ਸੰਬੰਧੀ ਗੁਰੂ ਸਾਹਿਬ ਨੇ ਲੋਕਾਂ ’ਚ ਨਵਾਂ ਕੁਝ ਕਹਿਣ-ਸੁਣਨ ਦਾ ਮਹਾਂ-ਮਾਰਗ ਅਪਣਾ ਲਿਆ:

ਜਬ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥
(ਅੰਗ : 661)

ਉਨ੍ਹਾਂ ਨੇ ਸਮੇਂ ਦੇ ਮਲਕ ਭਾਗੋਆਂ ਦੀ ਥਾਂ ਭਾਈ ਲਾਲੋ ਵਰਗੇ ਕਿਰਤੀਆਂ ਨਾਲ ਸੰਬੰਧ ਬਣਾਇਆ। ਗੁਰੂ ਸਾਹਿਬ ਜਮਾਤੀ ਸੋਝੀ ਵਜੋਂ ਕਿਰਤੀਆਂ ਤੇ ਹੇਠਲੀ ਸ਼੍ਰੇਣੀ ਦੇ ਆਲੰਬਰਕਾਰ ਬਣਦੇ ਹਨ। ਆਪਣੇ ਸਫ਼ਰਾਂ ਦੌਰਾਨ ਗੁਰੂ ਸਾਹਿਬ ਨੇ ਵੱਖ-ਵੱਖ ਧਾਰਮਿਕ ਸਥਾਨਾਂ ਦਾ ਰਟਨ ਕੀਤਾ। ਭਾਈ ਮਰਦਾਨਾ ਪੂਰੀ ਤਰ੍ਹਾਂ ਗੁਰੂ ਸਾਹਿਬ ਦਾ ਅੰਗੀਕਾਰ ਰਹਿੰਦਾ ਹੈ । ਇਹ ਮੁਸਲਮਾਨਾਂ ਦੇ ਡੂੰਮ (ਮਰਾਸੀ) ਕੁਨਬੇ ਵਿਚੋਂ ਹਨ। ਗੁਰੂ ਸਾਹਿਬ ਨੇ ਉਸ ਵੇਲੇ ਦੇ ਵੱਡੇ ਧਾਰਮਿਕ ਕਿਸਮ ਦੇ ਗਿਆਨ ਕੇਂਦਰਾਂ ਅਯੁੱਧਿਆ, ਗੋਰਖਮਤੇ, ਬਨਾਰਸ, ਜਗਨਨਾਥ ਪੁਰੀ, ਹਰਿਦੁਆਰ, ਮੱਕੇ ਤੇ ਪਾਕਿ-ਪਟਨ ਵਗੈਰਾ ਸਥਾਨਾਂ ਉੱਤੇ ਵੱਖ-ਵੱਖ ਭਗਤਾਂ ਤੇ ਹੋਰ ਗੁਣੀ-ਗਿਆਨੀਆਂ ਨਾਲ ਸੰਵਾਦ ਰਚਾਇਆ। ਉਨ੍ਹਾਂ ਨੇ ਬਿਨਾਂ ਕਿਸੇ ਵਿਵਾਦ ਦੇ ਬਿਬੇਕੀ ਸੁਰ ਦੇ ਸੰਵਾਦ ਵਿੱਚ ਆਪਣੇ ਵਿਚਾਰਾਂ ਦੇ ਸਿੱਖ ਫ਼ਲਸਫ਼ੇ ਨੂੰ ਅੱਗੇ ਵਧਾਇਆ। ਇਸ ਦੌਰਾਨ ਹੀ ਉਨ੍ਹਾਂ ਨੇ ਸਮਝਿਆ ਸੀ ਕਿ ਕਿਸੇ ਵੀ ਪ੍ਰਚਾਰ ਲਈ ਆਪਣਾ ਨਿਸ਼ਚਤ ਅਸਥਾਨ ਜਾਂ ਕੇਂਦਰ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਸਾਹਿਬ ਨੇ ਇੱਥੇ ਧਾਰਮਿਕ ਅਸਥਾਨ ਬਣਾਉਣ ਸੰਬੰਧੀ ਆਪਣੇ ਨਜ਼ਦੀਕੀਆਂ ਨਾਲ ਵਿਚਾਰ ਸਾਂਝਾ ਕੀਤਾ ਸੀ। ਇਸ ਸੰਬੰਧੀ ਬਟਾਲੇ ਨਜ਼ਦੀਕ ਪਿੰਡ ਪੱਖੋਕੇ ਵਿਖੇ ਅਜਿਹਾ ਸਥਾਨ ਬਣਾਉਣ ਦਾ ਫ਼ੈਸਲਾ ਕੀਤਾ। ਇਸ ਸਥਾਨ ਦੀ ਕਰਤਾਰਪੁਰ ਨਾਂਅ ਦੇ ਪਿੰਡ ਵਜੋਂ ਨੀਂਹ ਗੁਰੂ ਸਾਹਿਬ ਨੇ ਤਕਰੀਬਨ 09 ਜਨਵਰੀ 1516 ਨੂੰ ਰੱਖੀ ਸੀ। ਕਰਤਾਰਪੁਰ ਨਾਂਅ ਹੀ ਆਪਣੇ-ਆਪ ’ਚ ਧਾਰਮਿਕ ਖ਼ਿਆਲ ਵਾਲਾ ਹੈ। ਇਹ ਕਰਤਾ ਅਰਥਾਤ ਕਰਤਾ-ਪੁਰਖ ਭਾਵ ਕੁਦਰਤ ਦੇ ਕਾਦਰ ਦੇ ਸਥਾਨ ਵਜੋਂ ਹੈ। ਇਹ ਹੱਥੀਂ ਕਿਰਤ ਅਥਵਾ ਖੇਤੀ ਦਾ ਪੁਰ (ਪਿੰਡ) ਵੀ ਹੈ। ਇੱਥੇ ਕੋਠੇ ਰੂਪੀ ਧਰਮਸ਼ਾਲ ਬਣਾਈ ਗਈ। ਗੁਰੂ ਸਾਹਿਬ ਫਿਰ ਕੁਝ ਹੋਰ ਸਫ਼ਰਾਂ ਤੋਂ ਬਾਅਦ 1521 ਵਿੱਚ ਪੱਕੇ ਤੌਰ ’ਤੇ ਆਪਣੇ ਵਸਾਏ ਹੋਏ ਨਗਰ ਕਰਤਾਰਪੁਰ ਵਿਖੇ ਆ ਗਏ। ਗੁਰੂ ਸਾਹਿਬ ਨੇ ਆਪਣੇ ਮਾਤਾ-ਪਿਤਾ ਨੂੰ ਵੀ ਇੱਥੇ ਵਸਾਉਣ ਦਾ ਪ੍ਰਬੰਧ ਕਰ ਲਿਆ । ਭਾਈ ਮਰਦਾਨੇ ਦਾ ਪਰਿਵਾਰ ਵੀ ਕਰਤਾਰਪੁਰ ਵਿੱਚ ਹੀ ਵੱਸ ਗਿਆ। ਗੁਰੂ ਸਾਹਿਬ ਰੋਜ਼ਾਨਾ ਕੀਰਤਨ ਦਰਬਾਰ ਲਗਾਉਂਦੇ ਸਨ। ਲੋਕਾਂ ਦੇ ਸਹਿਯੋਗ ਨਾਲ ਸੰਗਤ ਤੇ ਪੰਗਤ ਦੇ ਲੰਗਰ ਵੀ ਚੱਲਣ ਲੱਗੇ ਸਨ। ਇਸ ਤਰ੍ਹਾਂ ਸਿੱਖ ਧਰਮ ਦੀ ਸਮਾਜਿਕ ਮਰਯਾਦਾ ਆਰੰਭ ਹੋਈ ਸੀ। ਇੱਥੇ ਗੁਰੂ ਸਾਹਿਬ ਆਪਣੇ ਹੱਥੀਂ ਲੰਗਰ ਦੀ ਸੇਵਾ ਕਰਦੇ ਸਨ। ਉਨ੍ਹਾਂ ਨੇ ਸੰਗਤ ਦੀ ਸੇਵਾ ਦਾ ਕਾਰਜ ਆਰੰਭਿਆ ਸੀ । ਉਹ ਸੰਗਤ ਵਿੱਚ ਹੀ ਬ੍ਰਹਮ ਦਾ ਵਸੇਬਾ ਮੰਨਦੇ ਸਨ:

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ।
(ਅੰਗ : 94)

ਗੁਰੂ ਸਾਹਿਬ ਇੱਥੇ ਖੇਤੀ ਵੀ ਕਰਦੇ ਸਨ। ਇਸ ਖੇਤੀ ਤੋਂ ਹੁੰਦੀ ਆਮਦਨ ਸੰਗਤਾਂ ਦੇ ਲੰਗਰ ਲਈ ਵਰਤੀ ਜਾਂਦੀ ਸੀ। ਇੱਥੋਂ ਗੁਰੂ ਸਾਹਿਬ ਦੀ ਇਲਾਹੀ ਬਾਣੀ ਦਾ ਸੁਨੇਹਾ ਦੂਰ-ਦੂਰ ਤੱਕ ਪਹੁੰਚਣ ਲੱਗਾ ਸੀ। ਹੱਥੀਂ ਖੇਤੀ ਅਤੇ ਲੰਗਰ ਦਾ ਵਿਹਾਰਕ ਵਰਤਾਰਾ ਗੁਰਮਤਿ ਦੀ ਪ੍ਰਯੋਗਸ਼ਾਲਾ ਵਾਂਗ ਸੀ। ਗੁਰੂ ਸਾਹਿਬ ਨੇ ਅਜਿਹੇ ਸੱਚੇ ਆਚਾਰ-ਵਿਹਾਰ ਨੂੰ ਹੀ ਸਭ ਤੋਂ ਉੱਤਮ ਮੰਨਿਆ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ।
(ਅੰਗ : 62)

ਸਮਾਜ ਵਿੱਚ ਨਵੀਂ ਜੀਵਨ-ਜਾਚ ਦਾ ਅਮਲ ਸ਼ੁਰੂ ਹੋ ਗਿਆ ਸੀ। ਸਵੇਰੇ-ਸ਼ਾਮ ਪਰਮਾਤਮਾ ਦੇ ਨਾਮ ਰੂਪੀ ਸ਼ੁਕਰਾਨੇ ਦਾ ਸਿਮਰਨ ਚੱਲਦਾ ਸੀ। ਜੀਵਨ ਦੇ ਆਰਥਿਕ ਨਿਰਬਾਹ ਲਈ ਦਿਨੇ ਖੇਤੀ ਦੀ ਕਿਰਤ ਕੀਤੀ ਜਾ ਰਹੀ ਸੀ।

**(ਬਾਕੀ ਸਫ਼ਾ 27 ’ਤੇ)**

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ



ਬੀਬੀ ਜਗੀਰ ਕੌਰ



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਇੱਕ ਨਿਵੇਕਲੇ ਅਧਿਆਇ ਦਾ ਆਰੰਭ ਹੋਇਆ। ਆਪ ਜੀ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਖੇ 1469 ਈਸਵੀ ਵਿੱਚ ਪਿਤਾ ਮਹਿਤਾ ਕਲਿਆਣ ਦਾਸ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਸ ਨਗਰ ਨੂੰ ਸ੍ਰੀ ਨਨਕਾਣਾ ਸਾਹਿਬ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਨਾਲ ਮਾਨਵਤਾ ਨੂੰ ਅੰਮ੍ਰਿਤਮਈ ਅਗਵਾਈ ਮਿਲੀ, ਜਿਸ ਨਾਲ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਅਤੇ ਵਿਗਿਆਨਕ ਆਦਿ ਖੇਤਰਾਂ ਅੰਦਰ ਇੱਕ ਕ੍ਰਾਂਤੀਕਾਰੀ ਲੋਅ ਚਮਕੀ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਸਮਾਜ ਅੰਦਰ ਅਗਿਆਨਤਾ ਦਾ ਹਨੇਰਾ ਪਸਰਿਆ ਹੋਇਆ ਸੀ। ਧਾਰਮਿਕ ਆਗੂਆਂ ਦੇ ਸਤਾਏ ਹੋਏ ਲੋਕ ਅਜਿਹੇ ਆਸਰੇ ਦੀ ਭਾਲ 'ਚ ਸਨ, ਜਿੱਥੋਂ ਉਨ੍ਹਾਂ ਨੂੰ ਜੀਵਨ ਦਾ ਸਹੀ ਮਾਰਗ ਪ੍ਰਾਪਤ ਹੋ ਸਕੇ। ਇਸ ਅਧੋਗਤੀ ਦੇ ਸਮੇਂ ਅੰਦਰ ਜਿਥੇ ਲੋਕਾਈ ਵਹਿਮਾਂ-ਭਰਮਾਂ ਅਤੇ ਪਾਖੰਡਵਾਦ ਵਿੱਚ ਫਸੀ ਹੋਈ ਸੀ, ਉਥੇ ਹੀ ਧਰਮ ਦੇ ਨਾਂਅ 'ਤੇ ਮਾਨਵਤਾ ਨੂੰ ਵੰਡਣ ਦਾ ਬੋਲਬਾਲਾ ਵੀ ਸੀ। ਵਰਣ-ਵੰਡ ਅਤੇ ਛੂਤ-ਛਾਤ ਸਿਖ਼ਰ 'ਤੇ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ 'ਤੇ ਆਗਮਨ ਨਾਲ ਮਨੁੱਖਤਾ ਨੂੰ ਇੱਕ ਠੰਢਾ ਅਹਿਸਾਸ ਹੋਇਆ। ਸਮਾਜਿਕ ਅਧੋਗਤੀ ਦਾ ਵਰਣਨ ਕਰਦਿਆਂ ਗੁਰੂ ਸਾਹਿਬ ਨੇ ਪਾਵਨ ਗੁਰਬਾਣੀ ਵਿੱਚ ਫ਼ਰਮਾਇਆ ਹੈ:

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥ (ਅੰਗ 145)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ, ਸਾਂਝੀਵਾਲਤਾ ਅਤੇ ਸੁਤੰਤਰਤਾ ਵਾਲੀ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਕੇ ਸੰਸਾਰ ਦਾ ਮਾਰਗ-ਦਰਸ਼ਨ ਕੀਤਾ। ਆਪ ਜੀ ਦੀ ਵਿਚਾਰਧਾਰਾ ਨੇ ਇਨਸਾਨ ਨੂੰ ਧਾਰਮਿਕ ਪੱਖ ਤੋਂ ਸਚਿਆਰ, ਸਮਾਜਿਕ ਪੱਖ ਤੋਂ ਬਰਾਬਰ ਤੇ ਆਰਥਿਕ ਪੱਖ ਤੋਂ ਆਪਣੀ ਸੱਚੀ-ਸੁੱਚੀ ਕਿਰਤ ਰਾਹੀਂ ਸੰਤੁਸ਼ਟ ਰਹਿਣਾ ਸਿਖਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡੀ ਤਰਜੀਹਾਂ ਤੋਂ ਵੱਖ ਕਰਕੇ ਸਮਾਜਿਕ ਖੇਤਰ ਵਿਚ ਧਰਮ ਦਾ ਸਹੀ ਸਥਾਨ ਨਿਸਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਨਿਰਭਰਤਾ ਨੂੰ ਸਪੱਸ਼ਟ ਕੀਤਾ। ਉਨ੍ਹਾਂ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੇ ਢੁੱਕਵੇਂ, ਸਾਵੇਂ ਤੇ ਸਪੱਸ਼ਟ ਹੱਲ ਦੱਸੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਿਆਂ ਤੇ ਵਿਚਾਰਿਆਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਉਨ੍ਹਾਂ ਮਨੁੱਖੀ ਜੀਵਨ ਨੂੰ ਆਦਰਸ਼ਕ ਬਣਾਉਣ ਲਈ ਇਸ ਦੀ ਹਰ ਪੱਖ ਤੋਂ ਅਗਵਾਈ ਕੀਤੀ। ਆਪ ਜੀ ਨੇ ਉਹ ਵਿਚਾਰਧਾਰਾ ਦਿੱਤੀ, ਜੋ ਸੰਸਾਰਕ ਜੀਵਨ ਦੇ ਨਾਲੋ-ਨਾਲ ਹੋ ਕੇ ਚੱਲਦੀ ਹੈ।

ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੋਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਮਨੁੱਖ ਨੂੰ ਸੱਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਬਣਨ ਦੀ ਪ੍ਰੇਰਣਾ ਕੀਤੀ ਅਤੇ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜੀਣ ਦੇ ਯੋਗ ਬਣਾਇਆ। ਗੁਰੂ ਸਾਹਿਬ ਜੀ ਵਲੋਂ ਸੁਝਾਇਆ ਇਹ ਮਾਰਗ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ 'ਤੇ ਆਧਾਰਿਤ ਹੈ। ਆਪ ਜੀ ਨੇ ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀਂ ਸੇਧ ਦੇਣ ਵਾਲੇ ਹਨ।

ਇਸ ਦੇ ਨਾਲ ਹੀ ਸਮਾਜ ਅੰਦਰ ਤ੍ਰਿਸਕਾਰੀ ਜਾ ਰਹੀ ਇਸਤਰੀ ਸ਼੍ਰੇਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਚਾ ਸਨਮਾਨ ਦਿੱਤਾ ਅਤੇ ਉਨ੍ਹਾਂ ਦੇ ਹੱਕਾਂ, ਹਿੱਤਾਂ ਲਈ ਆਵਾਜ਼ ਬੁਲੰਦ ਕੀਤੀ। ਅਸਲ ਵਿੱਚ ਉਸ ਸਮੇਂ ਹਿੰਦੋਸਤਾਨੀ ਸਮਾਜ ਵਿੱਚ ਇਸਤਰੀ ਦੀ ਦਸ਼ਾ ਬੜੀ ਮਾੜੀ ਸੀ। ਆਪ ਜੀ ਨੇ ਇਸਤਰੀ ਦੇ ਸਨਮਾਨ ਨੂੰ ਹਕੀਕੀ ਤੌਰ 'ਤੇ ਬਹਾਲ ਕਰਦਿਆਂ ਆਪਣੇ ਪੰਥ ਵਿੱਚ ਮਰਦ ਦੇ ਬਰਾਬਰ ਖੜ੍ਹਾ ਕੀਤਾ। ਇਸ ਸੰਬੰਧ ਵਿੱਚ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਫ਼ਰਮਾਇਆ:

ਭੰਡਿ ਜੰਮੀਐ ਭੰਡਿ
ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥
(ਅੰਗ : 473)

ਬਹੁਪੱਖੀ ਸ਼ਖ਼ਸੀਅਤ ਅਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ ਹੋਣ ਕਰਕੇ ਆਪ ਜੀ ਧਰਮ, ਦਰਸ਼ਨ ਸ਼ਾਸਤਰ ਦੇ ਖੇਤਰ ਵਿੱਚ ਵੀ ਇਕ ਵਿਲੱਖਣ ਤੇ ਮਹਾਨ ਕ੍ਰਾਂਤੀ ਦੇ ਜਨਮਦਾਤਾ ਸਨ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਨੇ ਲੋਕਾਂ ਨੂੰ ਉਸਾਰੂ ਜੀਵਨ ਜਾਚ ਦੇ ਸਨਮੁੱਖ ਕੀਤਾ ਅਤੇ ਇਸੇ ਦਾ ਹੀ ਕਾਰਨ ਸੀ ਕਿ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਲੋਕਾਂ ਨੇ ਸਿਰ-ਮੱਥੇ ਪ੍ਰਵਾਨ ਕੀਤਾ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਸਦਾ ਨਿਵੇਕਲੀ ਹੈ, ਜਿਸ ਨੂੰ ਅੱਜ ਵੀ ਸਿੱਖਾਂ ਤੋਂ ਇਲਾਵਾ ਦੁਨੀਆ ਭਰ ਦੇ ਹਰ ਧਰਮ, ਵਰਗ, ਫ਼ਿਰਕੇ ਨਾਲ ਸੰਬੰਧਿਤ ਲੋਕ ਸਤਿਕਾਰਦੇ ਹਨ ਅਤੇ ਅਗਾਂਹ ਵੀ ਸਤਿਕਾਰਦੇ ਰਹਿਣਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਪ੍ਰਕਾਸ਼ ਪੁਰਬ ਮੌਕੇ ਜਿੱਥੇ ਅਸੀਂ ਆਪਣਾ ਜੀਵਨ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਬਤੀਤ ਕਰਨ ਦਾ ਪ੍ਰਣ ਕਰਨਾ ਹੈ, ਉਥੇ ਹੀ ਸਭ ਦਾ ਫਰਜ ਹੈ ਕਿ ਅਸੀਂ ਗੁਰੂ ਸਾਹਿਬ ਵਲੋਂ ਬਖਸ਼ੇ ਫ਼ਲਸਫ਼ੇ ਨੂੰ ਸੰਸਾਰ ਵਿੱਚ ਫੈਲਾਉਣ ਦਾ ਯਤਨ ਕਰੀਏ।

# ਪੁਰਾਤਨ ਜਨਮ ਸਾਖੀ ਦੀ ਯਾਤਰਾ

ਡਾ. ਧਰਮ ਸਿੰਘ



ਮੱਧਕਾਲ ਵਿੱਚ ਉਸ ਵੇਲੇ ਦੀ ਸੋਚ ਅਤੇ ਦ੍ਰਿਸ਼ਟੀਕੋਣ ਅਨੁਸਾਰ ਲਿਖੇ ਗਏ ਜੀਵਨ-ਬਿਰਤਾਂਤ ਨੂੰ ਜਨਮ ਸਾਖੀਆਂ ਕਿਹਾ ਜਾਂਦਾ ਹੈ ਅਤੇ ਇਹ ਵੀ ਇੱਕ ਤੱਥ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬਿਰਤਾਂਤ ਵਾਲੀਆਂ ਰਚਨਾਵਾਂ ਹੀ ਜਨਮ ਸਾਖੀਆਂ ਅਖਵਾਈਆਂ। ਸੰਖੇਪ ਵਿੱਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਜਨਮ ਸਾਖੀ ਦਾ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੀ ਜੁੜਿਆ ਹੋਇਆ ਹੈ। ਇਹ ਜਨਮ ਸਾਖੀਆਂ ਮੱਧਕਾਲੀ ਪੰਜਾਬੀ ਸਾਹਿਤ ਦਾ ਸਰਮਾਇਆ ਹਨ, ਕਿਉਂਕਿ ਇਨ੍ਹਾਂ ਦਾ ਮਹੱਤਵ ਬਹੁ-ਪਰਤੀ ਹੈ। ਇਨ੍ਹਾਂ ਵਿੱਚ ਧਰਮ, ਦਰਸ਼ਨ, ਇਤਿਹਾਸ, ਮਿਥਿਹਾਸ, ਲੋਕਯਾਨ ਅਤੇ ਹੋਰ ਬਹੁਤ ਕੁਝ ਅੰਕਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪੰਜ ਜਨਮ ਸਾਖੀਆਂ ਵਧੇਰੇ ਪ੍ਰਸਿੱਧ ਹਨ, ਜਿਨ੍ਹਾਂ ਵਿੱਚ ਪੁਰਾਤਨ ਜਨਮ ਸਾਖੀ ਜਾਂ ਵਲਾਇਤ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਜਨਮ ਪੱਤਰੀ ਬਾਬੇ ਨਾਨਕ ਦੀ ਅਤੇ ਗਿਆਨ ਰਤਨਾਵਾਲੀ ਜਾਂ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਆਦਿ। ਇਨ੍ਹਾਂ ਵਿਚੋਂ ਪੁਰਾਤਨ ਜਨਮ ਸਾਖੀ ਦੀ ਗਾਥਾ ਬੜੀ ਦਿਲਚਸਪ ਅਤੇ ਬਚਿੱਤਰ ਹੈ। ਇਸ ਯਾਤਰਾ ਕਰਕੇ ਹੀ ਇਸ ਜਨਮ ਸਾਖੀ ਦੇ ਵੱਖ-ਵੱਖ ਨਾਂਅ ਮਿਲਦੇ ਹਨ।

ਪੁਰਾਤਨ ਜਨਮ ਸਾਖੀ ਜਿਸ ਦੇ ਹੋਰ ਨਾਂਅ ਹਾਫਜ਼ਬਾਦ ਵਾਲੀ ਜਨਮ ਸਾਖੀ, ਕੋਲਬਾਰੁਕ ਵਾਲੀ ਜਨਮ ਸਾਖੀ, ਵਲੈਤ ਵਾਲੀ ਜਨਮਾਖੀ, ਮੈਕਾਲਿਫ਼ ਵਾਲੀ ਜਨਮ ਸਾਖੀ ਵੀ ਮਿਲਦੇ ਹਨ। ਅਸਲ ਵਿੱਚ ਇੱਕ ਹੀ ਜਨਮ ਸਾਖੀ ਜਾਂ ਉਸ ਦੇ ਭਿੰਨ-ਭਿੰਨ ਸੰਸਕਰਣ ਜਾਂ ਉਤਾਰੇ ਹਨ। ਹਾਫ਼ਜ਼ਾਬਾਦ ਵਿਚੋਂ ਜ਼ਿਲ੍ਹਾ ਗੁਜਰਾਂਵਾਲਾ ਜ਼ਿਲ੍ਹੇ ਦੀ ਇੱਕ ਤਹਿਸੀਲ (ਅੱਜ ਕੱਲ੍ਹ ਪਾਕਿਸਤਾਨ) ਵਿੱਚ ਉਸ ਵੇਲੇ ਦੇ ਇੱਕ ਅੰਗਰੇਜ਼ ਅਫ਼ਸਰ ਐਸ.ਟੀ. ਕੋਲਬਰੁੱਕ ਨੇ ਆਪਣਾ ਦੌਰਾ ਰੱਖਿਆ ਅਤੇ ਨਾਲ ਹੀ ਇਹ ਮੁਨਾਦੀ ਕਰਵਾ ਦਿੱਤੀ ਕਿ ਜਿਸ ਵੀ ਕਿਸੇ ਵਿਅਕਤੀ ਕੋਲ ਕੋਈ ਪੁਰਾਣੀ ਚੀਜ਼ ਹੋਵੇ, ਉਹ ਆਪਣੇ ਨਾਲ ਲੈ ਕੇ ਆਵੇ, ਕਿਉਂਕਿ ਸਾਹਬ ਬਹਾਦਰ ਨੇ ਉਹ ਵਸਤਾਂ ਵੇਖਣੀਆਂ ਹਨ। ਹਾਫ਼ਜ਼ਾਬਾਦ ਪਿੰਡ ਦੇ ਇੱਕ ਵਸਨੀਕ ਕੋਲ ਇਹ ਜਨਮ ਸਾਖੀ ਪਈ ਸੀ, ਜੋ ਉਸ ਨੇ ਕੋਲਬਰੁੱਕ ਨੂੰ ਲਿਆ ਕੇ ਵਿਖਾਈ। ਇਸ ਜਨਮ ਸਾਖੀ ਵਿਚਲੀਆਂ ਸਾਰੀਆਂ ਹੀ ਸਾਖੀਆਂ ਸਚਿੱਤਰ ਸਨ, ਜਿਨ੍ਹਾਂ ਦੀ ਕੁੱਲ ਗਿਣਤੀ 57 ਸੀ। ਕੋਲਬਰੁੱਕ ਨੂੰ ਉਸ ਦੇ ਸਥਾਨਕ ਸਹਾਇਕਾਂ ਨੇ ਦੱਸਿਆ ਕਿ ਇਹ ਪੁਰਾਤਨ ਸਮੇਂ ਵਿੱਚ ਲਿਖੀ ਗਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਹੈ। ਤਸਵੀਰਾਂ ਨੇ ਇਸ ਦੀ ਕਦਰ ਹੋਰ ਵੀ ਵਧਾ ਦਿੱਤੀ ਸੀ, ਕਿਉਂਕਿ ਇਹ ਕਲਾ ਦਾ ਇੱਕ ਉੱਤਮ ਨਮੂਨਾ ਵੀ ਸੀ। ਲਗਭਗ ਏਸੇ ਹੀ ਸਮੇਂ ਅੰਗਰੇਜ਼ ਹਕੂਮਤ ਨੇ ਇੱਕ ਜਰਮਨ ਵਿਦਵਾਨ ਅਰਨੈਸਟ ਟਰੰਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੋਣਵੇਂ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ ਕਰਨ ਦਾ ਕੰਮ ਸੌਂਪ ਰੱਖਿਆ ਸੀ। ਕੋਲਬਰੁੱਕ ਨੂੰ ਲੱਗਿਆ ਕਿ ਇਹ ਪੁਸਤਕ ਟਰੰਪ ਦੇ ਕੰਮ ਆਉਣ ਵਾਲੀ ਹੈ। ਉਸ ਨੇ ਇਹ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਖੇ ਭਿਜਵਾ ਦਿੱਤੀ। ਸਿਆਣੇ ਲਾਇਬ੍ਰੇਰੀਅਨ ਨੇ ਅੱਗੋਂ ਇਸ ਬਾਰੇ ਟਰੰਪ ਨੂੰ ਸੂਚਿਤ ਕਰ ਦਿੱਤਾ। ਟਰੰਪ ਨੇ ਜਦ ਇਹ ਜਨਮ ਸਾਖੀ ਵੇਖੀ ਤਾਂ ਖ਼ੁਸ਼ੀ ਨਾਲ ਉਸ ਦੀਆਂ ਵਾਛਾਂ ਖਿੜ ਗਈਆਂ, ਕਿਉਂਕਿ ਉਸ ਨੂੰ ਲੱਗਿਆ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਉਨ੍ਹਾਂ ਦੀ ਬਾਣੀ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕੇਗਾ। ਇੰਝ ਹਾਫ਼ਜ਼ਾਬਾਦ ਵਾਲੀ ਜਨਮ ਸਾਖੀ ਹੁਣ ਕੋਲਬਰੁੱਕ ਅਤੇ ਵਲਾਇਤ ਵਾਲੀ ਜਨਮ ਸਾਖੀ ਬਣ ਗਈ ਸੀ।ਇਸ ਜਨਮ ਸਾਖੀ ਦੇ ਵਲਾਇਤ ਚਲੇ ਜਾਣ ਦੀ ਸੂਹ ਭਾਰਤ ਰਹਿੰਦੇ ਕੁਝ ਸੂਝਵਾਨ ਸਿੱਖਾਂ ਨੂੰ ਵੀ ਮਿਲ ਗਈ। ਉਨ੍ਹਾਂ ਨੇ ਇਹ ਜਨਮ ਸਾਖੀ ਏਧਰੋਂ ਵੀ ਲੱਭਣੀ ਸ਼ੁਰੂ ਕਰ ਦਿੱਤੀ, ਕਿਉਂਕਿ ਜਨਮ ਸਾਖੀ ਦੇ ਕਈ-ਕਈ ਉਤਾਰੇ ਹੋਏ ਮਿਲਦੇ ਸਨ। ਚੰਗੇ ਭਾਗੀਂ ਇਸ ਜਨਮ ਸਾਖੀ ਦੀ ਇੱਕ ਪ੍ਰਤੀਲਿਪੀ ਏਧਰ ਵੀ ਲੱਭ ਗਈ। ਇਸ ਵੇਲੇ ਤੱਕ ਪੰਜਾਬ ਦੇ ਕੇਂਦਰੀ ਸ਼ਹਿਰ ਲਾਹੌਰ ਵਿੱਚ ਛਾਪਾਖਾਨਾ ਲੱਗ ਚੁੱਕਾ ਸੀ। ਸੋ, ਇਸ ਜਨਮ ਸਾਖੀ ਦੇ ਮਹੱਤਵ ਨੂੰ ਪਛਾਣਦਿਆਂ ਅਤੇ ਇਸ ਨੂੰ ਆਮ ਲੋਕਾਂ ਤੱਕ ਪੁੱਜਦਾ ਕਰਨ ਹਿਤ ਇਹ ਪਹਿਲੀ ਵਾਰ ਸਿੰਘ ਸਭਾ ਲਾਹੌਰ ਦੇ ਯਤਨਾਂ ਨਾਲ ਛਪੀ। ਲਾਹੌਰ ਵਿੱਚ ਹੀ ਓਰੀਐਂਟਲ ਕਾਲਜ 1870 ਵਿੱਚ ਖੁੱਲ੍ਹ ਚੁੱਕਾ ਸੀ, ਜਿਥੇ ਪੰਜਾਬੀ ਦੀਆਂ ਬੁੱਧੀਮਾਨੀ, ਵਿਦਵਾਨੀ ਅਤੇ ਗਿਆਨੀ ਕਲਾਸਾਂ ਸ਼ੁਰੂ ਹੋ ਚੁੱਕੀਆਂ ਸਨ। ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਜ ਵਿੱਚ ਅਧਿਆਪਕ ਨਿਯੁਕਤ ਹੋ ਚੁੱਕੇ ਸਨ ਅਤੇ ਉਹ ਸਿੰਘ ਸਭਾ ਲਾਹੌਰ ਦੇ ਵੀ ਬੜੇ ਸਰਗਰਮ ਮੈਂਬਰ ਸਨ। ਠੀਕ ਇਨ੍ਹਾਂ ਹੀ ਦਿਨਾਂ ਵਿੱਚ ਅੰਗਰੇਜ਼ ਵਿਦਵਾਨ ਮੈਕਾਲਿਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੋਣਵੇਂ ਸ਼ਬਦਾਂ ਦੇ ਅਨੁਵਾਦ ਅਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਨਾਂਅ ਦੇ ਵਡ-ਅਕਾਰੀ ਪ੍ਰਾਜੈਕਟ ਉੱਪਰ ਕੰਮ ਕਰ ਰਿਹਾ ਸੀ ਕਿਉਂਕਿ ਟਰੰਪ ਦੇ ਅਨੁਵਾਦ ਨੂੰ ਸਿੱਖ ਸੰਗਤ ਨੇ ਨਕਾਰ ਦਿੱਤਾ ਸੀ।

ਮੈਕਾਲਿਫ਼ ਭਾਵੇਂ ਇਕ ਅਫ਼ਸਰ ਵਜੋਂ ਹੀ ਨਿਯੁਕਤ ਹੋ ਕੇ ਪੰਜਾਬ ਆਇਆ ਸੀ ਪਰ ਉਹ ਪੂਰਬੀ ਇਲਮਾਂ ਦਾ ਚੰਗਾ ਗਿਆਤਾ ਵੀ ਸੀ। ਮੈਕਾਲਿਫ਼ ਦੇ ਅਕਾਦਮਿਕ ਸਲਾਹਕਾਰਾਂ ਵਿੱਚ ਪ੍ਰੋ. ਗੁਰਮੁਖ ਸਿੰਘ ਵੀ ਸ਼ਾਮਿਲ ਸੀ। ਮੈਕਾਲਿਫ਼ ਦੀ ਪ੍ਰੇਰਨਾ ਅਤੇ ਅਗਵਾਈ ਵਿੱਚ ਪ੍ਰੋ. ਗੁਰਮੁਖ ਸਿੰਘ ਨੇ ਪਹਿਲੀ ਵਾਰ 1885 ਵਿੱਚ ਇਸ ਜਨਮ ਸਾਖੀ ਨੂੰ ਵਿਧੀਵੱਤ ਸੰਪਾਦਿਤ ਕਰਕੇ ਛਪਵਾਇਆ। ਪ੍ਰੋ. ਗੁਰਮੁਖ ਸਿੰਘ ਦੇ ਇਸ ਜਨਮ ਸਾਖੀ ਦੀ ਭੂਮਿਕਾ ਵਿੱਚ ਇਸ ਦੇ ਰਚਨਾਕਾਰ ਅਤੇ ਰਚਨਾ ਕਾਲ ਵੱਲ ਵੀ ਸੰਕੇਤ ਕੀਤੇ ਹਨ ਅਤੇ ਕੁਝ ਹੋਰ ਜਨਮ ਸਾਖੀਆਂ ਦੀ ਦੱਸ ਵੀ ਪਾਈ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੰਪਾਦਿਤ ਅਤੇ ਬਿਨਾਂ ਸੰਪਾਦਨਾ ਦੇ ਇਸ ਜਨਮ ਸਾਖੀ ਦਾ ਪ੍ਰਕਾਸ਼ਨ ਜਾਰੀ ਰਿਹਾ। ਮੈਕਾਲਿਫ਼ ਦੀ ਨਿਗਰਾਨੀ ਜਾਂ ਅਗਵਾਈ, ਜਿਸ ਨੂੰ ਪ੍ਰੋ. ਗੁਰਮੁਖ ਸਿੰਘ ਨੇ ਸਵੀਕਾਰਿਆ ਵੀ ਹੈ, ਵਿਚੋਂ ਇਸ ਜਨਮ ਸਾਖੀ ਨੂੰ ਮੈਕਾਲਿਫ਼ ਵਾਲੀ ਜਨਮ ਸਾਖੀ ਦਾ ਵੀ ਨਾਂਅ ਪ੍ਰਾਪਤ ਹੋਇਆ। ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਤੋਂ ਬਾਅਦ ਇਸ ਜਨਮ ਸਾਖੀ ਦੇ ਹੋਰ ਉਤਾਰੇ ਅਤੇ ਹੋਰ ਜਨਮ ਸਾਖੀਆਂ ਵੀ ਪ੍ਰਕਾਸ਼ ਵਿੱਚ ਆ ਗਈਆਂ, ਜੋ ਇਨ੍ਹਾਂ ਮਸਲਿਆਂ ਵੱਲ ਉਨ੍ਹਾਂ ਨੇ ਸੰਕੇਤ ਕੀਤੇ ਸਨ, ਭਾਈ ਵੀਰ ਸਿੰਘ ਨੇ (1926 ਈ.) ਇਨ੍ਹਾਂ ਬਾਰੇ ਖੁੱਲ੍ਹ ਕੇ ਬਹਿਸ ਕੀਤੀ। ਇਸ ਰਚਨਾ ਵਿੱਚ ਆਏ ਕਾਲਖੰਡਾਂ, ਸਾਖੀਆਂ ਦੀ ਥੋੜ੍ਹੀ ਗਿਣਤੀ ਅਤੇ ਹੋਰ ਕਈ ਤੱਥਾਂ ਕਰਕੇ ਭਾਈ ਵੀਰ ਸਿੰਘ ਇਸ ਜਨਮ ਸਾਖੀ ਨੂੰ 'ਪੁਰਾਤਨ' ਦਾ ਨਾਂਅ ਜਾਂ ਵਿਸ਼ੇਸ਼ਣ ਦੇ ਦਿੰਦੇ ਹਨ। ਇਥੇ ਇਹ ਸੰਕੇਤ ਕਰਨਾ ਜ਼ਰੂਰੀ ਹੈ ਕਿ 'ਪੁਰਾਤਨ' ਸ਼ਬਦ ਇਸ ਜਨਮ ਸਾਖੀ ਦੇ ਨਾਂਅ ਦਾ ਹਿੱਸਾ ਬਿਲਕੁਲ ਨਹੀਂ, ਸਗੋਂ ਇਹ ਭਾਈ ਜੀ ਦੁਆਰਾ ਦਿੱਤਾ ਗਿਆ ਨਾਂਅ ਹੈ। ਅੱਜ ਭਾਵੇਂ ਇਹ ਜਨਮ ਸਾਖੀ ਪੁਰਾਤਨ ਜਨਮ ਸਾਖੀ ਕਰਕੇ ਹੀ ਪ੍ਰਸਿੱਧ ਹੈ ਅਤੇ ਕਈ ਯੂਨੀਵਰਸਿਟੀਆਂ ਵਿਚ ਪਾਠ-ਪੁਸਤਕ ਵਜੋਂ ਪੜ੍ਹੀ-ਪੜ੍ਹਾਈ ਵੀ ਜਾਂਦੀ ਹੈ, ਪਰ ਇਹ ਇਸ ਦਾ ਅਸਲ ਨਾਂਅ ਨਹੀਂ। ਆਧੁਨਿਕ ਯੁੱਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਿੰਨੀਆਂ ਵੀ ਜੀਵਨੀਆਂ ਲਿਖੀਆਂ ਗਈਆਂ, ਉਨ੍ਹਾਂ ਵਿੱਚ ਪੁਰਾਤਨ ਜਨਮ ਸਾਖੀ ਇੱਕ ਆਧਾਰ ਗ੍ਰੰਥ ਵਜੋਂ ਕੰਮ ਆਉਂਦੀ ਹੈ। ਇਸ ਵਿੱਚ ਆਏ 57 ਚਿੱਤਰਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਉਨ੍ਹਾਂ ਵਿੱਚ ਵਰਤੇ ਗਏ ਮੂਲ ਰੰਗਾਂ ਅਤੇ ਅਕਾਰਾਂ ਵਿੱਚ 'ਗੁਰੂ ਨਾਨਕ ਚਿਤਰਾਵਲੀ' ਨਾਂਅ ਹੇਠ ਛਾਪਿਆ ਹੈ। ਇਨ੍ਹਾਂ ਹੀ ਚਿੱਤਰਾਂ ਨੂੰ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੀ ਪਹਿਲੀ ਬਿਲਡਿੰਗ ਵਿੱਚ ਮੂਰਤੀਮਾਨ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸੰਬੰਧੀ ਲਿਖੀਆਂ ਗਈਆਂ ਕਈ ਪੁਸਤਕਾਂ ਅਤੇ ਲੇਖਾਂ ਵਿੱਚ ਇਨ੍ਹਾਂ ਚਿੱਤਰਾਂ ਦੀ ਖੁੱਲ੍ਹ ਕੇ ਹੋਈ ਵਰਤੋਂ ਵੀ ਵੇਖੀ ਜਾ ਸਕਦੀ ਹੈ।


ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਸਮੇਂ ਭਾਵੇਂ ਹਿੰਦੁਸਤਾਨ ਦਾ ਬਹੁਤਾ ਹਿੱਸਾ ਮੁਸਲਮਾਨ ਰਾਜ ਹੇਠ ਸੀ ਪਰ ਅਸਲ ਵਿੱਚ ਸਾਰਾ ਦੇਸ਼ ਕਈ ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਸੂਬੇ ਆਪਣੀ ਥਾਂ ਖੁਦ ਮੁਖਤਿਆਰ ਸਨ। ਧਰਮ -ਯੁੱਧ ਬਹਾਨੇ ਦੂਸਰੇ ਧਰਮਾਂ ਵਿਰੁੱਧ ਅੱਤਿਆਚਾਰ ਅਤੇ ਜ਼ੁਲਮ ਢਾਹੇ ਜਾਂਦੇ ਸਨ। ਇਸ ਤਰਾਂ ਰਾਜਨੀਤਿਕ , ਭਾਈਚਾਰਕ ਤੇ ਧਾਰਮਿਕ ਹੱਕਾਂ ਦੇ ਪੱਖ ਤੋਂ ਹਿੰਦੂਆਂ ਦੀ ਦਸ਼ਾ ਬੜੀ ਭੈੜੀ ਸੀ। ਭਾਰਤ ਵਰਸ਼ ਵਹਿਮਾਂ ਭਰਮਾਂ ਤਅੱਸਬ ਵੈਰ ਵਿਰੋਧ ਦਾ ਸ਼ਿਕਾਰ ਸੀ। ਲੋਕ ਢਹਿੰਦੀ ਕਲਾ ਵੱਲ ਜਾ ਰਹੇ ਸਨ। ਰੋਜ਼ਾਨਾ ਜੀਵਨ ਵਿੱਚ ਨਿਘਾਰ ਆ ਚੁੱਕਾ ਸੀ। ਲੋਕ ਜ਼ੁਲਮ ਅਤੇ ਪਾਪ ਹੇਠ ਪਿਸ ਰਹੇ ਸਨ। ਉਹਨਾਂ ਦਾ ਕੋਈ ਰਹਿਬਰ ਨਹੀਂ ਸੀ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਲੁੱਟ ਰਹੇ ਸਨ। ਰਾਜਨੀਤਿਕ ਲੋਟੂ ਟੋਲਾ ਵੀ ਹਾਵੀ ਸੀ। ਲੋਕ ਉਸ ਵੇਲੇ ਦੇ ਪ੍ਰਚਲਤ ਧਰਮਾਂ ਤੋਂ ਨਿਰਾਸ਼ ਸਨ। ਆਮ ਜਨਤਾ ਨੂੰ ਆਸ ਸੀ ਕਿ ਕੋਈ ਸੂਰਮਾ ਮੁਕਤੀ ਦਾਤਾ ਉਠੇਗਾ, ਜਿਹੜਾ ਦੱਬੇ ਕੁਚਲੇ ਲਿਤਾੜੇ ਮੰਦ ਭਾਗੇ ਲੋਕਾਂ ਮਨੁੱਖਤਾ ਦੇ ਵੈਰੀਆਂ ਤੋਂ ਛਡਾਏਗਾ। ਜੋ ਜਾਬਰ ਜਰਵਾਣਿਆਂ ਨੂੰ ਵੰਗਾਰੇਗਾ। ਉਹ ਮਹਾਨ ਸ਼ਖ਼ਸੀਅਤ ਗੁਰੂ ਨਾਨਕ ਦੇਵ ਸਾਹਿਬ ਜੀ ਹੀ ਤਾਂ ਸਨ, ਜਿਨ੍ਹਾਂ ਸਿੱਖ ਕੌਮ ਦੀ ਘਾੜਤ ਘੜੀ। ਜਿਨ੍ਹਾਂ ਸਿੱਖ ਧਰਮ ਦੀ ਨੀਂਹ ਰੱਖੀ।

ਪੰਜਾਬ ਵਿੱਚ ਕੂੜ ਅਮਾਵਸ ਦੀ ਹਨੇਰੀ ਸੀ। ਤਦ ਹੀ ਗੁਰੂ ਸਾਹਿਬ ਭਾਈਚਾਰਕ ਧਾਰਮਿਕ ਤੇ ਰਾਜਸੀ ਜਬਰ ਦੇ ਦੇਸ਼ ਵਿੱਚ ਅਜ਼ਾਦੀ ਤੇ ਬਰਾਬਰੀ ਦਾ ਪੈਗੰਬਰ ਹੋ ਕੇ ਵਿਚਰੇ। ਈਰਖਾ ਅਤੇ ਪਾਟੋ ਧਾਪ ਦੇ ਸਮੇਂ ਅਮਨ ਤੇ ਮ੍ਰਿਤਤਾਈ ਦਾ ਸੁਨੇਹਾ ਲੈ ਕੇ ਆਏ। ਅਜਿਹੇ ਸੂਰਮਿਆਂ ਦੀ ਕੌਮ ਦੀ ਨੀਂਹ ਰੱਖੀ, ਜਿਸ ਨੇ ਜ਼ਾਲਮਾਂ ਦਾ ਨਾਸ ਕੀਤਾ। ਜਾਤ ਪਾਤ ਤੋਂ ਉਪਰ ਉੱਠ ਕੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ।

ਪੰਦ੍ਹਰਵੀਂ ਸਦੀ ਵਿੱਚ ਕੱਤਕ ਦੀ ਪੂਰਨਮਾਸੀ 1469 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ ਪਿੰਡ ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖ਼ੂਪੁਰਾ ਪਾਕਿਸਤਾਨ, ਜਿਸ ਨੂੰ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਉਂ ਮਹਿਤਾ ਕਾਲੂ ਜੀ ਸੀ, ਜੋ ਲੇਖਾਕਾਰ ਦਾ ਕੰਮ ਕਰਦੇ ਸਨ। ਮਾਤਾ ਤ੍ਰਿਪਤਾ ਧਾਰਮਿਕ ਵਿਚਾਰਾਂ ਦੇ ਸਨ। ਆਪ ਜੀ ਤੋਂ ਪੰਜ ਸਾਲ ਵੱਡੀ ਭੈਣ ਬੇਬੇ ਨਾਨਕੀ ਜੀ ਸਨ।

ਆਪ ਬਚਪਣ ਤੋਂ ਹੀ ਅਧਿਆਤਮਕ ਵਿਚਾਰਾਂ ਦੇ ਸਨ। ਡੂੰਘੇ ਚਿੰਤਕ ਅਤੇ ਤਰਕਸ਼ੀਲ ਸੋਚ ਦੇ ਮਾਲਕ ਸਨ। ਉਹਨਾਂ ਦੇ ਗਿਆਨ ਤੋਂ ਉਹਨਾਂ ਦੇ ਅਧਿਆਪਕ ਵੀ ਹੈਰਾਨ ਹੋਏ ਸਨ। 16 ਸਾਲ ਦੀ ਉਮਰ ਤਕ ਆਪ ਜੀ ਨੇ ਸੰਸਕ੍ਰਿਤ, ਫਾਰਸੀ ਅਤੇ ਹਿੰਦੀ ਦੇ ਨਾਲ ਧਾਰਮਿਕ ਗ੍ਰੰਥਾਂ ਦੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰ ਲਈ ਸੀ। ਉਹਨਾਂ ਲਿਖਣਾ ਵੀ ਸ਼ੁਰੂ ਕਰ ਦਿੱਤਾ ਸੀ। ਦਫ਼ਤਰੀ ਕੰਮ ਕਾਜ ਵੀ ਸਿੱਖ ਲਿਆ ਸੀ।

ਸੰਨ 1487 ਵਿੱਚ ਆਪ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ। ਆਪ ਦੇ ਦੋ ਸਪੁੱਤਰ ਸ੍ਰੀ ਚੰਦ ਅਤੇ ਲਖਣੀ ਚੰਦ ਸਨ। ਬਚਪਨ ਦੇ ਮਿੱਤਰ ਭਾਈ ਮਰਦਾਨਾ ਜੀ ਮੁਸਲਮਾਨ ਸਨ, ਉਹਨਾਂ ਨਾਲ ਪਰਵਾਰ ਸਮੇਤ ਸੁਲਤਾਨਪੁਰ ਲੋਧੀ ਚਲੇ ਗਏ ਸਨ। ਉਥੋਂ ਦੇ ਨਵਾਬ ਕੋਲ ਸਰਕਾਰੀ ਰਾਸ਼ਨ ਦਾ ਮੋਦੀਖਾਨਾ ਸੀ। ਆਪ ਜੀ ਨੇ ਉਸ ਕੋਲ ਮੋਦੀ ਦੀ ਨੌਕਰੀ ਕਰ ਲਈ। ਸਵੇਰ ਸ਼ਾਮ ਉਹਨਾਂ ਨੇ ਰਬਾਬੀ ਮਰਦਾਨਾ ਨਾਲ ਸ਼ਬਦ ਗਾਇਨ ਦਾ ਨਿਯਮ ਬਣਾ ਲਿਆ ਸੀ। ਗੁਰੂ ਸਾਹਿਬ ਜੀ ਨੇ 1497 ਵਿੱਚ ਵੇਈਂ ਨਦੀ ’ਤੇ ਇਸ਼ਨਾਨ ਕਰਦਿਆਂ, ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਜੀਵਨ ਦਾ ਅਗਲਾ ਪੜਾਅ ਸ਼ੁਰੂ ਕੀਤਾ। ਆਪਣੇ ਸਿੱਖੀ ਸਿੱਧਾਂਤ ਦਾ ਪ੍ਰਚਾਰ ਸਾਰੇ ਸੰਸਾਰ ਵਿੱਚ ਕੀਤਾ। ਸੰਨ 1497-1521 ਤਕ ਚਾਰ ਯਾਤਰਾਵਾਂ ਕੀਤੀਆਂ। ਜਿਸ ਵਿੱਚ ਦੂਰ ਦੁਰਾਡੇ ਦੇ ਖਿੱਤਿਆਂ ਦਾ ਭਰਮਣ ਕੀਤਾ। ਵਿਚਾਰ ਗੋਸ਼ਟੀਆਂ ਦਾ ਆਰੰਭ ਕੀਤਾ। ਧਰਮ ਸ਼ਾਸਤਰੀਆਂ, ਵਿਦਵਾਨ, ਪੰਡਤਾਂ, ਮੁੱਲਾਂ , ਸਿੱਧਾਂ ਨਾਥ ਯੋਗੀਆਂ, ਸੈਂਣ ਅਤੇ ਜਨਮਾਨੀਆਂ ਆਦਿ ਨਾਲ ਚਰਚਾਵਾਂ ਕੀਤੀਆਂ। ਕ੍ਰਮਵਾਰ ਪੂਰਬ, ਦੱਖਣ , ਉੱਤਰ ਅਤੇ ਪੱਛਮ ਵਿੱਚ 30,000 ਕਿਲੋਮੀਟਰ ਦੇ ਸਫ਼ਰ ਵਿੱਚ ਭਾਰਤ ਦੱਖਣੀ ਏਸ਼ੀਆ, ਤਿੱਬਤ ਅਤੇ ਅਰਬ ਦੇਸ਼ਾਂ ਦਾ ਪੈਂਡਾ ਤਹਿ ਕੀਤਾ। ਉਹਨਾਂ ਨਾਲ ਰਬਾਬੀ ਮਰਦਾਨਾ ਅਤੇ ਬਾਲਾ ਜੀ ਵੀ ਸਨ। ਵੇਈਂ ਨਦੀ ਤੋਂ ਉਹਨਾਂ ਦਾ ਪਹਿਲਾ ਉਪਦੇਸ਼ ਸੀ ਕਿ ਨਾ ਤਾਂ ਕੋਈ ਪੂਰਾ ਹਿੰਦੂ ਹੈ ਅਤੇ ਨਾ ਹੀ ਕੋਈ ਪੂਰਾ ਮੁਸਲਮਾਨ ਹੈ। ਨਿਖੇੜਵਿਆਂ ਵਿੱਚ ਦੋਨੋਂ ਦੁਬਿਧਾ ਵਿੱਚ ਹਨ। ਉਹਨਾਂ ਵਿਸ਼ਵ ਭਾਈਚਾਰੇ ਵਿੱਚ ਸਾਂਝੀਵਾਲਤਾ ਦਾ ਉਦੇਸ਼ ਦਿੱਤਾ। ਲੋਕਾਂ ਵਿੱਚ ਦੂਰੀਆਂ ਖਤਮ ਹੋਈਆਂ। ਗੁਰੂ ਸਾਹਿਬ ਜੀ ਦੇ ਦਸੇ ਸਰਬ ਸਾਂਝੇ ਮਾਰਗ ’ਤੇ ਚੱਲਣ ਲਈ ਵੱਡੀ ਗਿਣਤੀ ਵਿੱਚ ਹਿੰਦੂ ਮੁਸਲਮਾਨ ਵੀ ਗੁਰੂ ਜੀ ਦਾ ਉਪਦੇਸ਼ ਸਰਵਣ ਕਰਨ ਪੁੱਜਣ ਲੱਗੇ। ਗੁਰਾਂ ਨੇ ਕਿਹਾ ਕਿ ਹਰ ਇਨਸਾਨ ਪਹਿਲਾਂ ਇੱਕ ਇਨਸਾਨ ਹੈ ? ਫਿਰ ਹਿੰਦੂ ਜਾਂ ਮੁਸਲਮਾਨ ਹੈ।

ਜਾਤ ਪਾਤ, ਛੂਤ ਛਾਤ ਨੂੰ ਖਤਮ ਕਰਨ ਲਈ ਉਹਨਾਂ ਨੇ ਸਾਂਝੇ ਗੁਰੂ ਕੇ ਲੰਗਰਾਂ ਦੀ ਪ੍ਰਥਾ ਚਲਾਈ। ਜਿਥੇ ਹਰ ਫਿਰਕੇ ਦੇ ਲੋਕ ਬਿਨਾਂ ਭੇਦਭਾਵ ਇੱਕ ਪੰਗਤ ਵਿੱਚ ਮਿਲ ਬੈਠ ਕੇ ਗੁਰੂ ਕਾ ਲੰਗਰ ਛਕਦੇ ਸਨ। ਗੁਰਾਂ ਨੇ ਕਿਹਾ ਕਿ ਜਾਤ ਪਾਤ ਦਾ ਵਿਤਕਰਾ ਇੱਕ ਸਮਾਜਿਕ ਬੁਰਾਈ ਹੈ। ਜੋ ਸਮਾਜ ਨੂੰ ਕਮਜ਼ੋਰ ਕਰਦੀ ਹੈ। ਉਹਨਾਂ ਸ਼ਾਹ ਸਰਪ ਨੂੰ ਦੱਸਿਆ ਕਿ ਜੋ ਇਨਸਾਨ ਨੂੰ ਪਿਆਰ ਕਰਦੇ ਹਨ, ਉਹ ਹੀ ਸੰਸਾਰ ਵਿੱਚ ਸਫਲ ਰਹਿੰਦੇ ਹਨ। ਗੁਰਾਂ ਨੇ ਗ੍ਰਹਿਸਥ ਜੀਵਨ ਨੂੰ ਵੱਡੀ ਪਹਿਲ ਦਿੱਤੀ। ਗ੍ਰਹਿਸਥ ਨੂੰ ਜੀਵਨ ਦਾ ਧੁਰਾ ਦੱਸਿਆ। ਗੁਰਾਂ ਨੇ ਤਿਆਗ ਦੇ ਮਾਰਗ ਨੂੰ ਰੱਦ ਕੀਤਾ। ਇਮਾਨਦਾਰ ਆਚਰਣ ਤੇ ਘਰੇਲੂ ਪਰਵਾਰਕ ਜੀਵਨ ਨੂੰ ਜੀਵਨ ਦਾ ਧੁਰਾ ਦੱਸਿਆ। ਗੁਰਾਂ ਨੇ ਤਿਆਗ ਦੇ ਮਾਰਗ ਨੂੰ ਰੱਦ ਕੀਤਾ। ਇਮਾਨਦਾਰ ਆਚਰਣ ਤੇ ਘਰੇਲੂ ਪਰਵਾਰਕ ਜੀਵਨ ’ਤੇ ਜੋਰ ਦਿੱਤਾ। ਉਹਨਾਂ ਯੋਗੀਆਂ ਨੂੰ ਕਿਹਾ ਕਿ ਉਹ ਘੋਰ ਤਪ ਤਿਆਗ ਤੋਂ ਨਿਕਲ ਕੇ ਲੋਕ ਭਲਾਈ ਦਾ ਕੰਮ ਕਰਨ। ਇਨਸਾਨ ਦੀ ਭਲਾਈ ਅਤੇ ਸਮਾਜਿਕ ਮਜ਼ਬੂਤੀ ਲਈ ਨਾਮ ਜਪੋ, ਕ੍ਰਿਤ ਕਰੋ ਤੇ ਵੰਡ ਦੇ ਛਕੋ। ਸੇਵਾ ਜੀਵਨ ਦਾ ਅਨਿੱਖੜਵਾਂ ਅੰਗ ਹੈ। ਗੁਰਾਂ ਨੇ ਬੇਗਰਜ਼ ਸੇਵਾ ’ਤੇ ਜੋਰ ਦਿੱਤਾ। ਸੇਵਾ ਨੂੰ ਜੀਵਨ ਮੁਕਤੀ ਨਾਲ ਜੋੜ ਦਿੱਤਾ। ਪਵਿੱਤਰ ਜੀਵਨ ਜਿਉਣ ਲਈ ਸੁਆਰਥ ਛੱਡੋ । ਭਾਣੇ ਵਿੱਚ ਰਹੋ। ਦਯਾਵਾਨ ਬਣੋ, ਦਾਨ ਕਰੋ। ਸੱਚ ’ਤੇ ਪਹਿਰਾ ਦੇਵੋ। ਰੱਬ ਇੱਕ ਹੈ ਉਸ ਦੀ ਰਜਾ ਵਿੱਚ ਰਹੋ। ਰੱਬ ਨਾਲ ਸਿੱਧਾ ਰਾਬਤਾ ਬਣਾਓ। ਕਿਸੇ ਵਿਚੋਲੇ ਜਾਂ ਝੂਠੇ ਕਰਮ ਕਾਂਡ ਦੀ ਰੱਬੀ ਦੀ ਪ੍ਰਾਪਤੀ ਵਿੱਚ ਕੋਈ ਲੋੜ ਨਹੀਂ ਹੈ।

ਵਹਿਮਾਂ ਭਰਮਾਂ ਦਾ ਖੰਡਨ ਕਰਕੇ ਗੁਰਾਂ ਨੇ ਉਪਦੇਸ਼ ਦਿੱਤਾ ਕਿ ਕੂੜ ਦੀ ਕੰਧ ਢਾਉਣ ਲਈ ਕੇਵਲ ਅਕਾਲ ਪੁਰਖ ’ਤੇ ਭਰੋਸਾ ਰੱਖੋ। ਅਕਾਲ ਪੁਰਖ ਦੀ ਉਸਤਤ ਕਰੋ, ਪਰਮਾਤਮਾ ਦੀ ਨਿਰੰਤਰ ਭਗਤੀ ਅਤੇ ਪਰਮਾਤਮਾ ਨੂੰ ਹਮੇਸ਼ਾ ਯਾਦ ਰੱਖੋ। ਗੁਰਾਂ ਨੇ ਮੁਗਲ ਸ਼ਾਸਕਾਂ ਦੀ ਧਰਮ ਤੰਤਰ ਦੀ ਨਿਖੇਧੀ ਕੀਤੀ। ਇਸਤਰੀ ਨੂੰ ਸਮਾਜ ਵਿੱਚ ਮਾਣ ਦੇਣ ਲਈ ਇਸਤਰੀ ਦਾ ਸਤਿਕਾਰ ਕਰੋ। ਇਸਤਰੀ ਹੀ ਹੈ ਜਿਸ ਨਾਲ ਜਗਤ ਦੀ ਉਤਪਤੀ ਹੁੰਦੀ ਹੈ, ਜਿਸ ਤੋਂ ਰਾਜੇ ਵੀ ਜਨਮ ਲੈਂਦੇ ਹਨ। ਉਹਨਾਂ ਨੂੰ ਮੰਦਾ ਆਖਣਾ ਠੀਕ ਨਹੀਂ

‘ਸੋ ਕਿਉਂ ਮੰਦਾ ਆਖੀਐ ਜਿੱਤੁ ਜੰਮਹਿ ਰਾਜਾਨ ॥’

ਗੁਰੂ ਨਾਨਕ ਦੇਵ ਜੀ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰਾ ਬਣਾਉਣਾ , ਫਿਰਕਾ ਪ੍ਰਸਤੀ ਨੂੰ ਤੋੜਨਾ, ਵਹਿਮਾਂ, ਭਰਮਾਂ ਨੂੰ ਦੂਰ ਕਰਕੇ ਹਿਰਦਾ ਸਾਫ਼ ਰੱਖਣਾ, ਗੁਰਾਂ ਦੇ ਉਪਦੇਸ਼ ਵਿੱਚ ਝੂਠੀਆਂ ਰੀਤ ਰਸਮਾਂ ਦੀ ਕੋਈ ਥਾਂ ਨਹੀਂ ਹੈ। ਉਹਨਾਂ ਦੇ ਧਰਮ ਸੰਕਲਪ ਵਿੱਚ ਲੋਕਾਂ ਦਾ ਰੱਬ ਵਿੱਚ ਵਿਸ਼ਵਾਸ ਜਗਾਉਣਾ ਹੈ। ਉਹਨਾਂ ਨੂੰ ਡੂੰਘੀ ਵਿਚਾਰ ਤੇ ਰੂਹਾਨੀਅਤ ਨਾਲ ਮਨੁੱਖਤਾ ਨੂੰ ਸੱਚ ਧਰਮ ਦਾ ਗਿਆਨ ਕਰਵਾਇਆ ਹੈ। ਆਤਮ ਨਿਰਭਰ ਅਤੇ ਸਵੈ ਮਾਣ ਦਾ ਜੀਵਨ ਜਿਉਣ ਦੇ ਯੋਗ ਬਣਾਇਆ ਹੈ। ਗਰੀਬ ਦੱਬੇ ਕੁਚਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਹਨ। ਉਹਨਾਂ ਦਾ ਉਪਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ।

ਭਾਈ ਲਹਿਣਾ ਜੀ ਗੁਰੂ ਸਾਹਿਬ ਅਤੇ ਸੰਗਤ ਦੀ ਸੇਵਾ ਵਿੱਚ ਰਹੇ। ਗੁਰੂ ਸਾਹਿਬ ਜੀ ਨੇ ਉਹਨਾਂ ਦੀ ਅਣਥੱਕ ਸੇਵਾ ਤੋਂ ਪ੍ਰਸੰਨ ਹੋ ਕੇ ਭਾਈ ਲਹਿਣਾ ਜੀ ਨੂੰ ਅੰਗਦ ਦਾ ਨਾਉਂ ਦੇ ਕੇ ਸੰਨ 1539 ਵਿੱਚ ਸਿੱਖਾਂ ਦੇ ਦੂਸਰੇ ਗੁਰੂ ਥਾਪ ਦਿੱਤਾ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ 974 ਪਦੇ 19 ਰਾਗਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਬਾਣੀ ਦੇ ਰੂਪ ਵਿੱਚ ਜਪੁਜੀ ਸਾਹਿਬ, ਆਸਾ ਦੀ ਵਾਰ, ਬਾਰਾਂ ਮਾਹ, ਸਿੱਧ ਗੋਸਟਿ ਅਤੇ ਦੱਖਣੀ ਉਂਕਾਰ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਬਾਅਦ ਸਿੱਖ ਗੁਰੂਆਂ ਨੇ ਆਪਣੀ ਪਵਿੱਤਰ ਬਾਣੀ ਦਰਜ ਕਰਵਾਉਂਦੇ ਹੋਏ। ਆਪਣੇ ਆਪ ਦੀ ਪਛਾਨ ਗੁਰੂ ਨਾਨਕ ਵਜੋਂ ਜਾਰੀ ਰੱਖੀ। ਇਸ ਤਰ੍ਹਾਂ ਸਾਰੇ ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਗਿਆਨ ਨੂੰ ਹੋਰ ਪਰਪੱਕ ਅਤੇ ਪ੍ਰਚੰਡ ਕੀਤਾ। ਜੋ ਸੰਕਲਪ ਧਰਮ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰਿਆ ਗਿਆ ਸੀ।

ਵੱਖ ਵੱਖ ਧਰਮਾਂ ਅਤੇ ਪ੍ਰੰਪਰਾਵਾਂ ਦੇ ਲੋਕ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਤਿਗੁਰੂ ਨਾਨਕ, ਬਾਬਾ ਨਾਨਕ, ਨਾਨਕ ਸ਼ਾਹ ਫਕੀਰ, ਨਾਨਕ ਕਲੰਧਰ ਦੇ ਰੂਪ ਵਿੱਚ ਸਤਿਕਾਰ ਨਾਲ ਉਹਨਾਂ ਦੇ ਗੁਣ ਗਾਉਂਦੇ ਹਨ। ਉਹਨਾਂ ਦੀ ਸ਼ਖਸੀਅਤ ਦੇ ਗੁਣ ਨਹੀਂ ਗਾਏ ਜਾ ਸਕਦੇ, ਬੇਅੰਤ ਹਨ। “ ਅਨੰਤ ਕਲਾ ਸੰਪੂਰਨ ਫਲਿਆ। ”

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਚੌਥੀ ਉਦਾਸੀ ਤੋਂ ਬਾਅਦ 1522 ਵਿੱਚ ਰਾਵੀ ਦੇ ਕੰਢੇ ਕਰਤਾਰਪੁਰ ਨਗਰ ਵਸਾਇਆ, ਪਿਛਲੀ ਉਮਰ ਦੇ 18 ਸਾਲ ਉਹ ਪਰਵਾਰ ਸਮੇਤ ਰਹੇ। ਉਹਨਾਂ ਕਿਰਸਾਨੀ ਜੀਵਨ ਬੜੀ ਮਿਹਨਤ ਅਤੇ ਇਮਾਨਦਾਰੀ ਨਾਲ ਗੁਜ਼ਾਰਿਆ। ਉਹ ਵਿਆਪਕ ਰੂਪ ਵਿੱਚ ਪ੍ਰਸਿੱਧ ਹੋ ਗਏ ਸਨ। ਉਹਨਾਂ ਨੇ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਉਹਨਾਂ ਮਨੁੱਖਤਾ ਨੂੰ ਪਿਆਰ ਦਾ ਮਾਰਗ ਦਰਸ਼ਨ ਦਿੱਤਾ। ਸਿੱਖ ਹਿੰਦੂ ਅਤੇ ਮੁਸਲਮਾਨਾਂ ਨੇ ਉਹਨਾਂ ਨੂੰ ਏਨਾ ਸਤਿਕਾਰ ਦਿੱਤਾ ਕਿ ਪੈਗੰਬਰ ਮਨ ਲਿਆ। ਉਹ ਸਾਰੇ ਸ਼ਰਧਾਲੂ ਦੂਰ ਦੂਰ ਤੋਂ ਗੁਰੂ ਸਾਹਿਬ ਜੀ ਦਾ ਉਪਦੇਸ਼ ਸਰਵਣ ਕਰਨ ਆਉਂਦੇ। ਉਹਨਾਂ ਧਰਮਸ਼ਾਲਾ ਦੇ ਨਾਲ ਲੰਗਰਾਂ ਦੀ ਪ੍ਰਥਾ ਨੂੰ ਬਕਾਇਦਾ ਪ੍ਰਚਲਤ ਕੀਤਾ। ਸੰਗਤਾਂ ਪੰਗਤ ਵਿੱਚ ਬੈਠ ਕੇ ਇਕੱਠੇ ਗੁਰੂ ਕੇ ਲੰਗਰ ਛਕਦੀਆਂ। ਗੁਰੂ ਸਾਹਿਬ ਜੀ ਦਾ ਪ੍ਰਚਾਰ ਘਰ ਘਰ ਹੋਣ ਲੱਗਾ। ਭਾਈ ਗੁਰਦਾਸ ਜੀ ਅਨੁਸਾਰ ‘ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ’।

ਸੰਨ 1523 ਵਿੱਚ ਭਾਈ ਲਹਿਣਾ ਜੀ ਗੁਰੂ ਦੇ ਦਰ ’ਤੇ ਆਏ। ਸਿੱਖੀ ਦੀ ਦਾਤ ਪ੍ਰਾਪਤ ਕਰਕੇ ਪੂਰਨ ਸ਼ਰਧਾ ਪ੍ਰੇਮ ਨਾਲ ਸੇਵਾ ਕਰਨ ਲੱਗੇ। ਜੂਨ 14, 1539 ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਸੰਭਾਲਣ ਲਈ ਨਾਮਜ਼ਦ ਕੀਤਾ। ਉਹਨਾਂ ਨੂੰ ਗੁਰੂ ਸਾਹਿਬ ਜੀ ਨੇ ਖਡੂਰ ਸਾਹਿਬ ਟਿਕਣ ਦੀ ਆਗਿਆ ਦਿੱਤੀ। ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਦਿਨ ਸੋਮਵਾਰ ਗੁਰੂ ਸਾਹਿਬ ਜੋਤਿ ਜੋਤ ਸਮਾ ਗਏ। ਹਿੰਦੂ ਅਤੇ ਮੁਸਲਮਾਨ ਬਰਾਬਰ ਤੌਰ ’ਤੇ ਗੁਰੂ ਸਾਹਿਬ ਦੇ ਸ਼ਰਧਾਲੂ ਸਨ।

ਸਿੱਖ ਹਿੰਦੂ ਅਤੇ ਮੁਸਲਮਾਨ ਅੰਤਿਮ ਕਿਰਿਆ ਆਪਣੀ ਸ਼ਰਧਾ ਅਨੁਸਾਰ ਕਰਨਾ ਚਾਹੁੰਦੇ ਸਨ। ਇਸ ਲਈ ਹਿੰਦੂਆਂ ਵੱਲੋਂ ਸਮਾਧੀ ਯਾਦਗਾਰ ਬਣਾਈ ਗਈ। ਮੁਸਲਮਾਨਾਂ ਵੱਲੋਂ ਕਬਰ ਬਣਾਈ ਗਈ। ਪਾਕਿਸਤਾਨ ਪੰਜਾਬ ਰਾਵੀ ਦਰਿਆ ਦੇ ਪੱਛਮੀ ਕੰਢੇ ‘ਕੋਠੇ’ ਪਿੰਡ ਵਿੱਚ ਗੁਰਦੁਆਰਾ ਸੁਸੋਭਿਤ ਹੋਇਆ।

ਵੱਖ ਵੱਖ ਧਰਮਾਂ ਪ੍ਰੰਪਰਾਵਾਂ ਦੇ ਲੋਕ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਇੱਕ ਸਤਿਕਾਰ ਵਜੋਂ ਬਾਬਾ ਨਾਨਕ, ਨਾਨਕ ਸ਼ਾਹ ਫਕੀਰ, ਨਾਨਕ ਕਲੰਦਰ ਆਦਿ ਰੂਪ ਵਿੱਚ ਉਨ੍ਹਾਂ ਦੇ ਗੁਣ ਗਾਉਂਦੇ ਹਨ। ਉਹਨਾਂ ਦੀ ਸ਼ਖ਼ਸ਼ੀਅਤ ਦੇ ਗੁਣ ਗਾਏ ਨਹੀਂ ਜਾ ਸਕਦੇ।

ਅੰਤਿਕਾ : ਗੁਰੂ ਸਭ ਕੁਝ ਕਰਨਯੋਗ ਹੈ ਅ ਤੇ ਗੁਰੂ ਆਪਣੇ ਹੀ ਆਕਾਰ ਰਹਿਤ ਸਾਹਿਬ ਹੈ। ਗੁਰੂ ਬੁਲੰਦ, ਅਥਾਹ ਅਤੇ ਹਦਬੰਨਾ-ਰਹਿਤ ਹੈ। ਅਕਹਿ ਹੈ ਗੁਰਾਂ ਦਾ ਉਪਮਾ। ਆਖਣ ਵਾਲਾ ਕੀ ਆਖ ਸਕਦਾ ਹੈ ? ਅੰਗ : 52

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com
’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

WEBSITE DESIGN & DEVELOPMENT
Basic Web packages are available on comparatively economical rates we work as per your requirement and charge only according to work
Services
Web Development
Web Designing
Seo Services
Web Re-Design
Technical Support
Logo Design
ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ
ਈ ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
WMA WEB MEDIA ART
Mob: +91-8437636421
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ
webmediaart24@gmail.com www.Webmediaart.com

# ਰੂਹ ਦਾ ਰਿਸ਼ਤਾ

ਡਾ. ਹਰਨੇਕ ਸਿੰਘ ਕਲੇਰ

"ਕੀਹਨੂੰ ਫੋਨ ਕਰੀ ਜਾਨੈ ਬਾਪੂ ?"
"ਆਪਣੀ ਕੁੜੀ ਨੂੰ ਫੋਨ ਕਰਦਾਂ।"
"ਕਿਉਂ ?"
"ਮਿਲਣੈ ਉਹਨੂੰ। ਮਿਲਾ ਕੇ ਦੇ ਫੋਨ।"
"ਸ਼ਿਕਾਇਤਾਂ ਲਾਉਣੀਆਂ ਨੇ ਸਾਡੀਆਂ।"
"ਫੋਨ ਮਿਲਾ ਕੇ ਦੇਣ ਨੂੰ ਕਹਿੰਨਾ ਮੈਂ ਤੈਨੂੰ। ਆਪਣੀ ਧੀ ਨਾਲ ਗੱਲ ਨ੍ਹੀਂ ਕਰ ਸਕਦਾ ਮੈਂ ?" ਸੁੱਚਾ ਸਿੰਘ ਨੇ ਜੀਤ ਤੋਂ ਆਪਣਾ ਮੋਬਾਈਲ ਫੜਿਆ ਤੇ ਅੱਖਾਂ 'ਤੇ ਲਾਈ ਐਨਕ ਠੀਕ ਕਰਦਾ ਹੋਇਆ ਬਾਹਰ ਨੂੰ ਤੁਰ ਪਿਆ। ਉਹ ਆਪੇ ਨਾਲ ਗੱਲਾਂ ਕਰਦਾ ਤੁਰਿਆ ਜਾ ਰਿਹਾ ਸੀ।
"ਆਪਣੇ ਆਪ ਨੂੰ ਨਾਢੂ ਸਮਝਦੈ। ਕੰਮ ਦਾ ਡੱਕਾ ਨ੍ਹੀਂ ਤੋੜਨਾ। ਅਜੇ ਤਾਂ ਬੈਠਿਆਂ ਨੂੰ ਥੱਬਾ ਨੋਟਾਂ ਦਾ ਦਿੰਨਾ ਮੈਂ। ਚੌਂਤੀ ਸਾਲ ਨੌਕਰੀ ਕੀਤੀ ਐ। ਮੇਰੇ ਪੜ੍ਹਾਏ ਹੋਏ ਅਫ਼ਸਰ ਲੱਗੇ ਹੋਏ ਨੇ।"
ਤੁਰਦਾ-ਤੁਰਦਾ ਉਹ ਬਾਹਰਲੇ ਘਰ ਪਹੁੰਚ ਗਿਆ। ਉਸ ਨੂੰ ਦੇਖ ਕੇ ਮੱਝ ਰਿੰਗੀ। ਮੱਝ ਨੇ ਸਿਰ ਹਿਲਾਇਆ ਜਿਵੇਂ ਪੱਠੇ ਮੰਗਦੀ ਹੋਵੇ।
"ਬਾਲਟੀ ਲੈ ਕੇ ਹੇਠਾਂ ਬੈਠਣਾ ਆਉਂਦੈ। ਪੱਠੇ ਇਨ੍ਹਾਂ ਦਾ ਬਾਪ ਪਾਊ।"
ਸੁੱਚਾ ਸਿੰਘ ਨਿੰਮ ਕੋਲ ਜਾ ਖੜ੍ਹਿਆ। ਇਹ ਨਿੰਮ ਉਸ ਨੇ ਆਪਣੇ ਹੱਥੀਂ ਲਾਇਆ ਸੀ। ਆਪਣੇ ਪੁੱਤਾਂ ਵਾਂਗ ਪਾਲਿਆ ਸੀ ਇਹ ਨਿੰਮ। ਜੀਤ ਨੇ ਕਈ ਵਾਰੀ ਨਿੰਮ ਦਾ ਸੌਦਾ ਕੀਤਾ ਪਰ ਸੁੱਚਾ ਸਿੰਘ ਝੱਟ ਅੱਗੇ ਆ ਖੜ੍ਹਦਾ। ਅਖੇ, ਮੈਥੋਂ ਲੈ ਲਾ ਨੋਟ ਜਿੰਨੇ ਚਾਹੀਦੇ ਨੇ ਪਰ ਮੈਂ ਨਿੰਮ ਨਹੀਂ ਵੱਢਣ ਦੇਣਾ। ਧੀਆਂ ਪੁੱਤ ਤਾਂ ਹੁਣ ਨਾਂ ਦੇ ਈ ਐ। ਰਤਾ ਵਡੇਰੀ ਉਮਰ ਹੋਈ ਤਾਂ ਮੰਜਾ ਵਿਹਲਾ ਭਾਲਦੇ ਐ। ਸਹਿਜ ਸੁਭਾਅ ਹੀ ਉਸ ਦਾ ਸਿਰ ਨਿੰਮ ਨਾਲ ਜਾ ਲੱਗਿਆ। ਅੱਖਾਂ ਸਿੰਮ ਆਈਆਂ ਕਿ ਮੈਨੂੰ ਕੋਈ ਗੌਲਦਾ ਈ ਨ੍ਹੀਂ ਘਰ ਵਿੱਚ। ਮਹੀਨੇ ਦੀਆਂ ਪਹਿਲੀਆਂ ਤਰੀਕਾਂ ਵੇਲੇ ਜੀ ਜੀ ਹੁੰਦੀ ਐ।
"ਬਾਪੂ, ਤੂੰ ਏਥੇ ਕੀ ਕਰਦੈਂ ਨਿੰਮ ਕੋਲ ?"
"ਕੁਸ਼ ਨ੍ਹੀਂ ਪੁੱਤ... ਕੁਸ਼ ਨ੍ਹੀਂ, ਜੀਤੋ ਐ! ਤੂੰ ਕਦ ਆਈ ਸਹੁਰਿਆਂ ਤੋਂ। ਮੈਂ ਤਾਂ ਯਾਦ ਕਰਦਾ ਸੀ। ਫੋਨ ਮਿਲਾਉਂਦਾ ਸੀ, ਲੱਗਿਆ ਈ ਨ੍ਹੀਂ।"
"ਬਾਪੂ, ਮੈਂ ਬਸ ਤੋਂ ਉੱਤਰ ਕੇ ਤੁਰੀ ਆਉਂਨੀਆਂ ਅਜੇ। ਸਰਸਰੀ ਬਾਹਰਲੇ ਵਿਹੜੇ ਵਿੱਚ ਨਜ਼ਰ ਮਾਰੀ ਤਾਂ ਤੂੰ ਦਿਸ ਪਿਆ। ਹੈਂ... ਕਿਸੇ ਨੇ ਕੁਸ਼ ਕਿਹਾ ਤੈਨੂੰ ?" ਜੀਤੋ ਨੇ ਬਾਪੂ ਨੂੰ ਬੁੱਕਲ ਵਿੱਚ ਲੈ ਲਿਆ। ਜੀਤੋ ਨੇ ਉਸ ਦੀਆਂ ਸਿੱਲੀਆਂ ਅੱਖਾਂ ਦੇਖ ਲਈਆਂ ਸਨ।
"ਧੱਤੜੇ ਕਰਦਾ... ਕੀਹਨੇ ਕਹਿਣਾ ਇਹਨੂੰ ਕੁਸ਼! ਜੀਤ ਦੀ ਤਾਂ ਬਾਪੂ-ਬਾਪੂ ਕਰਦੇ ਦੀ ਜ਼ੁਬਾਨ ਸੁੱਕਦੀ ਐ।" ਕੰਤੋ ਮੱਝ ਵੱਲ ਨੂੰ ਜਾਂਦੀ-ਜਾਂਦੀ ਜੀਤੋ ਕੋਲ ਆ ਗਈ।
"ਸੁੱਖ ਐ ਜੀਤੋ ? ਗਿਆਨ ਸਿਓਂ ਠੀਕ ਐ ? ਨਿਆਣੇ...ਹੋਰ ਪਰਿਵਾਰ।" ਕੰਤੋ ਨੇ ਜੀਤੋ ਨੂੰ ਬੁਕਲ ਵਿੱਚ ਘੁੱਟਿਆ।
"ਭਾਬੀ, ਹੁਣ ਤੁਸੀਂ ਬਾਪੂ ਦਾ ਖ਼ਿਆਲ ਰੱਖਿਆ ਕਰੋ। ਬੇਬੇ ਦੇ ਜਾਣ ਤੋਂ ਬਾਅਦ ਇਹ ਓਦਰਿਆ ਜਿਹਾ ਫਿਰਦੈ।" ਜੀਤੋ ਤੇ ਕੰਤੋ ਗੱਲਾਂ ਕਰਨ ਲੱਗ ਪਈਆਂ।
'ਕੁਲਵੰਤ ਹੁਣ ਕੁੜੀ ਨੂੰ ਮੇਰੇ ਬਾਰੇ ਇੱਕ ਦੀਆਂ ਸੌ ਸੁਣਾਊ' ਇਹ ਸੋਚਦਾ ਉਹ ਚੁੱਪ-ਚਾਪ ਬਾਹਰਲੇ ਘਰ ਤੋਂ ਆਪਣੇ ਖੇਤਾਂ ਵਾਲੀ ਪਹੀ ਪੈ ਗਿਆ। ਜਦੋਂ ਦੀ ਧੰਨ ਕੌਰ ਵਿਛੜੀ ਸੀ ਉਹ ਅਤੀਤ ਦੇ ਪਰਛਾਵੇਂ ਫੜਦਾ ਰਹਿੰਦਾ ਸੀ। ਅੱਜ ਉਸ ਨੂੰ ਲੱਗਿਆ ਜਿਵੇਂ ਉਹ ਬਲਦਾਂ ਦੀ ਜੋੜੀ ਲਈ ਜਾ ਰਿਹਾ ਹੋਵੇ। ਟਾਹਲੀ ਵਾਲੇ ਖੇਤ ਵਿੱਚ ਦੋਹਰ ਲਾਉਣੀ ਸੀ। ਜਿੰਨੀ ਵਾਹ, ਓਨੀ ਗਾਹ। ਬਾਪੂ ਚਾਰ ਦੋਹਰਾਂ ਲਵਾ ਦਿੰਦਾ ਸੀ। ਫ਼ਸਲ ਵੀ ਥਾਲੀ ਮਾਰਵੀਂ ਹੁੰਦੀ ਸੀ। ਉਹ ਖ਼ਿਆਲਾਂ ਦੀ ਦੁਨੀਆ 'ਚ ਧੰਨ ਕੌਰ ਨਾਲ ਗੱਲਾਂ ਕਰਨ ਲੱਗਾ।
"ਹੁਣ... ਹੁਣ ਤਾਂ ਮੁੰਡੇ ਨੇ ਪਹਿਲਾਂ ਦਸ ਸਾਲ ਕੰਮ ਲਈ ਪਰਵਾਸੀ ਰੱਖਿਆ, ਫੇਰ ਠੇਕੇ 'ਤੇ ਦੇਤੀ। ਮੁੰਡੇ ਆਪ ਨ੍ਹੀਂ ਕਰਦੇ ਖੇਤੀ। ਪਰਵਾਸੀ ਮਜ਼ਦੂਰਾਂ 'ਤੇ ਛੱਡ ਦਿੱਤਾ ਸਭ ਕੁਝ।"
"ਕਿਉਂ ਆਪ ਨੀ ਕਰਦਾ ਖੇਤੀ ਜੀਤਾ ?"
"ਹੁਣ ਨ੍ਹੀਂ ਕਰਦਾ ਖੇਤੀ ਤੇਰਾ ਲਾਡਲਾ ਧੰਨ ਕੁਰੇ।"
"ਕਿਉਂ ? ਉਹਦੇ ਹੱਥ ਟੁੱਟੇ ਹੋਏ ਆ ? ਤੂੰ ਆਪ ਨਾਲ ਡੱਕਾ ਚੁਕਾਈ ਜਾਂਦਾ।" ਧੰਨ ਕੌਰ ਗੁੱਸੇ ਵਿੱਚ ਬੋਲੀ।
"ਜਿੰਨਾ ਚਿਰ ਪੁੱਗਦੀ ਸੀ, ਮੈਂ ਹੱਥੀਂ ਖੇਤੀ ਕੀਤੀ ਐ। ਕੇਵਲ ਸਿੰਘ ਸੀਰੀ ਸੀ ਮੇਰੇ ਨਾਲ, ਬੜੀ ਨਿਭਾਈ ਉਹਨੇ। ਭਰਾਵਾਂ ਆਂਗੂ ਰਹੇ ਅਸੀਂ। ... ਧੰਨ ਕੁਰੇ ਤੈਨੂੰ ਤਾਂ ਪਤਾ ਈ ਐ।"
"ਊਂ ਪਿੱਠ ਸੁਣਦੀ ਐ ਕੇਵਲ ਦੀ... ਸੁਖ-ਦੁੱਖ ਵਿੱਚ ਭਾਈਆਂ ਵਾਂਗੂ ਖੜ੍ਹਦਾ ਸੀ। ਜਦ ਵੱਡੇ ਭਰਾ ਪੂਰਨ ਸਿੰਹੁ ਦਾ ਕਤਲ ਹੋਇਆ, ਤਰੀਕ 'ਤੇ ਉਹ ਨਾਲ ਜਾਂਦਾ ਸੀ। ਤੈਨੂੰ ਤਾਂ ਮੈਂ ਬਥੇਰਾ ਕਿਹਾ ਸੀ ਚਾਰ ਮੁੰਡੇ ਜੰਮ ਲੈ। ਕਰਨਗੇ... ਖਾਣਗੇ। ਆਹ ਦੇਖ ਪਰਵਾਸੀਆਂ ਦੇ ਅੱਠ-ਅੱਠ ਨਿਆਣੇ ਐ। ਆਪਣੇ ਸਾਰੇ ਪਿੰਡ ਦੀ ਖੇਤੀ ਉਹੀ ਸਾਂਭੀ ਫਿਰਦੇ ਐ ਹੁਣ।"
"ਤੂੰ ਮੈਨੂੰ ਇਹ ਦੱਸ, ਹੁਣ ਖੇਤਾਂ 'ਚ ਕਾਹਤੋਂ ਭਟਕਦਾ ਫਿਰਦੈਂ ? ਕੁੜੀ ਆਈ ਸੀ, ਉਹਦਾ ਦੁੱਖ-ਸੁਖ ਸੁਣਦਾ।"
"ਸੱਚੀ ਗੱਲ ਐ ਧੰਨ ਕੁਰੇ ਤੇਰੇ ਬਿਨਾਂ ਹੁਣ ਮੈਂ ਭਟਕਦਾ ਫਿਰਦੈਂ। ਨਾ ਅੰਦਰਲੇ ਘਰ ਚੈਨ, ਨਾ ਬਾਹਰਲੇ। ਤੇਰੇ ਬਿਨਾਂ ਚੱਜ ਨਾਲ ਕੋਈ ਰੋਟੀ ਵੀ ਨ੍ਹੀਂ ਪੁੱਛਦਾ। ਜਦੋਂ ਮਨ ਜ਼ਿਆਦਾ ਖਰਾਬ ਹੁੰਦੈ ਤਾਂ ਖੇਤਾਂ ਵੱਲ ਨੂੰ ਆ ਜਾਨਾਂ। ਹੁਣ ਤਾਂ ਖੇਤ ਵੀ ਮੇਰੇ ਵਾਂਗੂੰ ਉਦਾਸ-ਉਦਾਸ ਲੱਗਦੇ ਨੇ। ... ਆਪਣੇ ਖੇਤ ਕਿੱਥੋਂ ਰਹੇ। ਠੇਕੇ ਆਲਾ ਵਾਹੂ ਤਾਂ ਖੇਤ ਤਾਂ ਉਹਦੇ ਹੋਏ ਧੰਨ ਕੁਰੇ।"
"ਦੁਪਹਿਰ ਦੀ ਰੋਟੀ ਖਾਧੀ ?"
"ਤੂੰ ਲਿਆਉਂਦੀ ਸੀ ਖੇਤਾਂ ਵਿੱਚ ਰੋਟੀ। ਟਾਹਲੀ ਦੀ ਛਾਵੇਂ ਬੈਠ ਕੇ ਖਾਂਦੇ ਸੀ। ਬਰਾਬਰ ਕਿਆਰਾ ਲਾ ਦਿੰਦੀ ਸੀ ਤੂੰ ਕਣਕ ਦੀ ਵਾਢੀ ਵੇਲੇ... ਜੀਅ ਕਰਦਾ ਸੀ ਤੇਰੀ ਦਾਤੀ ਨੂੰ ਘੁੰਗਰੂ ਲਵਾ ਦਿਆਂ। ਤੈਨੂੰ ਤਾਂ ਪਤਾ ਆਪਣੇ ਖੂਹ ਦੇ ਮੁੱਢ ਰੁੱਖਾਂ ਦੀ ਝਿੜੀ ਹੁੰਦੀ ਸੀ। ਸਾਰਾ ਪਿੰਡ ਆਪਣੇ ਖੂਹ ਨੂੰ ਝਿੜੀ ਆਲਾ ਖੂਹ ਆਖਦਾ ਸੀ। ... ਧੰਨ ਕੁਰੇ...ਧੰਨ ਕੁਰੇ..."
"ਤਾਇਆ, ਮੈਂ ਆਂ ਕਰਤਾਰਾ...।" ਇਹ ਸੁਣ ਕੇ ਉਹ ਖ਼ਿਆਲਾਂ ਦੀ ਦੁਨੀਆ 'ਚੋਂ ਬਾਹਰ ਆਇਆ।
"ਅੱਛਾ...ਅੱਛਾ... ਤੂੰ ਇਧਰ ਕਿਵੇਂ ਕਰਤਾਰਿਆ ?"
"ਮੇਰੇ ਕੋਲ ਨੇ ਖੇਤ ਠੇਕੇ 'ਤੇ।"
"ਆਹ ਨਾਲ ਕੌਣ ਐ... ਤੇਰਾ ਮੁੰਡਾ ?"
"ਕਾਹਨੂੰ ਕੰਮ ਕਰਦੇ ਨੇ ਮੁੰਡੇ। ਇੱਕ ਪਰਵਾਸੀ ਰੱਖਿਆ। ਇਹੀ ਦੇਖਦੈ ਮੇਰੀ ਸਾਰੀ ਖੇਤੀ।"
"ਮੈਂ ਸੋਚਿਆ ਪਤਾ ਨ੍ਹੀਂ ਮੋਟਰ 'ਤੇ ਪਾਣੀ ਦੇ ਚਬੱਚੇ ਦੀ ਬੰਨੀ 'ਤੇ ਕੌਣ ਬੈਠੈ ? ਦੂਰ ਤੋਂ ਝਾਉਲਾ ਪਿਆ, ਮੈਨੂੰ ਲੱਗਿਆ ਰੋਡਾ ਜਿਹਾ ਪਿੰਡ ਦਾ ਤਾਂ ਹੈ ਨ੍ਹੀਂ ਇਹ ਮੁੰਡਾ।"
"ਆਪਣੇ ਪਿੰਡ ਵਿਹੜੇ ਆਲੇ। ਹੁਣ ਉਹ ਕੰਮ ਨ੍ਹੀਂ ਕਰਦੇ। ...ਹੁਣ ਤਾਂ ਇਹੀ ਸਸਤੇ ਪੈਂਦੇ ਐ।"
"ਕਰਤਾਰਿਆ, ਬੁਰਾ ਤਾਂ ਨਾ ਮਨਾਈਂ। ਪਿੰਡ ਦੇ ਕਾਮਿਆਂ ਨਾਲ ਪੁਰਖਿਆਂ ਤੋਂ ਵਰਤਦੇ ਆਉਂਦੇ ਸੀ ਅਸੀਂ। ਉਨ੍ਹਾਂ ਨੂੰ ਧੀ, ਭੈਣ ਦੀ ਸੌ ਸ਼ਰਮ ਸੀ। ਸਾਡੇ ਪੁਰਖਿਆਂ ਨੇ ਜਦੋਂ ਪਿੰਡ ਵਸਾਏ ਸੀ ਤਾਂ ਖੇਤੀ ਦੀ ਮੱਦਦ ਲਈ ਬੱਤੀ ਦਸਤਕਾਰੀ ਵਾਲੇ ਹੱਥ ਦੇ ਕਾਰੀਗਰ ਤੇ ਕੰਮ ਦੇ ਕਰਿੰਦੇ ਪਰਿਵਾਰ ਨਾਲ ਲਿਆਂਦੇ ਸੀ। ਇਨ੍ਹਾਂ ਬਿਗਾਨਿਆਂ ਨੇ ਸਾਡੇ ਧੀਆਂ ਪੁੱਤਰਾਂ ਨਾਲ ਖ਼ੈਰ ਨ੍ਹੀਂ ਗੁਜ਼ਾਰਨੀ। ਸੁਣੀਆਂ ਨ੍ਹੀਂ ਤੂੰ ਖ਼ਬਰਾਂ।"
"ਚੱਲ ਚੱਲੀਏ ਬਈ... ਤਾਇਆ ਤਾਂ ਸ਼ੁਰੂ ਹੋ ਗਿਆ। ਤਾਏ ਨੂੰ ਕੀ ਪਤਾ... ਹੁਣ ਸਾਡੇ ਜੰਮੇ ਤਾਂ ਜੀਨਾਂ ਜੈਕਟਾਂ ਪਾ ਕੇ ਸ਼ਹਿਰ ਤੁਰੇ ਰਹਿੰਦੇ ਆ। ਆਪਣੇ ਮੁੰਡੇ ਅਜੀਤ ਸਿੰਹੁ ਨੂੰ ਦੇਖ ਲਵੇ। ਖੇਤ ਠੇਕੇ 'ਤੇ ਦੇ ਕੇ ਘਰਵਾਲੀ ਨੂੰ ਸ਼ਹਿਰ ਛੱਡ ਆਉਂਦੈ। ਆਥਣੇ ਲੈ ਆਉਂਦੈ। ਆਹੀ ਕੰਮ ਐ ਉਹਦਾ। ਅਗਲੀਆਂ ਤਵਾ ਨ੍ਹੀਂ ਚੜ੍ਹਾਉਂਦੀਆਂ,ਪੀਜ਼ੇ ਦਾ ਆਡਰ ਕਰਦੀਆਂ ਨੇ ਸਿੱਧਾ।"
"ਹੈਂ...ਹੈਂ... ਕੀ ਕਹਿੰਨੈਂ ਤੂੰ।"
"ਛੱਡ ਬਾਬਾ... ਤੇਰੇ ਨਾਲ ਕਿਹੜਾ ਮਗਜ਼ ਮਾਰੇ! ਸੁਣਦਾ ਤੈਨੂੰ ਹੈ ਨ੍ਹੀਂ।" ਇਹ ਕਹਿੰਦਾ ਕਰਤਾਰਾ ਪਰਵਾਸੀ ਮਜ਼ਦੂਰ ਦੇ ਪਿੱਛੇ-ਪਿੱਛੇ ਖੇਤ ਦੇ ਦੂਜੇ ਬੰਨੇ ਵੱਲ ਚਲਾ ਗਿਆ।
ਉਹ ਫਿਰ ਧੰਨ ਕੌਰ ਨਾਲ ਗੱਲੀਂ ਲੱਗ ਗਿਆ, "ਚਾਰ ਕਿੱਲਿਆਂ ਦਾ ਇਕੱਠਾ ਟੱਕ ਸੀ। ਕੋਈ ਸਮਾਂ ਸੀ ਜਦ ਝਿੜੀ ਵਾਲੇ ਖੂਹ ਨੂੰ ਹਰ ਕੋਈ ਸਵਰਗ ਆਖਦਾ ਸੀ। ਪਿੰਡ ਦੇ ਬਹੁਤੇ ਬਜ਼ੁਰਗ ਜੇਠ - ਹਾੜ੍ਹ ਦੇ ਦੁਪਹਿਰੇ ਇੱਥੇ ਹੀ ਕੱਟਦੇ। ਪਿੰਡ ਦੀ ਨਿਆਈਂ ਵਿੱਚ ਸੀ ਇਹ ਖੂਹ। ਹੁਣ ਤਾਂ ਇੱਥੇ ਇੱਕ ਵੀ ਰੁੱਖ ਨ੍ਹੀਂ। ਪੰਜ ਕੁ ਸਾਲ ਪਹਿਲਾਂ ਝਿੜੀ ਦੇ ਸਾਰੇ ਰੁੱਖ ਵਢਵਾ ਕੇ ਜੀਤੇ ਨੇ ਬੈਠਕ ਪਾ ਲਈ ਸੀ।"
"ਤੂੰ ਹੁਣ ਘਰ ਨ੍ਹੀਂ ਜਾਣਾ। ਇੱਥੇ ਈ ਯਭਕਦਾ ਫਿਰਦੈਂ। ਮਿੱਟੀ ਫਰੋਲਿਆਂ ਕੀ ਥਿਆ ਜੂ ਹੁਣ। ਘਰ ਕੁੜੀ ਆਈ ਐ। ਉਹਦਾ ਦੁੱਖ-ਸੁੱਖ ਸੁਣ ਜਾ ਕੇ। ਗੱਲ ਸੁਣ ਮੇਰੀ... ਕੁੜੀ ਨੂੰ ਖਾਲੀ ਹੱਥ ਨਾ ਤੋਰੀਂ। ਬਹੂ, ਮੁੰਡੇ ਤੋਂ ਪਰਦੇ ਨਾਲ ਹਜ਼ਾਰ ਦੋ ਹਜ਼ਾਰ ਹੱਥ 'ਤੇ ਧਰ ਦੀਂ। ਨਿਆਣਿਆਂ ਆਲੀ ਆਸ ਨਾਲ ਆਉਂਦੀ ਐ, ਝੱਗਾ ਚੁੰਨੀ ਲੈ ਲਊ।"
"ਕਿਹੜੇ ਘਰ ਜਾਵਾਂ ਧੰਨ ਕੁਰੇ। ਨਾ ਮੇਰੇ ਖੇਤ ਰਹੇ, ਨਾ ਘਰ। ਬਹੂ ਪੰਜ ਕਰੇ, ਪੰਜਾਹ ਕਰੇ। ਤੇਰੇ ਜਾਣ ਤੋਂ ਬਾਅਦ ਉਹ ਘਰ ਮੈਨੂੰ ਆਪਦਾ ਘਰ ਈ ਨ੍ਹੀਂ ਲੱਗਦਾ।"
"ਪਿਲਸ਼ਣ ਆਪਣੇ ਕੋਲ ਰੱਖਿਆ ਕਰ।"
"ਧੰਨ ਕੁਰੇ ਤੇਰੇ ਦੋ ਪੋਤੇ ਸ਼ਹਿਰ ਅੰਗਰੇਜ਼ੀ ਸਕੂਲ ਵਿੱਚ ਪੜ੍ਹਦੇ ਐ। ਉਨ੍ਹਾਂ ਦੀ ਫੀਸ ਤਾਂ ਮੈਂ ਭਰਦਾਂ। ਘਰ ਪੈਨਸ਼ਨ ਦੇ ਸਿਰ 'ਤੇ ਈ ਚੱਲਦੈ ਹੁਣ ਤਾਂ।"
"ਕੁੜੀਆਂ ਕਿਹੜਾ ਹਿੱਸਾ ਵੰਡਾ ਕੇ ਲੈ ਜਾਂਦੀਆਂ ਨੇ। ਮਰਨ ਤੋਂ ਪਹਿਲਾਂ ਉਹਦੀ ਧੀ ਦੀ ਤਣੀ ਲਈ ਦੋ-ਚਾਰ ਲੱਖ ਰੁਪੱਈਆ ਉਹਦੇ ਖਾਤੇ ਪਾ ਦੀਂ। ਤੇਰੇ ਤੋਂ ਬਾਅਦ ਬਹੂ ਧੇਲੀ ਲਾਊ, ਪਤਾ ਨਹੀਂ, ... ਖੌਰੇ ਰੁੱਸ ਕੇ ਬਹਿ ਜੂ।"
"ਧੰਨ ਕੁਰੇ... ਤੈਨੂੰ ਕੀ ਦੱਸਾਂ ?"
"ਵੇ ਆਹ ਤੇਰਾ ਤਾਂ ਗੀਝਾ ਵੀ ਪਾਟਿਆ ਪਿਐ। ਦੋ ਸੂਟ ਨਵੇਂ ਸੰਵਾ ਲੈ।"
"ਬਹੂ ਦੇ ਸੂਟ ਪੂਰੇ ਨ੍ਹੀਂ ਹੁੰਦੇ। ... ਮੇਰੀ ਵਾਰੀ ਤਾਂ ਆਉਂਦੀ ਨ੍ਹੀਂ ਧੰਨ ਕੁਰੇ।"
ਇੰਨੇ ਨੂੰ ਆਵਾਜ਼ ਸੁਣੀ, "ਬਾਪੂ, ਤੂੰ ਖੇਤਾਂ ਵਿੱਚ ਤੁਰਿਆ ਫਿਰਦੈਂ। ਮੈਂ ਘਰ 'ਡੀਕਦੀ ਆਂ। ਕੰਤੋ ਭਾਬੀ ਕਹਿੰਦੀ ਸਾਗ ਲੈ ਆ।"
"ਕੀ ਦੱਸਾਂ ਕੁੜੀਏ... ਤੈਨੂੰ ਮਿਲਣ ਨੂੰ ਫੋਨ ਕਰਦਾ ਰਿਹਾ ਅੱਜ। ਰੱਬ ਨੇ ਨੇੜੇ ਹੋ ਕੇ ਸੁਣ ਲੀ... ਤੂੰ ਆਪ ਈ ਆ ਗੀ।"
"ਕੱਲ੍ਹ ਨੂੰ ਤੂੰ ਮੇਰੇ ਨਾਲ ਈ ਚੱਲ। ਚਾਰ ਦਿਨ ਮੇਰੇ ਕੋਲ ਰਹੀਂ। ਤੇਰਾ ਜੀਅ ਲੱਗ ਜੂ।"
"ਗਿਆਨ ਸਿੰਹੁ ਕਰਦਾ ਖੇਤੀ ?"
"ਕਾਹਨੂੰ... ਬਾਪੂ... ਇੱਕ ਪਰਵਾਸੀ ਮਜ਼ਦੂਰ ਨੇ ਠੇਕੇ ਲੈ ਲਈ।"
"ਪਰਵਾਸੀ ਨੇ...? ਕਿਸੇ ਆਪਣੇ ਜ਼ਿਮੀਂਦਾਰ ਭਾਈ ਨੂੰ ਦੇ ਦਿੰਦੇ।"
"ਆਪਣੇ ਤਾਂ ਕੈਨੇਡਾ ਜਾ ਵੜੇ। ਸਾਡੇ ਪਿੰਡ ਤਾਂ ਉਹੀ ਖੇਤੀ ਕਰਦੇ ਨੇ। ਚੱਲ ਘਰ ਨੂੰ... ਅੱਜ ਮੈਂ ਸਾਗ ਬਣਾ ਕੇ ਖਵਾਊਂ ਤੈਨੂੰ, ਜਿਹੋ ਜਿਹਾ ਬੇਬੇ ਬਣਾਉਂਦੀ ਹੁੰਦੀ ਸੀ। ਬਾਪੂ, ਪਿੰਡ ਤਾਂ ਜਮ੍ਹਾਂ ਈ ਬਦਲ ਗਿਆ। ਜਿਧਰ ਦੇਖੋ ਪਰਵਾਸੀ ਮਜ਼ਦੂਰ ਦਿਸਦੇ ਨੇ। ਆਹ ਤਾਂ ਦੇਖੋ... ਟੋਲੀਆਂ ਬੰਨ੍ਹੀ ਫਿਰਦੇ ਨੇ। ਇਨ੍ਹਾਂ ਦੀ ਇੱਕ ਸਿਫ਼ਤ ਐ... ਕੱਠੇ ਹੋ ਰਹਿੰਦੇ ਨੇ। ਪੰਜਾਬੀ ਦਾਣਾ- ਦਾਣਾ ਹੋਏ ਪਏ ਐ। ਤਾਹੀਓਂ ਮਾਰ ਖਾਂਦੇ ਨੇ।"
"ਕਿਹੜਾ ਮਾਰੂ ਸਾਨੂੰ...? ਭਲਾ ਕੌਣ ਮਾਰੂ।" ਜੀਤ ਬੂਹਾ ਖੋਲ੍ਹਣ ਸਾਰ ਗਰਜਿਆ।
"ਲੈ ਵੀਰ ਆਹ ਕੀ ? ਅਸੀਂ ਤਾਂ ਸਰਸਰੀ ਗੱਲਾਂ ਕਰਦੇ ਆਉਂਦੇਆਂ। ਤੈਨੂੰ ਥੋੜ੍ਹੀ ਕਿਹਾ ਬਾਪੂ ਨੇ ਕੁਸ਼।"
"ਕੀ ਕਹਿ ਦੂ ਮੈਨੂੰ ਇਹ... ਕੀ ਕਹਿ ਦੂ। ਨਾ ਦੱਸ ਤੂੰ... ਸਿਖਾ-ਪੜ੍ਹਾ ਕੇ ਲੈ ਆਈ! ਮੈਂ ਨ੍ਹੀਂ ਦਵਾਲ ਕੁਸ਼ ਥੋਨੂੰ।"
ਜੀਤੋ ਚੁੱਪ ਕਰ ਕੇ ਰਸੋਈ ਵਿੱਚ ਬਹਿ ਗਈ। ਸੁੱਚਾ ਸਿੰਘ ਪੇਟੀਆਂ ਵਾਲੇ ਕਮਰੇ ਵਿੱਚ ਜਾ ਬੈਠਾ। ਜੀਤਾ ਵਿਹੜੇ ਵਿੱਚ ਘੁੰਮਦਾ ਡਾਂਗ ਖੜਕਾਉਂਦਾ ਰਿਹਾ। ਜੱਸਾ ਤੇ ਪ੍ਰੀਤ ਕਮਰੇ ਵਿੱਚ ਬੈਠ ਕੇ ਪੜ੍ਹ ਰਹੇ ਸਨ। ਉਨ੍ਹਾਂ ਦੀ ਮੰਮੀ ਦਲਜੀਤ ਉਨ੍ਹਾਂ ਨੂੰ ਪੜ੍ਹਾ ਰਹੀ ਸੀ। ਜੀਤੋ ਨੇ ਸਾਗ ਬਣਾਇਆ। ਮੱਕੀ ਦੀ ਰੋਟੀ ਪਕਾਈ। ਉਹ ਸੋਚਦੀ ਸੀ ਬਾਪੂ ਅਜਿਹੇ ਮਾਹੌਲ 'ਚ ਕਿੰਨਾ ਕੁ ਚਿਰ ਰਹੂ ? ਅਜੇ ਤਾਂ ਬੇਬੇ ਮਰੀ ਨੂੰ ਸਾਲ ਵੀ ਪੂਰਾ ਨਹੀਂ ਹੋਇਆ। ਘਰ ਦਾ ਬਦਲਿਆ ਮਾਹੌਲ ਦੇਖ ਕੇ ਉਸ ਦੀਆਂ ਅੱਖਾਂ ਸਿੰਮ ਆਈਆਂ ਸਨ ਪਰ ਉਹ ਕਰ ਕੁਝ ਨਹੀਂ ਸਕਦੀ ਸੀ। ਬਹੁਤ ਰੀਝ ਨਾਲ ਉਸ ਨੇ ਸਾਗ ਬਣਾਇਆ। ਉਹ ਭਾਬੀ ਕੋਲ ਗਈ ਤੇ ਬੱਚਿਆਂ ਨੂੰ ਬੁਲਾਇਆ, "ਆ ਜੋ ਭੂਆ ਦੇ ਹੱਥਾਂ ਦਾ ਸਾਗ ਤੇ ਮੱਕੀ ਦੀ ਰੋਟੀ ਖਾਓ।"
"ਭੂਆ ਜੀ, ਅਸੀਂ ਤਾਂ ਪੀਜ਼ਾ ਆਰਡਰ ਕੀਤੈ।" ਪ੍ਰੀਤ ਬੇਝਿਜਕ ਬੋਲੀ।
"ਸਿਆਲ ਵਿੱਚ ਸਾਗ ਤਾਂ ਪੀਜ਼ੇ ਤੋਂ ਜ਼ਿਆਦਾ ਸੁਆਦ ਲਗਦਾ ਹੁੰਦਾ। ਲਓ ਦੋਵੇਂ ਭੈਣ ਭਾਈ ਖਾ ਕੇ ਦੇਖੋ।" ਜੀਤੋ ਨੇ ਮੱਖਣੀ ਪਾ ਕੇ ਸਾਗ ਦੀ ਵੱਡੀ ਬਾਟੀ ਤੇ ਮੱਕੀ ਦੀਆਂ ਰੋਟੀਆਂ ਰੱਖ ਦਿੱਤੀਆਂ।
"ਆ ਜੋ ਆਪਾਂ ਪਿਓ-ਧੀ ਚੌਂਕੇ ਵਿੱਚ ਬੈਠ ਕੇ ਖਾਵਾਂਗੇ। ਜੀਤ ਵੀਰ, ਤੂੰ ਵੀ ਇੱਥੇ ਈ ਆ ਜਾ।" ਉਸ ਨੇ ਦੇਖਿਆ ਅਜੀਤ ਮੰਜੇ 'ਤੇ ਡਿੱਗਿਆ ਪਿਆ ਸੀ।
"ਭਾਬੀ, ਵੀਰ ਏਨੀ ਪੀਂਦਾ ਐ। ਇਹਨੂੰ ਸਮਝਾਇਆ ਕਰ।"
"ਤੂੰ ਆ ਗੀ ਹੁਣ, ਤੂੰ ਸਮਝਾ ਲੈ।" ਕੁਲਵੰਤ ਕੌਰ ਦਾ ਜਵਾਬ ਰੁੱਖਾ ਜਿਹਾ ਸੀ।
ਘਰ ਦੇ ਬਦਲੇ ਹੋਏ ਮਾਹੌਲ ਵਿੱਚ ਉਹ ਬਾਪੂ ਨੂੰ ਚੌਂਕੇ ਵਿੱਚ ਲੈ ਆਈ। ਉਸ ਨੇ ਥਾਲੀ ਵਿੱਚ ਮੱਕੀ ਦੀ ਰੋਟੀ ਰੱਖੀ ਤੇ ਬਾਟੀ ਵਿੱਚ ਸਾਗ ਪਾ ਕੇ ਮੱਖਣ ਪਾ ਦਿੱਤਾ। ਬੇਬੇ ਵੀ ਇੰਝ ਹੀ ਕਰਦੀ ਸੀ। ਸਾਰੇ ਟੱਬਰ ਨੂੰ ਚੌਂਕੇ ਵਿੱਚ ਬਿਠਾ ਕੇ ਆਪ ਰੋਟੀ ਪਰੋਸਦੀ। ਛਿੱਟੀਆਂ ਤੇ ਪਾਥੀਆਂ ਦੀ ਅੱਗ ਦੇ ਸੇਕ ਵਿੱਚ ਸਾਰਾ ਟੱਬਰ ਬੈਠ ਕੇ ਰੋਟੀ ਖਾਂਦਾ। ਉਹ ਵੀ ਦਿਨ ਸਨ। ਯਾਦ ਕਰਦਿਆਂ ਉਸ ਦੀਆਂ ਅੱਖਾਂ ਭਰ ਆਈਆਂ। ਬਾਪੂ ਰੋਟੀ ਖਾ ਰਿਹਾ ਸੀ। ਜੀਤ ਨੂੰ ਉਸ ਨੇ ਕੋਲ ਜਾ ਕੇ ਉਠਾਇਆ, ਉਹ ਸੌਂ ਗਿਆ ਸੀ।
"ਧੀਏ, ਆ ਜਾ ਤੂੰ ਵੀ। ਮੇਰੇ ਕੋਲ ਬੈਠ ਕੇ ਰੋਟੀ ਖਾ।" ਸੁੱਚਾ ਸਿੰਘ ਰੋਟੀ ਖਾਂਦਾ ਬੋਲਿਆ, "ਸਾਗ ਬਹੁਤ ਸੁਆਦ ਐ। ਜਮਾਂ ਤੇਰੀ ਬੇਬੇ ਆਲਾ ਹੱਥ ਐ।" ਜੀਤੋ ਜਦੋਂ ਰਸੋਈ ਵਧਾ ਕੇ ਅੰਦਰ ਗਈ ਤਾਂ ਪ੍ਰੀਤ ਤੇ ਜੱਸਾ ਪੀਜ਼ਾ ਖਾ ਰਹੇ ਸਨ। ਅਜੀਤ ਬੈੱਡ 'ਤੇ ਪਿਆ ਸੀ। "ਲਗਦਾ ਵੀਰ ਤਾਂ ਸੌਂ ਗਿਆ ਭਾਬੀ।" ਜੀਤੋ ਬੈੱਡ ਦੇ ਕੋਲ ਪਏ ਮੇਜ਼ ਤੋਂ ਥਾਲੀ ਤੇ ਬਾਟੀ ਚੁੱਕ ਕੇ ਇਹ ਸੋਚਦੀ ਹੋਈ ਮੁੜ ਚੌਂਕੇ ਵਿੱਚ ਚਲੀ ਗਈ ਕਿ ਚੰਗਾ ਹੋਇਆ ਵੀਰ ਤੇ ਭਾਬੀ ਨੇ ਰੋਟੀ ਖਾ ਲਈ।
"ਆਹ ਵਧੀਆ ਬਾਪੂ... ਇੱਥੇ ਸ਼ਾਂਤੀ ਐ। ਨਾਲੇ ਕਮਰਾ ਵੀ ਨਿੱਘਾ ਐ। ਬੇਬੇ ਤਾਂ ਸਾਰੀ ਉਮਰ ਇੱਥੇ ਸੌਂਦੀ ਰਹੀ ਐ।"
"ਆਹ ਬੈਗ ਤੇਰਾ ਜੀਤੋ ?"
"ਹਾਂ ਬਾਪੂ।"
"ਆਪਣੀ ਪਰਮਜੀਤ ਕੀ ਕਰਦੀ ਐ ਹੁਣ ?"
"ਉਹ ਪੜ੍ਹਾਉਂਦੀ ਐ ਬਾਪੂ। ਅਗਲੇ ਸਾਲ ਵਿਆਹ ਕਰਾਂਗੇ ਉਹਦਾ। ਸੁਖਵਿੰਦਰ ਸੁੱਖ ਨਾਲ ਸੱਤ ਬੈਂਡ ਲੈ ਕੇ ਆਈਲੈਟ ਕਰ ਗਿਆ। ਉਹ ਤਾਂ ਕਨੇਡਾ ਪੜ੍ਹਨ ਜਾਊ।"
"ਅੱਛਾ! ਐਂ ਕਰ... ਆਹ ਕਾਗਜ਼ ਜਿਹਾ ਬੈਗ ਵਿੱਚ ਸੰਭਾਲ ਲੈ... ਅਪਣੀ ਪਰਮ ਦੇ ਵਿਆਹ ਲਈ... ਉਦੋਂ ਤੱਕ ਮੈਂ ਹੋਵਾਂ ਨਾ ਹੋਵਾਂ।"
"ਓ...ਹੋ ਬਾਪੂ... ਕਿਹੋ ਜਿਹੀਆਂ ਗੱਲਾਂ ਕਰਦੈਂ। ਆਪਣੇ ਹੱਥੀਂ ਕਰੀਂ ਸਾਰਾ ਕੁਝ।"
"ਜੀਤੋ, ਤੇਰੀ ਬੇਬੇ ਦਾ ਹੁਕਮ ਐ। ਇਨ੍ਹਾਂ ਦਾ ਤਾਂ ਤੂੰ ਦੇਖ ਲਿਆ।" ਸੁੱਚਾ ਸਿੰਘ ਨੇ ਚੈੱਕ ਬੈਗ ਦੀ ਅੰਦਰਲੀ ਜੇਬ ਵਿੱਚ ਪਾ ਕੇ ਲੰਮਾ ਸਾਹ ਲਿਆ।
"ਐਂ ਸਿਰ ਸਿੱਟ ਲਿਆ ਧੀਏ ?"
"ਬੇਬੇ ਯਾਦ ਆ ਗੀ।"
"ਲੈ ਉਹ ਗਈ ਕਿੱਥੇ ਐ!"
ਸੁੱਚਾ ਸਿੰਘ ਨੇ ਮੂੰਹ 'ਤੇ ਰਜਾਈ ਖਿੱਚ ਲਈ।
"ਬੜੀ ਗੂੜ੍ਹੀ ਨੀਂਦ ਆਈ ਰਾਤ... ਬਾਪੂ ਲੈ ਚਾਹ ਪੀ।" ਅੰਮ੍ਰਿਤ ਵੇਲੇ ਚਾਹ ਬਣਾ ਕੇ ਜੀਤੋ ਨੇ ਬਾਪੂ ਨੂੰ ਜਗਾਇਆ। ਬਾਪੂ ਉੱਥੇ ਹੈ ਈ ਨਹੀਂ ਸੀ। ਰਾਤ ਨੂੰ ਬੇਬੇ ਉਸ ਨੂੰ ਆਪਣੇ ਨਾਲ ਹੀ ਲੈ ਗਈ ਸੀ।



# ਹੱਥ 'ਤੇ ਹੱਥ

ਕੰਵਰਦੀਪ ਸਿੰਘ ਭੱਲਾ

ਭਾਂਡੇ ਮਾਂਜਦੀ-ਮਾਂਜਦੀ ਬੇਬੇ ਆਪਣੇ ਦਿਲ ਦੀ ਭੜਾਸ ਛੋਟੇ ਪੁੱਤਰ ਗੋਲੂ ਨਾਲ ਕੱਢਦੀ ਕਹਿ ਰਹੀ ਸੀ, "ਪੁੱਤ, ਅੱਜਕੱਲ੍ਹ ਸਮਾਂ ਨਹੀਂ ਕਿਸੇ ਦੇ ਧੀ ਪੁੱਤ ਨੂੰ ਸਮਝਾਉਣ ਦਾ।" ਪੁੱਤ ਨੇ ਵੀ ਇਕਦਮ ਪੁੱਛਿਆ, "ਮਾਂ, ਕੀ ਗੱਲ ਹੋ ਗਈ ਏ ? ਅੱਜ ਏਨੀ ਸਤੀ ਹੋਈ ਕਿਉਂ ਏ ?" "ਪੁੱਤ, ਮੈਂ ਗੁਆਂਢੀਆਂ ਦੇ ਘਰ ਉਨ੍ਹਾਂ ਦੇ ਮੁੰਡੇ ਦੀਆਂ ਕਰਤੂਤਾਂ ਕੀ ਦੱਸੀਆਂ, ਉਹ ਤਾਂ ਸਾਰਾ ਟੱਬਰ ਮੇਰੇ ਗਲ ਹੀ ਪੈ ਗਿਆ ?" "ਬੇਬੇ, ਤੈਨੂੰ ਕੀ ਲੋੜ ਸੀ ਦੱਸਣ ਦੀਉ ? ਹੁਣ ਅਸੀਂ ਨੌਜਵਾਨ ਬੱਚਿਆਂ ਨੂੰ ਕਾਬੂ ਵਿੱਚ ਨਹੀਂ ਰੱਖ ਸਕਦੇ।" "ਪੁੱਤ ਕਿਉਂ ?" "ਮਾਂ, ਜਿੱਥੇ ਪੰਜ ਇੰਚ ਦੇ ਟੁਕੜੇ ਕਾਰਨ ਅਸੀਂ ਤਰੱਕੀ ਕੀਤੀ ਏ, ਉੱਥੇ ਇਸ ਪੰਜ ਇੰਚ ਦੇ ਟੁਕੜੇ ਨੇ ਕਈ ਨੌਜਵਾਨ ਮੁੰਡੇ ਕੁੜੀਆਂ ਨੂੰ ਗ਼ਲਤ ਰਸਤੇ ਵੀ ਪਾ ਦਿੱਤਾ ਏ।"

"ਉਹ ਕਿਵੇਂ ਪੁੱਤ ? ਕਿਹੜੇ ਟੁਕੜੇ ਦੀ ਗੱਲ ਕਰਦਾ ਏਂ ਪੁੱਤਰ ?" ਬੇਬੇ ਨੇ ਆਪਣੇ ਪੁੱਤਰ ਵੱਲ ਤੱਕਦਿਆਂ ਪੁੱਛਿਆ। "ਮਾਂ, ਮੈਂ ਮੋਬਾਈਲ ਫੋਨ ਦੀ ਗੱਲ ਕਰਦਾ ਹਾਂ। ਜਦੋਂ ਮਾਪੇ ਬਾਹਰ ਕਿਤੇ ਕੰਮ ਜਾਂਦੇ ਨੇ ਤਾਂ ਆਮ ਤੌਰ 'ਤੇ ਬੱਚੇ ਬਹੁਤ ਛੋਟੀ ਉਮਰ ਵਿੱਚ ਇੰਟਰਨੈੱਟ ਰਾਹੀਂ ਚੋਰੀ ਉਹ ਕੁਝ ਦੇਖ ਲੈਂਦੇ ਨੇ ਜਿਸ ਦਾ ਪ੍ਰਭਾਵ ਉਨ੍ਹਾਂ ਦੀ ਸਿਹਤ ਅਤੇ ਆਚਰਣ 'ਤੇ ਪੈਂਦਾ ਏ। ਇਸ ਤੋਂ ਇਲਾਵਾ ਛੋਟੀ ਉਮਰ ਦੇ ਮੁੰਡੇ ਅਤੇ ਕੁੜੀਆਂ ਮੋਬਾਈਲ 'ਤੇ ਕੰਮ ਦੀਆਂ ਗੱਲਾਂ ਘੱਟ ਤੇ ਫਾਲਤੂ ਗੱਲਾਂ ਜ਼ਿਆਦਾ ਕਰਦੇ ਨੇ, ਜਿਸ ਦੇ ਨਤੀਜੇ ਭਿਆਨਕ ਨਿਕਲਦੇ ਨੇ। ਹੁਣ ਕਿਸੇ ਦੇ ਬੱਚੇ ਬਾਰੇ ਉਸ ਦੇ ਮਾਂ-ਬਾਪ ਨੂੰ ਦੱਸਣ ਦੀ ਗੱਲ ਲਗਭਗ ਖ਼ਤਮ ਹੋ ਚੁੱਕੀ ਏ। ਬੇਬੇ, ਹੁਣ ਤੁਹਾਡੀ ਧੀ ਅਤੇ ਪੁੱਤਰ ਸਿਰਫ਼ ਤੁਹਾਡਾ ਹੀ ਏ।" ਬੇਬੇ ਨੂੰ ਪੁੱਤਰ ਦੀ ਗੱਲ ਸ਼ਾਇਦ ਸਮਝ ਆ ਚੁੱਕੀ ਸੀ। ਉਸ ਨੇ ਪੁੱਤਰ ਨੂੰ ਕੋਈ ਹੋਰ ਸਵਾਲ ਜਵਾਬ ਨਾ ਕੀਤਾ ਤੇ ਕੰਮ ਖ਼ਤਮ ਕਰਕੇ ਅਖ਼ਬਾਰ ਦੀਆਂ ਸੁਰਖ਼ੀਆਂ ਪੜ੍ਹਨ ਲੱਗੀ। ਪਹਿਲੀ ਖ਼ਬਰ ਸੀ ਕਿ ਇੱਕ ਨਾਬਾਲਗ ਕੁੜੀ ਆਪਣੇ ਆਸ਼ਕ ਨਾਲ ਭੱਜ ਗਈ। ਇਹ ਪੜ੍ਹ ਕੇ ਮਾਂ ਦੀਆਂ ਅੱਖਾਂ ਫਿਰ ਨਮ ਹੋ ਗਈਆਂ। ਉਸ ਨੇ ਅਖ਼ਬਾਰ ਪਰ੍ਹੇ ਰੱਖਦਿਆਂ ਉੱਪਰ ਵੱਲ ਤੱਕਦੇ ਹੋਏ ਕਿਹਾ, "ਰੱਬਾ, ਹੁਣ ਤਾਂ ਤੇਰੇ ਹੱਥ ਡੋਰਾਂ ਨੇ, ਪਰ ਜੇ ਸਾਰੇ ਲੋਕ ਅਤੇ ਮੈਂ ਵੀ ਪੁੱਤਰ ਦੇ ਕਹਿਣ 'ਤੇ ਹੱਥ 'ਤੇ ਹੱਥ ਰੱਖ ਕੇ ਬੈਠ ਗਈ ਤਾਂ ਇਸ ਪੀੜ੍ਹੀ ਦਾ ਕੀ ਬਣੂ ?"

# ਮੇਰੀ ਕਲਮ

## ਗੁਰੂ ਨਾਨਕ ਦੇਵ ਜੀ

**ਕਰਮਜੀਤ ਸਿੰਘ ਗਠਵਾਲਾ**

ਕੋਈ ਖਿੱਚ ਸੀ ਤੈਨੂੰ ਲਈਂ ਫਿਰਦੀ,
ਕਦੇ ਜੰਗਲਾਂ ਅਤੇ ਪਹਾੜਾਂ ਦੇ ਵਿੱਚ ।
ਕਿਸੇ ਧੂਹ ਦਾ ਧੂਹਿਆ ਜਾਂਵਦਾ ਸੀ,
ਭੱਜ ਭੱਜ ਕੇ ਵਣਾਂ ਉਜਾੜਾਂ ਦੇ ਵਿੱਚ ।

ਕਾਹਦੇ ਵਾਸਤੇ ਸਾਗਰ ਤੂੰ ਗਾਹੇ,
ਕਾਹਦੇ ਵਾਸਤੇ ਤਪਦੇ ਰੇਤ ਲੰਘੇ ।
ਪੋਹ ਮਾਘ ਦੀ ਠੰਢ ਨਾ ਤੂੰ ਵੇਖੀ,
ਸਿਰੋਂ ਵੇਖੇ ਨਾ ਹਾੜ੍ਹ ਤੇ ਜੇਠ ਲੰਘੇ ।

ਭੀਲਾਂ ਨਾਲ ਦੱਸ ਤੇਰਾ ਸੀ ਕੀ ਰਿਸ਼ਤਾ,
ਮਿਲਿਆ ਕੌਡੇ ਨੂੰ ਜੀਹਦੇ ਵਾਸਤੇ ਤੂੰ ।
ਜਿਨ੍ਹਾਂ ਉੱਤੋਂ ਸੀ ਲੰਘਣਾ ਬਹੁਤ ਮੁਸ਼ਕਿਲ,
ਸਾਰੇ ਗਾਹ ਮਾਰੇ ਉਹ ਰਸਤੇ ਤੂੰ ।

ਜਿਸਦੀ ਹਉਮੈ ਸੀ ਚੜ੍ਹੀ ਪਹਾੜ ਉੱਤੇ,
ਉਹਨੂੰ ਪਾਣੀ ਜਿਉਂ ਹੇਠਾਂ ਲਾਹ ਲਿਆ ।
ਜਿਹੜਾ ਔਝੜੇ ਔਝੜੇ ਜਾਂਵਦਾ ਸੀ,
ਉਹਨੂੰ ਮੋੜ ਸਿੱਧੇ ਰਾਹੇ ਪਾ ਲਿਆ ।

ਕੁਲ੍ਹੀ ਲਾਲੋ ਦੀ ਸੋਹਣਾ ਮਹਿਲ ਦਿੱਸੀ,
ਧੌਲਰ ਭਾਗੋ ਦੇ ਰੜੇ ਮੈਦਾਨ ਦਿੱਸੇ ।
ਹਿੰਦੂ, ਮੁਸਲਿਮ, ਨਾ ਕੋਈ ਜੈਨ, ਬੋਧੀ,
ਤੈਨੂੰ ਲੋਕ ਸਭ ਰੱਬੀ ਇਨਸਾਨ ਦਿੱਸੇ ।

ਲੱਗੇ ਰੋਗ ਕੋਈ ਤਾਂ ਇਲਾਜ ਖਾਤਰ,
ਰੋਗੀ ਵੈਦ ਕੋਲ ਚੱਲ ਕੇ ਆਂਵਦੇ ਨੇ ।
ਨਾਨਕ ਵੈਦ ਵਰਗੇ ਹੋਰ ਵੈਦ ਕਿੱਥੇ ?
ਜਿਹੜੇ ਰੋਗੀਆਂ ਕੋਲ ਖੁਦ ਜਾਂਵਦੇ ਨੇ ।

## ਗੁਰ ਨਾਨਕ ਆਇਆ

**ਭਾਈ ਵੀਰ ਸਿੰਘ**

ਟੇਕ-ਸਹੀਓ ਨੀ ! ਗੁਰੁ ਨਾਨਕ ਆਇਆ ।
ਗੁਰੁ ਨਾਨਕ ਗੁਰੁ ਨਾਨਕ ਆਇਆ ।
ਨਾਦ ਉਠਯੋ: ਗੁਰੁ ਨਾਨਕ ਆਯਾ ।
ਸ਼ਬਦ ਹੁਯੋ: ਗੁਰੁ ਨਾਨਕ ਆਯਾ ।੧।
ਮੁਸ਼ਕ ਉਠੇ ਮੇਰੇ ਬਨ ਤੇ ਬੇਲੇ,
ਖਿੜ ਪਏ ਬਾਗੀਂ ਫੁੱਲ ਰੰਗੀਲੇ ।
ਸਭ ਨੇ ਅਨਹਤ ਰਾਗ ਅਲਾਯਾ :
ਗੁਰੁ ਨਾਨਕ ਗੁਰੁ ਨਾਨਕ ਆਯਾ ।੨।
ਜਾਗ ਪਏ ਪੰਛੀ ਅਖ ਖੋਲ੍ਹਣ
ਗਾਵਣ ਗੀਤ ਰੰਗੀਲੇ ਬੋਲਣ :-
ਦੇਖੋ ਅਹੁ ਗੁਰੁ ਨਾਨਕ ਆਯਾ,
ਗੁਰੁ ਨਾਨਕ ਗੁਰੁ ਨਾਨਕ ਆਯਾ ।੩।
ਤਪੀਆਂ ਜੁਗਾਂ ਦਿਆਂ ਅਖ ਖੋਲ੍ਹੀ
ਤਯਾਗੀ ਮੌਨ, ਬੋਲ ਪਏ ਬੋਲੀ:-
ਅਹੁ ਤੱਕੋ ਗੁਰੁ ਨਾਨਕ ਆਯਾ,
ਗੁਰੁ ਨਾਨਕ ਗੁਰੁ ਨਾਨਕ ਆਯਾ ।੪।
ਦੁਖੀਆਂ ਕੰਨੀਂ ਪਈ ਬਲੇਲ:-
ਦੁਖਾਂ ਨੂੰ ਜੋ ਕਰੇ ਦਬੇਲ ।
ਅਹੁ ਗੁਰੁ ਨਾਨਕ ਨਾਨਕ ਆਯਾ,
ਸੁੱਖ ਸਬੀਲੀ ਨਾਲ ਲਿਆਯਾ ।੫।
ਕੂਕ ਉਠੀ ਦੁਨੀਆਂ ਪਈ ਗਾਵੇ,
ਮਸਤ ਅਲਸਤੀ ਤਾਨਾਂ ਲਾਵੇ:-
ਧੁੰਦ ਹਨੇਰੇ ਹੋਏ ਦੂਰ
ਫੈਲ ਗਿਆ ਹੈ ਨੂਰੋ ਨੂਰ
ਸਹੀਓ ਨੀ ਗੁਰੁ ਨਾਨਕ ਆਯਾ,
ਗੁਰੁ ਨਾਨਕ ਗੁਰੁ ਨਾਨਕ ਆਯਾ ।੬।
ਮੇਰਾ ਮੇਰਾ ਮੇਰਾ ਅਪਨਾ,
ਕਿਸੇ ਨਾ ਓਪ੍ਰਾ ਸਭ ਦਾ ਅਪਨਾ,
ਉਹ ਗੁਰੁ ਨਾਨਕ ਨਾਨਕ ਆਯਾ
ਸਹੀਓ ਨੀ ਗੁਰੁ ਨਾਨਕ ਆਯਾ ।੭।

## ਕਰਤਾਰਪੁਰ ਵਿੱਚ

**ਸ਼ਿਵ ਕੁਮਾਰ ਬਟਾਲਵੀ**



ਘੁੰਮ ਚਾਰੇ ਚੱਕ ਜਹਾਨ ਦੇ
ਜਦ ਘਰ ਆਇਆ ਕਰਤਾਰ
ਕਰਤਾਰਪੁਰੇ ਦੀ ਨਗਰੀ
ਜਿਦ੍ਹੇ ਗਲ ਰਾਵੀ ਦਾ ਹਾਰ
ਜਿਦ੍ਹੇ ਝਮ ਝਮ ਪਾਣੀ ਲਿਸ਼ਕਦੇ
ਜਿਦ੍ਹੀ ਚਾਂਦੀ-ਵੰਨੀ ਧਾਰ
ਲਾਹ ਬਾਣਾ ਜੋਗ ਫ਼ਕੀਰ ਦਾ
ਮੁੜ ਮੱਲਿਆ ਆ ਸੰਸਾਰ
ਕਦੇ ਮੰਜੀ ਬਹਿ ਅਵਤਾਰੀਆ
ਕਰੇ ਦਸ ਨਹੁੰਆਂ ਦੀ ਕਾਰ
ਉਹਦੀ ਜੀਭ ਜਪੁਜੀ ਬੈਠਿਆ
ਤੇ ਅੱਖੀਂ ਨਾਮ-ਖ਼ੁਮਾਰ
ਸੁਣ ਸੋਹਬਾ ਰੱਬ ਦੇ ਜੀਵ ਦੀ
ਆ ਜੁੜਿਆ ਕੁੱਲ ਸੰਸਾਰ
ਤਦ ਕੁੱਲ ਜੱਗ ਚਾਨਣ ਹੋ ਗਿਆ
ਤੇ ਮਿਟੇ ਕੂੜ ਅੰਧਿਆਰ
ਚੌਂਹ ਕੂਟੀ ਸ਼ਬਦ ਇਹ ਗੂੰਜਿਆ
ਉਹ ਰੱਬ ਹੈ ਇੱਕ ਓਂਕਾਰ ।

## ਬਾਬਾ ਨਾਨਕ

**ਮਨਿੰਦਰ ਕੌਰ ਬਸੀ**

ਜਿਸ ਦੇ ਚਾਨਣ ਰਿਸ਼ਮਾਂ ਪਾਈਆਂ ਲਹਿਣੇ ਦੇ ਆਈਨੇ ਤੇ,
ਉਸ ਜੋਤ ਨੇ ਛਾਪ ਲਗਾਈ ਕੰਧਾਰੀ ਦੇ ਸੀਨੇ ਤੇ ।
ਬਾਲਕ ਵਾਗੀ ਬੁਢਾ ਕੀਤਾ, ਬੇਰ ਬਣਾਇਆ ਰੇਠੇ ਦਾ,
ਰਾਇ ਬੁਲਾਰ ਮੁਰੀਦ ਕਰ ਲਿਆ, ਪਾ ਕੇ ਨੂਰ ਨਗੀਨੇ ਤੇ ।
ਕਿਰਤੀ ਦਾ ਭੰਡਾਰ ਵਿਖਾਇਆ, ਅੰਨ੍ਹੇ ਮਾਇਆ ਧਾਰੀ ਨੂੰ,
ਸੱਜਣ ਠੱਗ ਨੂੰ ਝਾਤ ਪੁਆਈ, ਘਰ ਵਿਚ ਪਏ ਦਫ਼ੀਨੇ ਤੇ ।
ਬ੍ਰਾਹਮਣ ਕਾਜੀ ਦੋਵੇਂ ਰਗੜੇ, ਨਿਯਤ ਦੀ ਘਸਵੱਟੀ ਤੇ,
ਉਹ ਅਛੂਤ ਬਰਾਬਰ ਤੋਲੇ, ਕਰਤਬ ਦੇ ਤਖ਼ਮੀਨੇ ਤੇ ।
ਪ੍ਰੇਮ ਨਸ਼ੇ ਥੀਂ ਖੀਵਾ ਕੀਤਾ, ਅਮਲਾਂ ਦੇ ਦੀਵਾਨੇ ਨੂੰ ।
ਮੱਕੇ ਵਾਲੇ ਨੂੰ ਭਰਮਾਇਆ, ਦਿਲ ਦੇ ਪਾਕ ਮਦੀਨੇ ਤੇ ।
ਵਹਦਤ ਦਾ ਵਿਉਪਾਰੀ ਆਇਆ, ਹਾਦੀ ਹਿੰਦੂ ਮੁਸਲਿਮ ਦਾ,
ਮੰਦਰ ਮਸਜਿਦ ਸਾਂਝੇ ਕੀਤੇ, ਮਿਟੀ ਪਾਈ ਕੀਨੇ ਤੇ ।
ਆ ਜਾ ਮਨ ਅਜ ਸ਼ੁਕਰਾਨੇ ਕਰੀਏ ਬਾਬੇ ਏਕੰਕਾਰੀ ਦੇ,
ਜਿਸ ਨੇ ਜੋਤ ਜਗਾਈ ਆਣ ਗੁਆਚੇ ਮਾਲ ਖਜੀਨੇ ਤੇ ।
ਦੁਨੀਆਂ ਵਾਲਿਓ, ਕੁਝ ਨਾ ਪੁਛੋ ਮੇਰੇ ਐਬ ਸਵਾਬਾਂ ਦੀ,
ਚਾਤ੍ਰਿਕ ਦਾ ਹੈ ਤਕਵਾ ਆਪਣੇ ਰਹਬਰ ਦਾਨੇ ਬੀਨੇ ਤੇ ।

## ਗੁਰੂ ਨਾਨਕ ਜੀ

**ਜਾਵੇਦ ਜ਼ਕੀ**

ਨਾਨਕ ਰੂਪ ਸੁਬਾ ਦੀ ਲਾਲੀ
ਰੁਤਬਾ ਆਲੀ ਆਲੀ
ਮੁੱਖ ਰਿਸ਼ਮਾਂ ਦਾ ਧੋਤਾ ਹੋਇਆ
ਸੂਰਤ ਕਰਮਾਂ ਵਾਲੀ
ਤੇਰੀ ਮਹਿਕ ਝੱਲੀ ਜੱਗ ਸਾਰੇ
ਗਲ਼ੀਆਂ ਦਵਾਰੇ ਦਵਾਰੇ
ਇੱਕ ਦੁਨੀਆਂ ’ਤੇ ਚਾਨਣ ਕੀਤਾ
ਤੇਰੇ ਮੁੱਖ ਲਸ਼ਕਾਰੇ
ਸਾਡੇ ’ਤੇ ਵੀ ਕਰਮ ਕਰੀਂ ਚਾ
ਮੁੱਕ ਜਾਵੇ ਬਦ ਹਾਲੀ
ਆ ਵੰਜ ਮਾਹੀ ਅੰਦਰ ਵੱਸ ਚਾ
ਲੂੰ ਲੂੰ ਦੇ ਵਿੱਚ ਰੱਸ ਚਾ
ਮੰਨ ਥੀਵੇ ਚਾ ਹਰਿਆ ਭਰਿਆ
ਕਿਧਰੋਂ ਨਿੰਮਾ ਹੱਸ ਚਾ
ਪ੍ਰੇਮ ਜੋਤ ਦੀ ਰੰਗਲੀ ਜੋਤ ਜਗਾ ਦੇ
ਦੁਨੀਆ ਥੈ ਸੁਖਾਲ਼ੀ
ਮੈਂ ਔਗਣ ਮੇਰਾ ਸੀਨਾ ਭਰ ਚਾ
ਅੰਦਰ ਨੂਰੀ ਕਰ ਚਾ
ਮੁੱਕ ਜਾਵਣ ਸਭ ਰੌਲ਼ੇ ਗੌਲ਼ੇ
ਰੂਹ ਨੂੰ ਅੰਮ੍ਰਿਤ ਕਰ ਚਾ
ਤੂੰ ਪੰਜਾਬ ਦਾ ਸੁਰਜਨ ਤਾਰਾ
ਪੰਜ ਨਦੀਆਂ ਦਾ ਵਾਲ

## ਪੀਰ ਨਾਨਕ

**ਬਾਬੂ ਫ਼ੀਰੋਜ਼ਦੀਨ ਸ਼ਰਫ਼**

ਰੁਤਬੇ ਸ਼ਾਹਾਂ ਦੇ ਰੱਖਦੇ ਜੱਗ ਉੱਤੇ,
ਤੇਰੇ ਬੂਹੇ ਦੇ ਜੇੜ੍ਹੇ ਫ਼ਕੀਰ ਨਾਨਕ ।
ਪੱਕੀ ਸਨਦ ਹੈ ਸਵਰਗ ਦੇ ਵਾਸਤੇ ਇਹ,
ਤੇਰੀ ਗੋਦੜੀ ਦੀ ਪਾਟੀ ਲੀਰ ਨਾਨਕ ।
ਤੇਰੇ ਪੈਰਾਂ ਦੀ ਮਲੀ ਜਿਸ ਖ਼ਾਕ ਪਿੰਡੇ,
ਕੁੰਦਨ ਹੋ ਗਿਆ ਓਦ੍ਹਾ ਸਰੀਰ ਨਾਨਕ ।
ਭਲਾ ਬੰਦੇ ਹਕੀਕਤ ਕੀ ਰੱਖਦੇ ਨੇ,
ਕੱਢੇ ਪੱਥਰਾਂ ਦੇ ਵਿੱਚੋਂ ਨੀਰ ਨਾਨਕ ।
ਹੋਏ ਓਸ ਥਾਂ ਠੀਕਰੇ ਠਾਕਰਾਂ ਦੇ,
ਗਏ ਘੱਤ ਕੇ ਜਿਧਰ ਵਹੀਰ ਨਾਨਕ ।
ਪਾਇਆ ਇੱਕ ਓਂਕਾਰ ਦੇ ਰਾਹ ਸਿੱਧੇ,
ਪਾ ਕੇ ‘ਇੱਕ’ ਦੀ ਇੱਕ ਲਕੀਰ ਨਾਨਕ ।
ਜੇੜ੍ਹੇ ਜੇੜ੍ਹੇ ਸਨ ਜ਼ੁਲਮ ਕਮਾਨ ਵਾਲੇ,
ਤੁਸਾਂ ਕਰ ਦਿੱਤੇ ਸਿੱਧੇ ਤੀਰ ਨਾਨਕ ।
ਜਲਵੇ ਨੂਰ ਦੇ ਵੇਖਦਾ ਰਹਾਂ ਹਰਦਮ,
ਵੱਸੇ ਅੱਖੀਆਂ ਵਿੱਚ ਤਸਵੀਰ ਨਾਨਕ ।
ਦੁਨੀਆਂ ਥੱਕ ਗਈ ਏ ਗਿਣ ਗਿਣ ਗੁਣ ਤੇਰੇ,
ਪਾਇਆ ਅੰਤ ਨਾ ਗੁਣੀ ਗਹੀਰ ਨਾਨਕ ।
ਕਰਾਂ ਦੱਸ ਕੀ ਸ਼ਾਨ ਬਿਆਨ ਤੇਰੀ ?
ਗੁਰੂ ਸਿੱਖਾਂ ਦੇ ‘ਸ਼ਰਫ਼’ ਦੇ ਪੀਰ ਨਾਨਕ ।

## ਪਿਆਰਾ ਗੁਰੂ ਨਾਨਕ

**ਵਿਧਾਤਾ ਸਿੰਘ ਤੀਰ**

ਤੇਰਾ ਰੂਪ ਹੈ ਰੱਬ ਦਾ ਰੂਪ ਨਾਨਕ,
ਤੇਰਾ ਦਿਲ ਹੈ ਸਦਾ ਨਿਰੰਕਾਰ ਅੰਦਰ ।
ਕਾਗੋਂ ਹੰਸ ਹੋਵੇ ਉੱਚੀ ਵੰਸ ਵਾਲਾ,
ਇਹ ਹੈ ਪ੍ਰਭਤਾ ਤੇਰੇ ਦਰਬਾਰ ਅੰਦਰ ।
ਬਣ ਕੇ ਵੈਦ ਜੇ ਦਏਂ ਹਰ-ਨਾਮ ਚੁਟਕੀ,
ਨਵੀਂ ਫੂਕ ਦਏਂ ਰੂਹ ਬੀਮਾਰ ਅੰਦਰ ।
ਛੱਲ ਵੱਲ ਸਾਰੇ ਪੱਲ ਵਿੱਚ ਕੱਢੇਂ,
ਮੇਟੇਂ ਕੱਲ ਦੀ ਕੱਲ ਪਲਕਾਰ ਅੰਦਰ ।

ਮਿੱਠਾ ਰਾਗ ਹੈ ਤੇਰੀ ਰਬਾਬ ਅੰਦਰ,
ਪ੍ਰੇਮ ਰੱਸ ਹੈ ਸਤ ਕਰਤਾਰ ਅੰਦਰ ।
ਵਿੱਕ ਜਾਏਂ ਤੂੰ ਕਿਸੇ ਦੇ ਪਯਾਰ ਉੱਤੋਂ,
ਪਹੁੰਚੇਂ ਪਲ ਵਿੱਚ ਕਾਬਲ ਕੰਧਾਰ ਅੰਦਰ ।
ਵਲੀ ਪੀਰ ਫ਼ਕੀਰ ਤੇ ਸਾਧ ਜੋਗੀ,
ਸਿਫ਼ਤ ਨਹੀਂ ਇਹ ਕਿਸੇ ਅਵਤਾਰ ਅੰਦਰ ।
ਸਭਸ ਵਾਸਤੇ ਨੂਰ ਵਰਸਾਣ ਵਾਲਾ,
ਤੇਰਾ ਮੁਖੜਾ ਹੈ ਸੰਸਾਰ ਅੰਦਰ ।

## ਨਾਨਕੀ ਦਾ ਗੀਤ

**ਪ੍ਰੋਫੈਸਰ ਮੋਹਨ ਸਿੰਘ**

ਸਾਡੇ ਵਿਹੜੇ ਆਇਆ ਮਾਏ, ਨੂਰ ਕੋਈ ਰੱਬ ਦਾ,
ਸਾਰੇ ਜਗ ਵੇਖ ਲਿਆ ਸਾਨੂੰ ਕਿਉਂ ਨਾ ਲਭਦਾ ?
ਵੇਖ ਲਿਆ ਦਾਈਆਂ ਤੇ ਪਛਾਣ ਲਿਆ ਪਾਂਧਿਆਂ,
ਮੁੱਲਾਂ ਕੁਰਬਾਨ ਹੋਇਆ ਮੁਖ ਨੂੰ ਤਕਾਂਦਿਆਂ ।
ਮੱਝੀਆਂ ਤੇ ਗਾਈਆਂ ਡਿੱਠਾ ਚੁੱਕ ਚੁੱਕ ਬੂਥੀਆਂ,
ਕੀੜਿਆਂ ਤੇ ਕਾਂਢਿਆਂ ਵੀ ਲਭ ਲਈਆਂ ਖੂਬੀਆਂ ।
ਪੰਛੀਆਂ ਪਛਾਣ ਲਏ ਮਾਏ ਉਹਦੇ ਬੋਲ ਨੀ,
ਚਿਤਰੇ ਤੇ ਸ਼ੇਰ ਸੁੱਤੇ ਮਸਤ ਉਹਦੇ ਕੋਲ ਨੀ ।
ਵਣਾ ਕੀਤੇ ਸਾਏ, ਸੱਪਾਂ ਛੱਜਲੀਆਂ ਖਿਲਾਰੀਆਂ,
ਸਾਗਰਾਂ ਨੇ ਰਾਹ ਦਿੱਤੇ, ਮੱਛਾਂ ਨੇ ਸਵਾਰੀਆਂ ।
ਤੱਕ ਕੇ ਇਸ਼ਾਰੇ ਉਹਦੇ ਮੌਲ ਪਈਆਂ ਵਾੜੀਆਂ,
ਲਗ ਉਹਦੇ ਪੰਜੇ ਨਾਲ ਰੁਕੀਆਂ ਪਹਾੜੀਆਂ ।
ਤੱਕ ਉਹਦੇ ਨੈਣਾਂ ਦੀਆਂ ਡੂੰਘੀਆਂ ਖੁਮਾਰੀਆਂ,
ਭੁੱਲ ਗਈਆਂ ਟੂਣੇ ਕਾਮਰੂਪ ਦੀਆਂ ਨਾਰੀਆਂ ।
ਠੱਗਾਂ ਨੂੰ ਠਗੌਰੀ ਭੁੱਲੀ ਪੈਰੀਂ ਉਹਦੇ ਲੱਗ ਨੀ,
ਤਪਦੇ ਕੜਾਹੇ ਬੁੱਝੇ, ਠੰਢੀ ਹੋਈ ਅੱਗ ਨੀ ।
ਹਿੱਲੀਆਂ ਜਾਂ ਰਤਾ ਮੇਰੇ ਵੀਰ ਦੀਆਂ ਬੁੱਲ੍ਹੀਆਂ,
ਜੋਗੀਆਂ ਨੂੰ ਰਿੱਧਾਂ, ਨਿੱਧਾਂ, ਸਿਧਾਂ ਸਭ ਭੁੱਲੀਆਂ ।
ਇਹ ਕੀ ਏ ਜਹਾਨ, ਸਾਰੇ ਜਗ ਉਹਦੇ ਗੋਲੇ ਨੀ,
ਚੰਦ ਸੂਰ ਗਹਿਣੇ ਅਸਮਾਨ ਉਹਦੇ ਚੋਲੇ ਨੀ ।
ਜਲਾਂ ਥਲਾਂ ਅੰਬਰਾਂ ਅਕਾਸ਼ਾਂ ਉਹਨੂੰ ਪਾ ਲਿਆ,
ਰੇਤ ਦਿਆਂ ਜ਼ੱਰਿਆਂ ਵੀ ਓਸ ਨੂੰ ਤਕਾ ਲਿਆ ।
ਸਾਰੇ ਜਗ ਵੇਖ ਲਿਆ ਸਾਨੂੰ ਕਿਉਂ ਨਾ ਲਭਦਾ ?
ਸਾਡੇ ਵਿਹੜੇ ਆਇਆ ਮਾਏ, ਨੂਰ ਕੋਈ ਰੱਬ ਦਾ ।

# ਭਾਰਤੀ ਮਹਿਲਾ ਟੀਮ ਨੇ ਵਿਸ਼ਵ ਕੱਪ ਜਿੱਤ ਕੇ ਰੱਚਿਆ ਇਤਿਹਾਸ

## ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਪਹਿਲੀ ਵਾਰ ਖ਼ਿਤਾਬ ਆਪਣੇ ਨਾਮ ਕੀਤਾ




ਨਵੀਂ ਮੁੰਬਈ/ਏ.ਟੀ.ਨਿਊਜ਼: ਇੱਥੇ ਆਈ.ਸੀ.ਸੀ. ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿੱਚ ਭਾਰਤ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਨਵਾਂ ਇਤਿਹਾਸ ਲਿਖ ਦਿੱਤਾ ਹੈ। ਭਾਰਤੀ ਮਹਿਲਾ ਟੀਮ ਦੀ ਵਿਸ਼ਵ ਕੱਪ ਵਿੱਚ ਇਹ ਪਹਿਲੀ ਖਿਤਾਬੀ ਜਿੱਤ ਹੈ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 50 ਓਵਰਾਂ ਵਿੱਚ ਸੱਤ ਵਿਕਟਾਂ ਦੇ ਨੁਕਸਾਨ ’ਤੇ 298 ਦੌੜਾਂ ਬਣਾਈਆਂ ਜਿਸ ਦੇ ਜਵਾਬ ਵਿੱਚ ਦੱਖਣੀ ਅਫਰੀਕਾ ਦੀ ਪੂਰੀ ਟੀਮ 45.3 ਓਵਰਾਂ ਵਿਚ 246 ਦੌੜਾਂ ’ਤੇ ਆਊਟ ਹੋ ਗਈ। ਭਾਰਤ ਵੱਲੋਂ ਦੀਪਤੀ ਸ਼ਰਮਾ ਨੇ ਬਿਹਤਰੀਨ ਗੇਂਦਬਾਜ਼ੀ ਕੀਤੀ ਤੇ ਪੰਜ ਵਿਕਟਾਂ ਲਈਆਂ। ਇਸ ਤੋਂ ਇਲਾਵਾ ਸ਼ੈਫਾਲੀ ਵਰਮਾ ਨੇ ਵੀ ਅਹਿਮ ਵਿਕਟਾਂ ਹਾਸਲ ਕੀਤੀਆਂ। ਇਨ੍ਹਾਂ ਦੋਵਾਂ ਖਿਡਾਰਨਾਂ ਨੇ ਸ਼ਾਨਦਾਰ ਗੇਂਦਬਾਜ਼ੀ ਤੋਂ ਇਲਾਵਾ ਸ਼ਾਨਦਾਰ ਬੱਲੇਬਾਜ਼ੀ ਵੀ ਕੀਤੀ। ਸ਼ੈਫਾਲੀ ਵਰਮਾ ‘ਪਲੇਅਰ ਆਫ ਦਿ ਫਾਈਨਲ’ ਚੁਣੀ ਗਈ।

ਭਾਰਤ ਨੇ ਦੱਖਣੀ ਅਫਰੀਕਾ ਖ਼ਿਲਾਫ਼ ਫਾਈਨਲ ਮੁਕਾਬਲੇ ਵਿੱਚ ਪੰਜਾਹ ਓਵਰਾਂ ਵਿੱਚ ਸੱਤ ਵਿਕਟਾਂ ਦੇ ਨੁਕਸਾਨ ਨਾਲ 298 ਦੌੜਾਂ ਬਣਾਈਆਂ ਤੇ ਦੱਖਣੀ ਅਫਰੀਕਾ ਨੂੰ ਜਿੱਤ ਲਈ 299 ਦੌੜਾਂ ਦਾ ਟੀਚਾ ਦਿੱਤਾ।

ਭਾਰਤ ਨੇ ਸੈਮੀਫਾਈਨਲ ਵਿੱਚ ਖਿਤਾਬ ਦੀ ਮਜ਼ਬੂਤ ਦਾਅਵੇਦਾਰ ਮੰਨੀ ਜਾ ਰਹੀ ਆਸਟ੍ਰੇਲੀਆ ਦੀ ਟੀਮ ਨੂੰ ਹਰਾ ਕੇ ਤੀਜੀ ਵਾਰ ਫਾਈਨਲ ਵਿੱਚ ਜਗ੍ਹਾ ਬਣਾਈ ਸੀ। ਮੀਂਹ ਕਾਰਨ ਮੈਚ ਲਗਪਗ ਦੋ ਘੰਟੇ ਦੇਰੀ ਨਾਲ ਸ਼ੁਰੂ ਹੋਇਆ ਪਰ ਓਵਰਾਂ ਵਿੱਚ ਕੋਈ ਕਟੌਤੀ ਨਹੀਂ ਕੀਤੀ ਗਈ। ਸ਼ੈਫਾਲੀ ਵਰਮਾ ਨੇ ਸਭ ਤੋਂ ਵੱਧ 87 ਦੌੜਾਂ ਬਣਾਈਆਂ। ਉਸ ਨੇ ਸਮ੍ਰਿਤੀ ਮੰਧਾਨਾ (45) ਨਾਲ ਮਿਲ ਕੇ ਪਹਿਲੀ ਵਿਕਟ ਲਈ 104 ਦੌੜਾਂ ਦੀ ਭਾਈਵਾਲੀ ਕੀਤੀ। ਕਪਤਾਨ ਹਰਮਨਪ੍ਰੀਤ ਕੌਰ (20) ਵੀ ਵੱਡਾ ਸਕੋਰ ਬਣਾਉਣ ਵਿੱਚ ਨਾਕਾਮ ਰਹੀ। ਦੀਪਤੀ ਸ਼ਰਮਾ (58) ਅਤੇ ਰਿਚਾ ਘੋਸ਼ (24 ਗੇਂਦਾਂ ’ਤੇ 34) ਨੇ ਛੇਵੀਂ ਵਿਕਟ ਲਈ 47 ਦੌੜਾਂ ਦੀ ਤੇਜ਼ ਭਾਈਵਾਲੀ ਕਰਕੇ ਭਾਰਤ ਨੂੰ ਇੱਕ ਚੁਣੌਤੀਪੂਰਨ ਸਕੋਰ ਤੱਕ ਪਹੁੰਚਾਇਆ। ਦੀਪਤੀ ਸ਼ਰਮਾ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ 20 ਵਿਕਟਾਂ ਅਤੇ 200 ਦੌੜਾਂ ਬਣਾਉਣ ਵਾਲੀ ਪਹਿਲੀ ਮਹਿਲਾ ਕ੍ਰਿਕਟਰ ਬਣ ਗਈ ਹੈ।

ਟੀਚਾ ਪੂਰਾ ਕਰਨ ਉੱਤਰੀ ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੋਲਵਾਰਟ ਨੇ 101 ਦੌੜਾਂ ਬਣਾ ਕੇ ਟੀਮ ਨੂੰ ਖਿਤਾਬ ਦੀ ਦੌੜ ਵਿੱਚ ਬਣਾਈ ਰੱਖਿਆ ਪਰ ਦੀਪਤੀ ਸ਼ਰਮਾ ਦੀ ਗੇਂਦ ’ਤੇ ਅਮਨਜੋਤ ਕੌਰ ਨੇ ਸ਼ਾਨਦਾਰ ਕੈਚ ਫੜ ਕੇ ਉਸ ਦੀ ਪਾਰੀ ਖ਼ਤਮ ਕਰ ਦਿੱਤੀ। ਵੋਲਵਾਰਟ ਇੱਕ ਸਿਰੇ ’ਤੇ ਡਟੀ ਰਹੀ ਪਰ ਉਸ ਨੂੰ ਦੂਜੇ ਪਾਸਿਓਂ ਕਿਸੇ ਦਾ ਸਾਥ ਨਾ ਮਿਲਿਆ। ਭਾਰਤ ਲਈ ਦੀਪਤੀ ਸ਼ਰਮਾ ਨੇ ਪੰਜ, ਸ਼ੈਫਾਲੀ ਵਰਮਾ ਨੇ ਦੋ ਤੇ ਸ੍ਰੀਚਰਨੀ ਨੇ ਇੱਕ ਵਿਕਟ ਹਾਸਲ ਕੀਤੀ।

### ਬੀ.ਸੀ.ਸੀ.ਆਈ. ਦੇਵੇਗਾ ਵਿਸ਼ਵ ਕੱਪ ਜੇਤੂ ਭਾਰਤੀ ਟੀਮ ਨੂੰ 51 ਕਰੋੜ ਰੁਪਏ ਦਾ ਪੁਰਸਕਾਰ

ਮੁੰਬਈ/ਏ.ਟੀ.ਨਿਊਜ਼ : ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੇ ਸਕੱਤਰ ਦੇਵਾਜੀਤ ਸੈਕੀਆ ਨੇ ਆਈਸੀਸੀ ਮਹਿਲਾ ਵਿਸ਼ਵ ਕੱਪ ਦਾ ਖਿਤਾਬ ਜਿੱਤਣ ਵਾਲੀ ਭਾਰਤੀ ਟੀਮ ਲਈ 51 ਕਰੋੜ ਰੁਪਏ ਦੇ ਨਗ਼ਦ ਪੁਰਸਕਾਰ ਦਾ ਐਲਾਨ ਕੀਤਾ ਹੈ। ਮੀਡੀਆ ਨਾਲ ਗੱਲ ਕਰਦੇ ਹੋਏ ਸੈਕੀਆ ਨੇ ਕਿਹਾ, “1983 ਵਿੱਚ, ਕਪਿਲ ਦੇਵ ਨੇ ਭਾਰਤ ਨੂੰ ਵਿਸ਼ਵ ਕੱਪ ਜਿੱਤਾ ਕੇ ਕ੍ਰਿਕਟ ਵਿੱਚ ਇੱਕ ਨਵਾਂ ਯੁੱਗ ਅਤੇ ਉਤਸ਼ਾਹ ਲਿਆਂਦਾ। ਅੱਜ ਵੀ ਭਾਰਤੀ ਮਹਿਲਾ ਟੀਮ ਨੇ ਉਹੀ ਉਤਸ਼ਾਹ ਦਿਖਾਇਆ ਹੈ। ਹਰਮਨਪ੍ਰੀਤ ਕੌਰ ਅਤੇ ਉਨ੍ਹਾਂ ਦੀ ਟੀਮ ਨੇ ਸਿਰਫ਼ ਟਰਾਫੀ ਨਹੀਂ ਜਿੱਤੀ, ਉਨ੍ਹਾਂ ਨੇ ਸਾਰੇ ਭਾਰਤੀਆਂ ਦੇ ਦਿਲ ਜਿੱਤ ਲਏ ਹਨ। ਉਨ੍ਹਾਂ ਨੇ ਮਹਿਲਾ ਕ੍ਰਿਕਟਰਾਂ ਦੀ ਅਗਲੀ ਪੀੜ੍ਹੀ ਲਈ ਰਾਹ ਪੱਧਰਾ ਕੀਤਾ ਹੈ... ਮਹਿਲਾ ਕ੍ਰਿਕਟ ਪਹਿਲਾਂ ਹੀ ਆਪਣੇ ਅਗਲੇ ਪੱਧਰ ’ਤੇ ਪਹੁੰਚ ਗਈ ਹੈ ਜਦੋਂ ਸਾਡੀ ਟੀਮ ਨੇ ਸੈਮੀਫਾਈਨਲ ਵਿੱਚ ਆਸਟ੍ਰੇਲੀਆ ਨੂੰ ਹਰਾਇਆ...।” ਸੈਕੀਆ ਨੇ ਕਿਹਾ, “ਜਦੋਂ ਤੋਂ ਜੈ ਸ਼ਾਹ ਨੇ ਬੀ.ਸੀ.ਸੀ.ਆਈ. ਦਾ ਚਾਰਜ ਸੰਭਾਲਿਆ ਹੈ (2019 ਤੋਂ 2024 ਤੱਕ 2339 ਦੇ ਸਕੱਤਰ ਵਜੋਂ ਸੇਵਾ ਨਿਭਾ ਰਿਹਾ ਹੈ), ਉਸ ਨੇ ਮਹਿਲਾ ਕ੍ਰਿਕਟ ਵਿੱਚ ਕਈ ਬਦਲਾਅ ਲਿਆਂਦੇ ਹਨ। (**ਬਾਕੀ ਸਫ਼ਾ 26 ’ਤੇ**)

# ਭਾਰਤੀ ਟੀਮ ਜਿੱਤ ਦੀ ਹੱਕਦਾਰ ਸੀ: ਹਰਮਨਪ੍ਰੀਤ










ਨਵੀਂ ਮੁੰਬਈ/ਏ.ਟੀ.ਨਿਊਜ਼: ਭਾਰਤੀ ਮਹਿਲਾ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਪਿਛਲੇ ਦਿਨੀਂ ਖਿਤਾਬੀ ਮੁਕਾਬਲੇ ਵਿੱਚ ਦੱਖਣੀ ਅਫ਼ਰੀਕਾ ਨੂੰ ਹਰਾ ਕੇ ਆਈ.ਸੀ.ਸੀ. ਵਿਸ਼ਵ ਕੱਪ ਟਰਾਫੀ ਜਿੱਤ ਕੇ ਇਤਿਹਾਸ ਰਚਣ ਮਗਰੋਂ ਕਿਹਾ ਕਿ ਇਸ ਜਿੱਤ ਦਾ ਸਿਹਰਾ ਟੀਮ ਦੀ ਹਰੇਕ ਮੈਂਬਰ ਨੂੰ ਜਾਂਦਾ ਹੈ। ਹਰਮਨਪ੍ਰੀਤ ਦੀ ਅਗਵਾਈ ਵਾਲੀ ਭਾਰਤੀ ਟੀਮ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਪਹਿਲੀ ਆਈ.ਸੀ.ਸੀ. ਟਰਾਫੀ ਜਿੱਤੀ।

ਹਰਮਨਪ੍ਰੀਤ ਕੌਰ ਨੇ ਮੈਚ ਮਗਰੋਂ ਕਿਹਾ, “ਜਿੱਤ ਦਾ ਸਿਹਰਾ ਟੀਮ ਨੂੰ ਤੇ ਟੀਮ ਦੀ ਹਰੇਕ ਮੈਂਬਰ ਨੂੰ ਜਾਂਦਾ ਹੈ। ਅਸੀਂ ਲਗਾਤਾਰ ਤਿੰਨ ਮੈਚ ਹਾਰੇ ਸੀ ਪਰ ਇਸ ਤੋਂ ਬਾਅਦ ਜਿਵੇਂ ਅਸੀਂ ਖੇਡੇ। ਸਾਨੂੰ ਪਤਾ ਸੀ ਕਿ ਅਸੀਂ ਚੀਜ਼ਾਂ ਨੂੰ ਬਦਲ ਸਕਦੇ ਹਾਂ। ਅਸੀਂ ਆਪਣੇ ’ਤੇ ਭਰੋਸਾ ਰੱਖਿਆ ਤੇ ਸਕਾਰਾਤਮਕ ਰਹੇ। ਇਹ ਟੀਮ ਜਿੱਤ ਦੀ ਹੱਕਦਾਰ ਸੀ। ਬੀ.ਸੀ.ਸੀ.ਆਈ. ਤੇ ਦਰਸ਼ਕ ਉਤਰਾਅ ਚੜ੍ਹਾਅ ਦੌਰਾਨ ਸਾਡੇ ਨਾਲ ਰਹੇ।”ਹਰਮਨਪ੍ਰੀਤ ਨੇ ਸ਼ੈਫਾਲੀ ਵਰਮਾ ਦੀ ਗੇਂਦਬਾਜ਼ੀ ’ਤੇ ਕਿਹਾ, “ਜਦੋਂ ਲੌਰਾ ਬੋਲਵਾਰਟ ਤੇ ਸੁਨੇ ਲੁਸ ਬਹੁਤ ਚੰਗੀ ਬੱਲੇਬਾਜ਼ੀ ਕਰ ਰਹੀਆਂ ਸਨ ਤਾਂ ਮੈਂ ਸ਼ੈਫਾਲੀ ਨੂੰ ਦੇਖਿਆ। ਉਸ ਨੇ ਜਿਸ ਤਰ੍ਹਾਂ ਬੱਲੇਬਾਜ਼ੀ ਕੀਤੀ ਸੀ ਤਾਂ ਮੈਨੂੰ ਲੱਗਿਆ ਕਿ ਉਸ ਨੂੰ ਘੱਟੋ ਘੱਟ ਇਕ ਓਵਰ ਦਾ ਦੇਣਾ ਬਣਦਾ ਹੈ। ਸਾਡੇ ਲਈ ਇਹ ਮੈਚ ਦਾ ਟਰਨਿੰਗ ਪੁਆਇੰਟ ਰਿਹਾ। ਉਸ ਨੇ ਕਿਹਾ ਜੇਕਰ ਗੇਂਦਬਾਜ਼ੀ ਕਰਾਂਗੀ ਤਾਂ 10 ਓਵਰ ਸੁੱਟਾਂਗੀ। ਜਿੱਤ ਦਾ ਸਿਹਰਾ ਉਸ ਦੇ ਸਿਰ ਵੀ ਬੱਝਦਾ ਹੈ। ਉਹ ਕਾਫ਼ੀ ਸਕਾਰਾਤਮਕ ਸੀ। ਉਸ ਨੂੰ ਸਲਾਮ।”

ਹਰਮਨਪ੍ਰੀਤ ਨੇ ਕਿਹਾ, “ਦੱਖਣੀ ਅਫਰੀਕਾ ਦੀ ਟੀਮ ਨੇ ਬਹੁਤ ਵਧੀਆ ਬੱਲੇਬਾਜ਼ੀ ਕੀਤੀ। ਪਰ ਉਹ ਅਖੀਰ ਵਿੱਚ ਥੋੜ੍ਹਾ ਘਬਰਾਏ ਅਤੇ ਅਸੀਂ ਇਸ ਦਾ ਫਾਇਦਾ ਉਠਾਇਆ। ਫਿਰ ਦੀਪਤੀ ਨੇ ਉਹ ਵਿਕਟਾਂ ਲਈਆਂ।” ਦੀਪਤੀ ਸ਼ਰਮਾ ਨੇ ਫਾਈਨਲ ਵਿੱਚ ਪੰਜ ਵਿਕਟਾਂ ਲਈਆਂ ਤੇ 58 ਦੌੜਾਂ ਬਣਾਈਆਂ। ਉਸ ਨੂੰ ਟੂਰਨਾਮੈਂਟ ਵਿੱਚ 22 ਵਿਕਟਾਂ ਨਾਲ ਨਵਾਂ ਰਿਕਾਰਡ ਬਣਾਉਣ ਅਤੇ 200 ਤੋਂ ਵੱਧ ਦੌੜਾਂ ਬਣਾਉਣ ਲਈ ‘ਪਲੇਅਰ ਆਫ਼ ਦਿ ਟੂਰਨਾਮੈਂਟ’ ਚੁਣਿਆ ਗਿਆ। ਸ਼ੈਫਾਲੀ ਵਰਮਾ ਨੂੰ 87 ਦੌੜਾਂ ਬਣਾਉਣ ਅਤੇ ਦੋ ਵਿਕਟਾਂ ਲੈਣ ਲਈ ‘ਪਲੇਅਰ ਆਫ ਦਿ ਫਾਈਨਲ’ ਚੁਣਿਆ ਗਿਆ।

**ਸਭ ਕੁਝ ਇੱਕ ਸੁਪਨੇ ਵਾਂਗ: ਦੀਪਤੀ ਸ਼ਰਮਾ**

ਦੀਪਤੀ ਨੇ ਕਿਹਾ, “ਇਹ ਇੱਕ ਸੁਪਨੇ ਵਾਂਗ ਮਹਿਸੂਸ ਹੁੰਦਾ ਹੈ। ਇਹ ਚੰਗਾ ਲੱਗਦਾ ਹੈ ਕਿ ਮੈਂ ਵਿਸ਼ਵ ਕੱਪ ਫਾਈਨਲ ਵਿੱਚ ਇਸ ਤਰ੍ਹਾਂ ਯੋਗਦਾਨ ਪਾ ਸਕੀ। ਮੈਂ ਹਮੇਸ਼ਾ ਜ਼ਿੰਮੇਵਾਰੀਆਂ ਦਾ ਆਨੰਦ ਮਾਣਦੀ ਹਾਂ, ਭਾਵੇਂ ਮੈਂ ਕਿਸੇ ਵੀ ਵਿਭਾਗ ਵਿੱਚ ਹੋਵਾਂ। ਮੈਂ ਹਾਲਾਤਾਂ ਦੇ ਅਨੁਕੂਲ ਬਣਨਾ ਚਾਹੁੰਦੀ ਸੀ। ਇੱਕ ਹਰਫਨਮੌਲਾ ਵਜੋਂ ਪ੍ਰਦਰਸ਼ਨ ਕਰਨਾ ਬਹੁਤ ਵਧੀਆ ਸੀ। ਮੈਂ ਟੂਰਨਾਮੈਂਟ ਦੀ ਖਿਡਾਰੀ ਦੀ ਟਰਾਫੀ ਆਪਣੇ ਮਾਪਿਆਂ ਨੂੰ ਸਮਰਪਿਤ ਕਰਨਾ ਚਾਹੁੰਦੀ ਹਾਂ।”

**ਅਸੀਂ ਆਪਣੀ ਕੁਦਰਤੀ ਖੇਡ ਖੇਡੀ : ਸ਼ੈਫਾਲੀ ਵਰਮਾ**

ਸ਼ੈਫਾਲੀ, ਜੋ ਫਾਰਮ ਵਿੱਚ ਚੱਲ ਰਹੀ ਸਲਾਮੀ ਬੱਲੇਬਾਜ਼ ਪ੍ਰਤੀਕਾ ਰਾਵਲ ਦੀ ਸੱਟ ਕਾਰਨ ਨਾਕਆਊਟ ਪੜਾਵਾਂ ਲਈ ਟੀਮ ਵਿੱਚ ਸ਼ਾਮਲ ਹੋਈ ਸੀ, ਨੇ ਕਿਹਾ, “ਰੱਬ ਨੇ ਮੈਨੂੰ ਇੱਥੇ ਕੁਝ ਕਰਨ ਲਈ ਭੇਜਿਆ ਹੈ। ਮੈਂ ਇਸ ਭਾਵਨਾ ਨੂੰ ਬਿਆਨ ਨਹੀਂ ਕਰ ਸਕਦੀ। ਸਿੱਧੇ ਨਾਕਆਊਟ ਵਿੱਚ ਆਉਣਾ ਔਖਾ ਸੀ, ਪਰ ਮੇਰੇ ਵਿੱਚ ਵਿਸ਼ਵਾਸ ਸੀ। ਮੈਨੂੰ ਪੂਰਾ ਪਰਿਵਾਰਕ ਸਮਰਥਨ ਮਿਲਿਆ। ਫਾਈਨਲ ਬਹੁਤ ਮਹੱਤਵਪੂਰਨ ਸੀ। ਇਹ ਇੱਕ ਯਾਦਗਾਰੀ ਪਲ ਹੈ।” ਉਸ ਨੇ ਕਿਹਾ, “ਅੱਜ ਯੋਜਨਾ ਸਪੱਸ਼ਟ ਸੀ, ਅਤੇ ਮੈਂ ਖ਼ੁਸ਼ ਹਾਂ ਕਿ ਮੈਂ ਇਸ ਨੂੰ ਅਮਲੀ ਰੂਪ ਦੇਣ ਦੇ ਯੋਗ ਸੀ ਕਿਉਂਕਿ ਸਾਰੇ ਸੀਨੀਅਰ ਖਿਡਾਰੀਆਂ ਨੇ ਮੈਨੂੰ ਆਪਣੀ ਕੁਦਰਤੀ ਖੇਡ ਖੇਡਣ ਲਈ ਕਿਹਾ।”

**ਇਹ ਇੱਕ ਅਦਭੁਤ ਪਲ : ਸਮ੍ਰਿਤੀ ਮੰਧਾਨਾ**

ਉਪ-ਕਪਤਾਨ ਸਮ੍ਰਿਤੀ ਮੰਧਾਨਾ ਨੇ ਕਿਹਾ, “ਮੈਨੂੰ ਨਹੀਂ ਪਤਾ ਕਿ ਮੈਂ ਚੈਂਪੀਅਨ ਬਣਨ ’ਤੇ ਕਿਵੇਂ ਪ੍ਰਤੀਕਿਰਿਆ ਕਰਾਂਗੀ। ਇਸ ਵਿੱਚ ਸਮਾਂ ਲੱਗੇਗਾ। ਮੈਂ ਕਦੇ ਵੀ ਕ੍ਰਿਕਟ ਦੇ ਮੈਦਾਨ ’ਤੇ ਇੰਨੀ ਭਾਵੁਕ ਨਹੀਂ ਹੋਈ। ਇਹ ਇੱਕ ਅਦਭੁਤ ਪਲ ਹੈ। ਘਰੇਲੂ ਸਰਜ਼ਮੀਨ ’ਤੇ ਵਿਸ਼ਵ ਕੱਪ ਜਿੱਤਣਾ ਅਤੇ ‘ਵਿਸ਼ਵ ਚੈਂਪੀਅਨ’ ਦਾ ਤਾਜ ਪਹਿਨਣਾ ਅਸਲੀਅਤ ਤੋਂ ਪਰੇ ਮਹਿਸੂਸ ਹੁੰਦਾ ਹੈ। ਅਸੀਂ ਕਈ ਵਾਰ ਨਿਰਾਸ਼ਾ ਦਾ ਸਾਹਮਣਾ ਕੀਤਾ ਹੈ। ਮੈਂ ਉਸ ਸਮਰਥਨ ਨੂੰ ਬਿਆਨ ਨਹੀਂ ਕਰ ਸਕਦੀ ਜੋ ਸਾਨੂੰ ਮਿਲਿਆ ਹੈ। ਪਿਛਲੇ 40 ਦਿਨ ਇੱਕ ਸੁਪਨੇ ਵਾਂਗ ਰਹੇ ਹਨ। ਜੇਕਰ ਮੈਨੂੰ ਵਿਸ਼ਵ ਕੱਪ ਜਿੱਤਣ ਲਈ 45 ਦਿਨ ਜਾਗਦੇ ਰਹਿਣਾ ਪਵੇ, ਤਾਂ ਮੈਂ ਇਹ ਵੀ ਕਰਾਂਗੀ। ਅਸੀਂ ਸਾਰਿਆਂ ਨੇ ਸਖ਼ਤ ਮਿਹਨਤ ਕੀਤੀ।”

### ਭਾਰਤ ਨੇ ਸ਼ਾਨਦਾਰ ਖੇਡ ਦਿਖਾਈ: ਲੌਰਾ ਵੋਲਵਾਰਟ



ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੋਲਵਾਰਟ ਨੇ ਕਿਹਾ, “ਮੈਨੂੰ ਆਪਣੀ ਟੀਮ ’ਤੇ ਮਾਣ ਹੈ ਪਰ ਭਾਰਤ ਨੇ ਸ਼ਾਨਦਾਰ ਖੇਡ ਦਿਖਾਈ। ਬਦਕਿਸਮਤੀ ਨਾਲ, ਅਸੀਂ ਹਾਰ ਗਏ।” ਭਾਰਤ ਨੇ ਸ਼ੈਫਾਲੀ (78 ਗੇਂਦਾਂ ’ਤੇ 87 ਦੌੜਾਂ) ਅਤੇ ਦੀਪਤੀ (58 ਦੌੜਾਂ) ਦੇ ਨੀਮ ਸੈਂਕੜਿਆਂ ਦੀ ਬਦੌਲਤ ਸੱਤ ਵਿਕਟਾਂ ’ਤੇ 298 ਦੌੜਾਂ ਬਣਾਈਆਂ। ਟੀਚੇ ਦਾ ਪਿੱਛਾ ਕਰਦੇ ਹੋਏ, ਦੱਖਣੀ ਅਫਰੀਕਾ ਦੀ ਟੀਮ ਕਪਤਾਨ ਲੌਰਾ ਵੋਲਵਾਰਟ(101 ਦੌੜਾਂ) ਦੇ ਸੈਂਕੜੇ ਦੇ ਬਾਵਜੂਦ 45.3 ਓਵਰਾਂ ਵਿੱਚ 246 ਦੌੜਾਂ ’ਤੇ ਆਲ ਆਊਟ ਹੋ ਗਈ। ਦੀਪਤੀ ਸ਼ਰਮਾ ਨੇ 39 ਦੌੜਾਂ ਬਦਲੇ ਪੰਜ ਵਿਕਟਾਂ ਤੇ ਸ਼ੈਫਾਲੀ ਵਰਮਾ ਨੇ ਦੋ ਵਿਕਟਾਂ ਲਈਆਂ। ਸ਼੍ਰੀ ਚਰਨੀ ਨੇ ਇੱਕ ਵਿਕਟ ਲਈ। ਸਲਾਮੀ ਬੱਲੇਬਾਜ਼ ਮੰਧਾਨਾ ਨੇ 45 ਦੌੜਾਂ ਅਤੇ ਵਿਕਟਕੀਪਰ-ਬੱਲੇਬਾਜ਼ ਰਿਚਾ ਘੋਸ਼ ਨੇ 34 ਦੌੜਾਂ ਦਾ ਯੋਗਦਾਨ ਪਾਇਆ।

# ਜਦੋਂ ਦਿਲਜੀਤ ਨੇ ਦਿੱਤਾ ਨਸਲੀ ਟਿੱਪਣੀ ਦਾ ਜਵਾਬ

ਪੰਜਾਬੀ ਗਾਇਕ ਦਿਲਜੀਤ ਦੋਸਾਂਝ ਨੇ ਆਸਟ੍ਰੇਲੀਆ ਦੇ ਸਿਡਨੀ ਵਿੱਚ ਇੱਕ ਪੂਰਾ ਸਟੇਡੀਅਮ ਭਰਨ ਵਾਲਾ ਪਹਿਲਾ ਭਾਰਤੀ ਕਲਾਕਾਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਉਸ ਦਾ ਔਰਾ ਵਰਲਡ ਟੂਰ ਕੰਸਰਟ, ਜਿਸ ਵਿੱਚ ਲਗਪਗ 30,000 ਪ੍ਰਸ਼ੰਸਕਾਂ ਨੇ ਸ਼ਿਰਕਤ ਕੀਤੀ, ਇੱਕ ਬਹੁਤ ਵੱਡੀ ਸਫਲਤਾ ਸੀ। ਇਸ ਦੀਆਂ ਟਿਕਟਾਂ ਦੀਆਂ ਕੀਮਤਾਂ 800 ਡਾਲਰ ਤੱਕ ਪਹੁੰਚ ਗਈਆਂ ਸਨ।

ਹਾਲਾਂਕਿ ਗਾਇਕ ਦੀ ਆਸਟ੍ਰੇਲੀਆਈ ਯਾਤਰਾ ਚੁਣੌਤੀਆਂ ਤੋਂ ਮੁਕਤ ਨਹੀਂ ਰਹੀ। ਦਿਲਜੀਤ ਨੂੰ ਆਸਟ੍ਰੇਲੀਆ ਪਹੁੰਚਣ 'ਤੇ ਨਸਲੀ ਟਿੱਪਣੀ ਦਾ ਸਾਹਮਣਾ ਕਰਨਾ ਪਿਆ, ਜਿੱਥੇ ਕੁਝ ਲੋਕਾਂ ਨੇ ਪਾਪਰਾਜ਼ੀ ਦੀਆਂ ਫੋਟੋਆਂ ਦੇ ਕਮੈਂਟ ਸੈਕਸ਼ਨ ਵਿੱਚ ਲਿਖਿਆ, ''ਨਵਾਂ ਉਬਰ ਡਰਾਈਵਰ ਆ ਗਿਆ ਹੈ, ਜਾਂ ਨਵਾਂ 7-11 ਕਰਮਚਾਰੀ ਉਤਰਿਆ ਹੈ..''

ਇਨ੍ਹਾਂ ਟਿੱਪਣੀਆਂ 'ਤੇ ਇੱਕ ਦਿਲ ਨੂੰ ਛੂਹਣ ਵਾਲੇ ਜਵਾਬ ਵਿੱਚ ਦਿਲਜੀਤ ਨੇ ਆਪਣੇ ਯੂਟਿਊਬ ਚੈਨਲ 'ਤੇ ਇੱਕ ਪਰਦੇ ਪਿੱਛੇ ਦੇ ਵੀਡੀਓ ਵਿੱਚ ਨਸਲੀ ਟਿੱਪਣੀਆਂ ਦਾ ਜਵਾਬ ਦਿੱਤਾ।




ਉਨ੍ਹਾਂ ਨੇ ਏਕਤਾ ਅਤੇ ਸਾਰੇ ਪੇਸ਼ਿਆਂ ਲਈ ਸਤਿਕਾਰ 'ਤੇ ਜ਼ੋਰ ਦਿੰਦੇ ਹੋਏ ਕਿਹਾ, 'ਮੈਂ ਸੋਚਦਾ ਹਾਂ ਕਿ ਦੁਨੀਆ ਇੱਕ ਹੋਣੀ ਚਾਹੀਦੀ ਹੈ ਅਤੇ ਕੋਈ ਸਰਹੱਦ ਨਹੀਂ ਹੋਣੀ ਚਾਹੀਦੀ।'

ਦਿਲਜੀਤ ਨੇ ਕਿਹਾ ''ਮੈਨੂੰ ਟੈਕਸੀ ਜਾਂ ਟਰੱਕ ਡਰਾਈਵਰ ਨਾਲ ਤੁਲਨਾ ਕੀਤੇ ਜਾਣ 'ਤੇ ਕੋਈ ਇਤਰਾਜ਼ ਨਹੀਂ ਹੈ। ਜੇ ਟਰੱਕ ਡਰਾਈਵਰ ਨਾ ਹੋਣ, ਤਾਂ ਤੁਹਾਨੂੰ ਘਰ ਲਈ ਰੋਟੀ ਨਹੀਂ ਮਿਲੇਗੀ। ਮੈਂ ਨਾਰਾਜ਼ ਨਹੀਂ ਹਾਂ ਅਤੇ ਮੇਰਾ ਪਿਆਰ ਸਾਰਿਆਂ ਲਈ ਹੈ, ਇੱਥੋਂ ਤੱਕ ਕਿ ਉਨ੍ਹਾਂ ਲਈ ਵੀ ਜੋ ਮੇਰੇ ਬਾਰੇ ਅਜਿਹੀਆਂ ਗੱਲਾਂ ਕਹਿੰਦੇ ਹਨ।''ਦਿਲਜੀਤ ਦੋਸਾਂਝ ਦਾ ਸਿਡਨੀ ਸ਼ੋਅ ਭਾਰਤੀ ਸੰਗੀਤ ਦੀ ਗਲੋਬਲ ਮਾਨਤਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦਾ ਹੈ। ਆਪਣੇ ਟੂਰ ਨਾਲ ਦਿਲਜੀਤ ਨੇ ਆਪਣੇ ਆਪ ਨੂੰ ਇੱਕ ਪ੍ਰਤਿਭਾਸ਼ਾਲੀ ਅਤੇ ਦ੍ਰਿੜ ਕਲਾਕਾਰ ਸਾਬਤ ਕੀਤਾ ਹੈ, ਜੋ ਦੁਨੀਆ ਭਰ ਦੇ ਦਰਸ਼ਕਾਂ ਨੂੰ ਲੁਭਾ ਸਕਦਾ ਹੈ।



# ਵਿਦਿਆਰਥੀਆਂ ਨਾਲ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਸਾਂਝਾ ਕਰਦੈ ਰਾਣਾ ਰਣਬੀਰ

ਰਜਨੀ ਭਗਾਣੀਆ



ਹਰ ਇਨਸਾਨ ਵਿੱਚ ਕੋਈ ਨਾ ਕੋਈ ਗੁਣ ਜ਼ਰੂਰ ਮੌਜੂਦ ਹੁੰਦਾ ਹੈ ਬਸ ਜ਼ਰੂਰਤ ਹੁੰਦੀ ਹੈ ਉਸ ਗੁਣ ਨੂੰ ਤਰਾਸ਼ਣ ਦੀ। ਇੱਥੇ ਗੱਲ ਆਉਂਦੀ ਹੈ ਖੁਦ ਨੂੰ ਤਰਾਸ਼ਣ ਵਾਲੇ ਅਦਾਕਾਰ, ਹਾਸਰਸ ਕਲਾਕਾਰ, ਲੇਖਕ ਤੇ ਨਿਰਦੇਸ਼ਕ ਵਜੋਂ ਪਛਾਣ ਬਣਾਉਣ ਵਾਲੇ ਰਾਣਾ ਰਣਬੀਰ ਦੀ। ਉਸ ਦਾ ਜਨਮ 9 ਅਪ੍ਰੈਲ 1970 ਨੂੰ ਧੂਰੀ, ਜ਼ਿਲ੍ਹਾ ਸੰਗਰੂਰ ਵਿਖੇ ਪਿਤਾ ਮਾਸਟਰ ਮੋਹਨ ਸਿੰਘ ਦੇ ਘਰ ਹੋਇਆ। ਉਸ ਨੇ ਆਪਣੀ ਮੁੱਢਲੀ ਸਿੱਖਿਆ ਤੋਂ ਬਾਅਦ ਗ੍ਰੈਜੂਏਸ਼ਨ ਦੇਸ਼ ਭਗਤ ਕਾਲਜ ਧੂਰੀ ਤੋਂ ਤੇ ਥੀਏਟਰ ਅਤੇ ਟੈਲੀਵਿਜ਼ਨ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ।

ਜ਼ਿਆਦਾਤਰ ਇਹ ਹੁੰਦਾ ਹੈ ਕਿ ਜੋ ਜਿਸ ਖੇਤਰ ਵਿੱਚ ਕਾਮਯਾਬ ਹੁੰਦਾ ਹੈ ਉਹ ਉਸ ਦਾ ਸ਼ੌਕ ਜ਼ਰੂਰ ਰੱਖਦਾ ਹੈ, ਪਰ ਰਾਣਾ ਰਣਬੀਰ ਨਾਲ ਅਜਿਹਾ ਨਹੀਂ ਸੀ। ਉਸ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ ਜੋ ਦੂਜਿਆਂ ਦੇ ਰੰਗ ਰੂਪ, ਕੱਦ ਕਾਠ, ਸਰੀਰਕ ਬਣਤਰ ਨੂੰ ਲੈ ਕੇ ਮਜ਼ਾਕ ਕਰਦੇ ਰਹਿੰਦੇ ਹਨ। ਉਹ ਸਕੂਲ ਸਮੇਂ ਤੋਂ ਹੀ ਆਪਣੇ ਛੋਟੇ ਕੱਦ-ਕਾਠ ਕਾਰਨ ਹਾਸੇ ਦਾ ਪਾਤਰ ਰਿਹਾ। ਸਕੂਲ ਵਿੱਚ ਉਸ ਦਾ ਮਜ਼ਾਕ ਉਡਾਇਆ ਜਾਂਦਾ ਤੇ ਕਾਲਜ ਵਿੱਚ ਵੀ ਇਹੀ ਸਿਲਸਿਲਾ ਜਾਰੀ ਰਿਹਾ। ਉਹ ਅਕਸਰ ਆਪਣੇ ਆਂਢ-ਗੁਆਂਢ, ਸਕੂਲ ਅਧਿਆਪਕਾਂ, ਦੋਸਤਾਂ ਤੇ ਰਿਸ਼ਤੇਦਾਰਾਂ ਤੋਂ ਆਪਣੇ ਛੋਟੇ ਕੱਦ ਕਾਰਨ ਕਈ ਗੱਲਾਂ ਸੁਣਦਾ ਜੋ ਉਸ ਨੂੰ ਜ਼ਿੰਦਗੀ ਵਿੱਚ ਬਹੁਤ ਵੱਡੀ ਕਮੀ ਹੋਣ ਦਾ ਅਹਿਸਾਸ ਕਰਾਉਂਦੇ ਰਹੇ। ਨਤੀਜੇ ਵਜੋਂ ਉਸ ਦਾ ਪੜ੍ਹਾਈ ਵਿੱਚ ਮਨ ਨਹੀਂ ਸੀ ਲੱਗਦਾ।

ਇਨ੍ਹਾਂ ਗੱਲਾਂ ਦਾ ਸਾਹਮਣਾ ਕਰਦੇ ਜਦੋਂ ਕਾਲਜ ਦੀ ਸ਼ੁਰੂਆਤ ਕੀਤੀ ਤਾਂ ਇਹ ਸਿਲਸਿਲਾ ਹੋਰ ਜ਼ਿਆਦਾ ਵਧ ਗਿਆ। ਕਦੇ ਮੁੰਡੇ ਉਸ ਨੂੰ ਕੱਛ ਵਿੱਚ ਲੈ ਕੇ ਗੱਲ ਕਰਦੇ ਤੇ ਕੋਈ ਬਚੀ, ਬੌਣਾ ਜਿਹਾ, ਤੂੰ ਖੜ੍ਹਾ ਕਿ ਬੈਠਾ, ਤੂੰ ਤਾਂ ਦਿਸਦਾ ਈ ਨ੍ਹੀਂ ਇਸ ਤਰ੍ਹਾਂ ਦੀਆਂ ਗੱਲਾਂ ਨੇ ਉਸ ਨੂੰ ਇਹ ਮਹਿਸੂਸ ਕਰਵਾਇਆ ਕਿ ਉਹ ਸ਼ਾਇਦ ਇਸ ਦੁਨੀਆ ਲਈ ਨਹੀਂ ਬਣਿਆ। ਇੱਥੋਂ ਤੱਕ ਕਿ ਲੋਕਾਂ ਦੀਆਂ ਗੱਲਾਂ ਤੋਂ ਤੰਗ ਆ ਕੇ ਰਾਣੇ ਨੇ ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਬਣਾ ਲਿਆ ਸੀ ਕਿ ਨਾ ਕਿਸੇ ਨਾਲ ਬੋਲਣਾ ਨਾ ਖੇਡਣਾ ਬਸ ਚੁੱਪ ਚਾਪ ਜਿਹੇ ਤੇ ਗੁੱਸੇ ਵਿੱਚ ਰਹਿਣਾ। ਇਹ ਸਭ ਚੱਲ ਰਿਹਾ ਸੀ ਤਾਂ ਇੱਕ ਦਿਨ ਕੁਝ ਵਿਦਿਆਰਥੀਆਂ ਦੇ ਮਜ਼ਾਕ ਤੋਂ ਬਚਣ ਲਈ ਰਾਣਾ ਲਾਇਬ੍ਰੇਰੀ ਵਾਲੇ ਕਮਰੇ ਵਿੱਚ ਜਾ ਵੜਿਆ। ਉਸ ਦੀ ਨਜ਼ਰ ਲਾਇਬ੍ਰੇਰੀ ਵਿੱਚ ਪਈ ਕਿਤਾਬ 'ਪੂਰਨਮਾਸ਼ੀ' (ਜਸਵੰਤ ਸਿੰਘ ਕੰਵਲ ਦਾ ਨਾਵਲ) 'ਤੇ ਪਈ ਤੇ ਇਹ ਨਾਵਲ ਰਾਣੇ ਨੇ ਪੜ੍ਹਨ ਲਈ ਰੱਖ ਲਿਆ। ਇਸ ਨੂੰ ਪੜ੍ਹਨ ਨਾਲ ਉਸ ਨੂੰ ਬਹੁਤ ਆਤਮ-ਵਿਸ਼ਵਾਸ ਮਿਲਿਆ, ਜਿਵੇਂ ਉਸ ਨੂੰ ਜਿਊਣ ਦਾ ਹੌਸਲਾ ਮਿਲ ਗਿਆ ਹੋਵੇ। ਉਸ ਤੋਂ ਬਾਅਦ ਉਸ ਨੇ ਕਿਤਾਬਾਂ ਦਾ ਲੜ ਫੜ ਲਿਆ ਤੇ ਹੋਰ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਕਿਤਾਬਾਂ ਨੇ ਉਸ ਨੂੰ ਆਪਣੇ ਪ੍ਰਤੀ ਵਿਸ਼ਵਾਸ ਪੈਦਾ ਕਰਨ ਵਿੱਚ ਬਹੁਤ ਮਦਦ ਕੀਤੀ।

ਕਿਤਾਬਾਂ ਤੋਂ ਮਿਲੇ ਆਤਮ-ਵਿਸ਼ਵਾਸ ਰਾਹੀਂ ਉਸ ਨੇ ਪਹਿਲੀ ਵਾਰ ਕਾਲਜ ਦੇ ਯੂਥ ਫੈਸਟੀਵਲ ਵਿੱਚ ਹਿੱਸਾ ਲਿਆ ਤੇ 'ਅੰਨ੍ਹੇ ਨਿਸ਼ਾਨਚੀ' ਨਾਟਕ ਖੇਡਿਆ। ਇਸ ਨਾਟਕ ਨੂੰ ਖੇਡਣ ਮਗਰੋਂ ਉਸ ਨੂੰ ਬਹੁਤ ਹੌਸਲਾ ਅਫ਼ਜ਼ਾਈ ਮਿਲੀ। ਉਸ ਤੋਂ ਬਾਅਦ ਉਹ ਅੱਗੇ ਵਧਿਆ ਤੇ ਬਹੁਤ ਸਾਰੇ ਮਸ਼ਹੂਰ ਹਾਸਰਸ ਕਲਾਕਾਰਾਂ ਨਾਲ 65 ਦੇ ਕਰੀਬ ਨਾਟਕ ਲਿਖੇ ਵੀ ਤੇ ਦੇਸ਼ ਦੀਆਂ ਵੱਖ-ਵੱਖ ਥਾਵਾਂ 'ਤੇ ਖੇਡੇ। ਉਸ ਦੇ ਲਿਖੇ ਕੁਝ ਸਟੇਜ ਨਾਟਕ ਹਨ, 'ਜ਼ਿੰਦਗੀ ਜ਼ਿੰਦਾਬਾਦ', 'ਜਸਮਾ ਓਡਨ', 'ਆਲ੍ਹਾ ਅਫ਼ਸਰ', 'ਅਖੀਰ ਕਦੋਂ ਤੱਕ', 'ਖੇਤਾਂ ਦਾ ਪੁੱਤ' ਅਤੇ 'ਗੁੱਡ ਮੈਨ ਦੀ ਲਾਲਟੈਣ' ਆਦਿ। ਇਨ੍ਹਾਂ ਦੇ ਇਲਾਵਾ ਲਘੂ ਫਿਲਮਾਂ ਵਿੱਚ 'ਖਿੱਚ ਘੁੱਗੀ ਖਿੱਚ', 'ਰਾਂਝਾ ਕਹਿੰਦਾ ਟੈਂਸ਼ਨ ਨ੍ਹੀਂ ਲੈਣੀ', 'ਮਿੱਠੀ', 'ਵਾਏ ਤੇ ਉਲਫ਼ਤ' ਅਤੇ ਟੀਵੀ ਲੜੀਵਾਰਾਂ ਵਿੱਚ 'ਪਰਛਾਵੇਂ', 'ਚਿੱਟਾ ਲਹੂ' ਅਤੇ 'ਪ੍ਰੋਫੈਸਰ ਮਨੀ ਪਲਾਂਟ' ਦੇ ਨਾਮ ਸ਼ਾਮਲ ਹਨ।

ਟੈਲੀਵਿਜ਼ਨ 'ਤੇ ਆਉਣ ਦਾ ਮੌਕਾ ਉਸ ਨੂੰ 2000 'ਚ ਆਏ ਭਗਵੰਤ ਮਾਨ ਦੇ ਹਾਸਰਸ ਸ਼ੋਅ 'ਜੁਗਨੂੰ ਮਸਤ ਮਸਤ' ਤੇ 'ਨੌਟੀ ਨੰ. 1' ਵਿੱਚ ਹਿੱਸਾ ਲੈ ਕੇ ਮਿਲਿਆ। ਉਸ ਨੇ 'ਚਿੱਟਾ ਲਹੂ' ਅਤੇ 'ਪਰਛਾਵੇਂ' ਵਰਗੇ ਟੈਲੀਵਿਜ਼ਨ ਪ੍ਰੋਗਰਾਮਾਂ ਵਿੱਚ ਵੀ ਕੰਮ ਕੀਤਾ। ਇਸ ਤਰ੍ਹਾਂ ਉਸ ਦੇ ਹੁਨਰ ਨੂੰ ਪਛਾਣ ਮਿਲੀ ਤੇ ਉਸ ਦਾ ਫਿਲਮੀ ਸਫ਼ਰ ਸ਼ੁਰੂ ਹੋਇਆ। ਇਸ ਵਿੱਚ 'ਰੱਬ ਨੇ ਬਣਾਈਆਂ ਜੋੜੀਆਂ', 'ਮੇਰਾ ਪਿੰਡ', 'ਲੱਗਦੇ ਇਸ਼ਕ ਹੋ ਗਿਆ', 'ਚੱਕ ਜਵਾਨਾ', 'ਇੱਕ ਕੁੜੀ ਪੰਜਾਬ ਦੀ', 'ਕਬੱਡੀ ਇੱਕ ਮੁਹੱਬਤ', 'ਮਿੱਟੀ 'ਵਾਜਾਂ ਮਾਰਦੀ', 'ਪਤਾ ਨ੍ਹੀਂ ਰੱਬ ਕਿਹੜਿਆਂ ਰੰਗਾਂ ਵਿੱਚ ਰਾਜ਼ੀ', 'ਟੌਹਰ ਮਿੱਤਰਾਂ ਦੀ', 'ਕੈਰੀ ਆਨ ਜੱਟਾ', 'ਯਮਲੇ ਜੱਟ ਯਮਲੇ', 'ਰੰਗੀਲੇ', 'ਫੇਰ ਮਾਮਲਾ ਗੜਬੜ ਹੈ', 'ਕਬੱਡੀ ਵਨਸ ਅਗੇਨ', 'ਮੁੰਡੇ ਯੂ.ਕੇ ਦੇ', 'ਸਾਡੀ ਵੱਖਰੀ ਹੈ ਸ਼ਾਨ', 'ਓਏ ਹੋਏ ਪਿਆਰ ਹੋ ਗਿਆ', 'ਗੋਰਿਆਂ ਨੂੰ ਦਫ਼ਾ ਕਰੋ', 'ਮੰਜੇ ਬਿਸਤਰੇ', 'ਅਰਦਾਸ', 'ਲਵ ਪੰਜਾਬ', 'ਅਰਦਾਸ ਕਰਾਂ', 'ਸ਼ਾਵਾ ਨੀਂ ਗਿਰਧਾਰੀ ਲਾਲ', 'ਅੰਬਰਸਰੀਆ', 'ਅਸੀਸ', 'ਨਾਬਰ', 'ਪੰਜਾਬ 1984' ਆਦਿ ਉਸ ਦੀ ਵਿਲੱਖਣ ਅਦਾਕਾਰੀ ਲਈ ਜ਼ਿਕਰਯੋਗ ਹਨ।

ਰਾਣੇ ਨੇ ਦੱਸਿਆ ਕਿ ਉਸ ਨੂੰ ਪੰਜਾਬੀ ਸਿਨੇਮਾ ਵਿੱਚ ਪ੍ਰਸਿੱਧ ਨਿਰਮਾਤਾ ਤੇ ਨਿਰਦੇਸ਼ਕ ਮਨਮੋਹਣ ਸਿੰਘ (ਮਨ ਜੀ) ਲੈ ਕੇ ਆਏ। ਜਿਸ ਦੇ ਯਕੀਨ ਸਦਕਾ ਉਸ ਨੂੰ ਉਨ੍ਹਾਂ ਦੁਆਰਾ ਲਿਖੀ ਫਿਲਮ 'ਮੁੰਡੇ ਯੂ ਕੇ ਦੇ' ਵਿੱਚ ਪਹਿਲੀ ਵਾਰ (ਸੰਵਾਦ) ਲਿਖਣ ਦਾ ਮੌਕਾ ਮਿਲਿਆ ਤੇ ਉਸ ਦੀ ਲੇਖਣੀ ਨੂੰ ਪਛਾਣ ਮਿਲੀ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ 'ਇੱਕ ਕੁੜੀ ਪੰਜਾਬ ਦੀ', 'ਅੱਜ ਦੇ ਰਾਂਝੇ', 'ਕਬੱਡੀ ਇੱਕ ਮੁਹੱਬਤ', 'ਫੇਰ ਮਾਮਲਾ ਗੜਬੜ', 'ਅਰਦਾਸ', 'ਅਰਦਾਸ ਕਰਾਂ', 'ਰੰਗੀਲੇ', 'ਮੰਜੇ ਬਿਸਤਰੇ', 'ਆ ਗਏ ਮੁੰਡੇ ਯੂ ਕੇ ਦੇ', 'ਲਾਲ ਸਿੰਘ ਚੱਢਾ' (ਹਿੰਦੀ), 'ਸ਼ਾਵਾ ਨੀਂ ਗਿਰਧਾਰੀ ਲਾਲ' ਆਦਿ ਫਿਲਮਾਂ ਦੇ ਦਿਲ ਨੂੰ ਛੂਹ ਜਾਣ ਵਾਲੇ ਸ਼ਾਨਦਾਰ ਸੰਵਾਦ ਲਿਖੇ। (ਬਾਕੀ ਸਫ਼ਾ 27 'ਤੇ)

# ਚਰਚਿਤ ਕਾਮੇਡੀਅਨ ਘੁੱਲੇਸ਼ਾਹ

ਸ਼ਿਵਨਾਥ ਦਰਦੀ



ਪੰਜਾਬ ਹੀ ਦੁਨੀਆ ਭਰ ਵਿੱਚ ਆਪਣੀ ਵਿਲੱਖਣ ਕਾਮੇਡੀ ਕਰਕੇ ਪਹਿਚਾਣ ਸਥਾਪਿਤ ਕਰਨ ਵਾਲੇ, ਚਰਚਿਤ ਕਾਮੇਡੀਅਨ 'ਘੁੱਲੇਸ਼ਾਹ' ਕਾਮੇਡੀ ਨਾਮ ਹੈ। ਉਸ ਦਾ ਅਸਲ ਨਾਮ ਸੁਰਿੰਦਰ ਫਰਿਸ਼ਤਾ ਹੈ। ਉਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਖੇ ਹੋਇਆ। ਇਹਨਾਂ ਦੇ ਪਿਤਾ ਜੀ ਦਾ ਨਾਮ ਮਰਹੂਮ ਸੁਰਜੀਤ ਸਿੰਘ ਤੇ ਮਾਤਾ ਦਾ ਨਾਮ ਕੌਸ਼ਲਿਆ ਦੇਵੀ ਹੈ। ਇਹਨਾਂ ਦੇ ਮਾਮਾ ਚਰਚਿਤ ਅਦਾਕਾਰ, ਫਾਈਟਰ ਤੇ ਪ੍ਰੋਡਿਊਸਰ ਚਮਨ ਲਾਲ ਸ਼ੁਗਲ ਸਨ।

ਇਹਨਾਂ ਦਾ ਪਹਿਲਾ ਨਾਟਕ ਹਿੰਦੀ ਵਿੱਚ 'ਦੁਲਹਨ' ਸੀ। ਇਹਨਾਂ ਨੇ ਨਾਟਕਾਂ ਤੋਂ ਇਲਾਵਾ ਸੀਰੀਅਲ ਵਿੱਚ ਕੰਮ ਕੀਤਾ। ਦੂਰਦਰਸ਼ਨ 'ਤੇ ਗੁਰਦਿਆਲ ਸਿੰਘ ਫੁੱਲ ਤੇ ਸਰਦਾਰਜੀਤ ਬਾਵਾ ਦਾ ਲਿਖਿਆ ਨਾਟਕ 'ਰਸਤਾ ਬੰਦ ਹੈ' ਲੋਕਾਂ ਵਿੱਚ ਕਾਫ਼ੀ ਲੋਕਪ੍ਰਿਯ ਹੋਇਆ।

ਇਸ ਤੋਂ ਇਲਾਵਾ ਘੁੱਲੇਸ਼ਾਹ ਦੀਆਂ ਆਡੀਓ ਕੈਸੇਟਾਂ 'ਇੱਕੋ ਪੁੜੀ ਦੇਣੀ ਏ', ਮਸ਼ਕਰੀਆਂ, ਘੁੱਲੇਸ਼ਾਹ ਦਾ ਠਾਕਾ ਤੇ ਓ ਘੁੱਲੇਸ਼ਾਹ ਆਈਆਂ। ਇਹਨਾਂ ਦੇ ਸ਼ੋਅ ਘੁੱਲੇਸ਼ਾਹ ਦੀ ਬੱਲੇ ਬੱਲੇ ਤੇ ਪ੍ਰਸਿੱਧ ਡਾਇਰੈਕਟਰ, ਪ੍ਰੋਡਿਊਸਰ, ਅਦਾਕਾਰ ਤੇ ਕਾਮੇਡੀਅਨ ਜਸਪਾਲ ਭੱਟੀ ਜੀ ਨਾਲ 'ਭੰਡ ਪੰਜਾਬ ਦੇ' ਵਿੱਚ ਬਾਕਮਾਲ ਕਾਮੇਡੀ ਕਰਕੇ ਵਾਹ ਵਾਹ ਖੱਟੀ।

ਘੁੱਲੇਸ਼ਾਹ ਦੀ ਪਹਿਲੀ ਫ਼ੀਚਰ ਫਿਲਮ ਜ਼ਖ਼ਮੀ ਸੀ, ਉਸ ਤੋਂ ਬਾਅਦ ਲੰਬਰਦਾਰ, ਬਿੱਲੋ, ਅਣਖ ਦੇ ਵਣਜਾਰੇ, ਪੁੰਨਿਆ ਦੀ ਰਾਤ, ਐਮ.ਐਲ.ਏ ਨੱਥਾ ਸਿੰਘ, ਲਗਦਾ ਇਸ਼ਕ ਹੋ ਗਿਆ, ਜੁਗਾੜੀ ਡੌਟ ਕਾਮ ਵਿੱਚ ਵੀ ਕੰਮ ਕੀਤਾ। ਇਸ ਤੋਂ ਇਲਾਵਾ ਆਉਣ ਵਾਲੀਆਂ ਫ਼ੀਚਰ ਫਿਲਮਾਂ 'ਇਹ ਦਿਲ ਦਾ ਮਾਮਲਾ', ਮੈਂ ਤੇਰੀ ਤੂੰ ਮੇਰਾ, ਇੰਗਲੈਂਡ ਦੇ ਨਜ਼ਾਰੇ, ਅਮਰੀਕਾ, ਸੱਚ ਬੋਲਦਾ ਬਾਪੂ ਤੇ ਜਿਗਰੇ ਵਾਲਾ ਮੁੰਡਾ ਆਦਿ ਖੂਬਸੂਰਤ ਦਮਦਾਰ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਹੈ। ਸੱਚ ਬੋਲਦਾ ਬਾਪੂ ਵਿੱਚ ਪਾਲੀਵੁੱਡ ਦੇ ਦਿਗਜ ਅਦਾਕਾਰ ਯੋਗਰਾਜ ਸਿੰਘ ਦੇ ਪਿਤਾ ਦਾ ਰੋਲ ਅਦਾ ਕੀਤਾ। ਇਸ ਦੇ ਨਾਲ ਹੀ ਇਹਨਾਂ ਇੱਕ ਹਿੰਦੀ ਮੂਵੀ 'ਪਰੇਸ਼ਾਨਪੁਰ' ਤੇ ਇੱਕ ਭੋਜਪੁਰੀ ਵਿੱਚ ਫਿਲਮ 'ਤੁਮ ਹਮਾਰ ਹਮ ਤੁਮਾਰ' ਆਪਣੀ ਅਦਾਕਾਰੀ ਦੇ ਜੌਹਰ ਦਿਖਾਏ।

ਅਸੀਂ ਘੁੱਲੇਸ਼ਾਹ ਦੀ ਕਾਮੇਡੀ 'ਮੇਰਾ ਪਿੰਡ ਮੇਰੇ ਖੇਤ' ਪ੍ਰੋਗਰਾਮ ਰਾਹੀਂ ਤਕਰੀਬਨ ਚਾਰ ਪੰਜ ਸਾਲ ਲਗਾਤਾਰ ਕਿਸਾਨ ਵੀਰਾਂ ਨਾਲ ਜੁੜੇ। ਲਿਸ਼ਕਾਰਾ, ਝਿਲਮਲ ਤਾਰੇ, ਜਸ਼ਨ ਦੀ ਰਾਤ, ਸੀਨੀਅਰ ਸਿਟੀਜਨ ਡੇਅ, ਵਿਸਾਖੀ ਅਤੇ ਨਵੇਂ ਸਾਲ ਦੇ ਪ੍ਰੋਗਰਾਮ ਵਿੱਚ ਵੀ ਕੰਮ ਕੀਤਾ।

## ਸੀ.ਟੀ. ਮਿਉਂਸਪਲ ਚੋਣਾਂ ਵਿੱਚ ਡੈਮੋਕ੍ਰੇਟਸ

ਜਿਨ੍ਹਾਂ ਵਿੱਚ ਗਵਰਨਰ ਨੇਡ ਲੈਮੋਂਟ, ਅਟਾਰਨੀ ਜਨਰਲ ਵਿਲੀਅਮ ਟੋਂਗ, ਕੰਟਰੋਲਰ ਸੀਨ ਸਕੈਨਲਨ ਅਤੇ ਖਜ਼ਾਨਚੀ ਏਰਿਕ ਰਸਲ ਸ਼ਾਮਲ ਹਨ।

ਇਸ ਚੋਣ ਵਿੱਚ ਰਾਸ਼ਟਰੀ ਮੁੱਦਿਆਂ ਨੇ ਦਬਦਬਾ ਬਣਾਇਆ, ਜਿਸ ਵਿੱਚ ਟਰੰਪ ਪ੍ਰਸ਼ਾਸਨ ਦੁਆਰਾ ਗੈਰ-ਦਸਤਾਵੇਜ਼ੀ ਪਰਵਾਸੀਆਂ ਦੀ ਪੈਰਵੀ 'ਤੇ ਹਾਲ ਹੀ ਵਿੱਚ ਹੋਈ ਬਹਿਸ ਸ਼ਾਮਲ ਹੈ ਪਰ, ਸਵਰਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਮੁਹਿੰਮ ਅੰਤ ਵਿੱਚ ਸਫਲ ਰਹੀ ਕਿਉਂਕਿ ਉਨ੍ਹਾਂ ਨੇ ਵੋਟਰਾਂ ਲਈ ਮਾਇਨੇ ਰੱਖਣ ਵਾਲੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ।

ਸਵਰਨਜੀਤ ਸਿੰਘ ਨੇ ਕਿਹਾ "ਮੈਂ ਨੌਰਵਿਚ ਵਿੱਚ ਸਾਡੀਆਂ ਜ਼ਰੂਰਤਾਂ ਬਾਰੇ ਗੱਲ ਕੀਤੀ।ਮੇਰੀ ਮੁਹਿੰਮ ਇੱਥੇ ਸੀ।ਮੈਨੂੰ ਇਸ ਬਾਰੇ ਚੰਗਾ ਲੱਗਦਾ ਹੈ।"

ਡੈਮੋਕ੍ਰੇਟਿਕ ਸਲਾਹਕਾਰ ਮਾਈਕ ਫਰੀਨਾ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ: ਟਰੰਪ ਡੈਮੋਕ੍ਰੇਟਸ ਨੂੰ ਬਾਹਰ ਆਉਣ ਲਈ ਪ੍ਰੇਰਿਤ ਕਰਦੇ ਹਨ।

ਵੈਸਟਪੋਰਟ ਵਿੱਚ, ਇੱਕ ਅਮੀਰ ਫੇਅਰਫੀਲਡ ਕਾਉਂਟੀ ਸ਼ਹਿਰ, ਜਿਸ ਵਿੱਚ 2-1 ਤੋਂ ਵੱਧ ਦੇ ਡੈਮੋਕ੍ਰੇਟਿਕ ਫਰਕ ਹੈ, ਡੈਮੋਕ੍ਰੇਟਿਕ ਕੇਵਿਨ ਕ੍ਰਿਸਟੀ ਨੂੰ ਫਸਟ ਸਿਲੈਕਟਮੈਨ ਚੁਣਿਆ ਗਿਆ, ਉਹ ਇਹ ਸੀਟ ਜਿੱਤਣ ਵਾਲਾ ਪਹਿਲਾ ਕਾਲਾ ਉਮੀਦਵਾਰ ਬਣ ਗਿਆ।ਉਸਨੇ ਰਿਪਬਲਿਕਨ ਜੇਨ ਟੂਕਰ ਦੀ ਜਗ੍ਹਾ ਲਈ।

ਰਿਪਬਲਿਕਨ ਮੌਲੀ ਸਪਿਨੋ ਨੇ ਟੋਰਿੰਗਟਨ ਵਿੱਚ ਰਿਪਬਲਿਕਨ ਮੇਅਰ ਐਲਿਨੋਰ ਕਾਰਬੋਨ ਦੀ ਜਗ੍ਹਾ ਲੈਣ ਲਈ ਖੁੱਲ੍ਹੀ ਦੌੜ ਵਿੱਚ ਜਿੱਤ ਦਾ ਦਾਅਵਾ ਕੀਤਾ, ਇਹ ਇੱਕ ਅਜਿਹਾ ਸ਼ਹਿਰ ਹੈ, ਜੋ ਲਗਾਤਾਰ ਰਿਪਬਲਿਕਨ ਵੱਲ ਝੁਕਿਆ ਹੋਇਆ ਹੈ। ਅਣਅਧਿਕਾਰਤ ਨਤੀਜਿਆਂ ਨੇ ਉਸਨੂੰ 53.7% ਵੋਟਾਂ ਨਾਲ ਜਿੱਤਦੇ ਹੋਏ ਦਿਖਾਇਆ।ਡੈਮੋਕ੍ਰੇਟਸ ਨੂੰ ਖਾਲੀ ਪਈਆਂ ਸੀਟਾਂ ਜਿੱਤਣ ਦੀ ਉਮੀਦ ਸੀ।

***

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

ਐਤਕਾਂ ਵੀ ਵੱਡੀ ਪੱਧਰ 'ਤੇ ਇੱਕ ਆਰਜੀ ਬਾਜ਼ਾਰ ਜਿਸ ਵਿੱਚ ਵੱਖ-ਵੱਖ ਬਿਜਨਸਮੈਨਾਂ ਨੇ ਆਪਣੇ ਆਪਣੇ ਸਟਾਲ ਲਾਏ ਹੋਏ ਸੀ, ਤੋਂ ਸੰਗਤਾਂ ਨੇ ਭਾਰੀ ਤਾਦਾਦ ਵਿੱਚ ਸਮਾਨ ਖ਼ਰੀਦਿਆ।ਇਸ ਤੋਂ ਇਲਾਵਾ ਵੱਖ-ਵੱਖ ਧਾਰਮਿਕ ਸਿਆਸੀ ਤੇ ਬਿਜ਼ਨਸ ਸਟਾਲਾਂ ਵਿੱਚ ਲੋਕਾਂ ਨੇ ਆਪਣਾ ਪ੍ਰਚਾਰ ਕੀਤਾ। ਵਿਸ਼ੇਸ਼ ਤੌਰ 'ਤੇ ਸੈਰਫ਼ ਡਿਪਾਰਟਮੈਂਟ, ਪੁਲਿਸ ਡਿਪਾਰਟਮੈਂਟ, ਆਰਮੀ ਤੇ ਸਿੱਖਾਂ ਦੀ ਸ਼ਹੀਦੀਆਂ ਤੇ ਸਿੱਖਾਂ ਦੇ ਇਤਿਹਾਸ ਨੂੰ ਦਰਸਾਉਂਦੀਆਂ ਹੋਈਆਂ ਝਲਕੀਆਂ ਵੀ ਵੱਖ-ਵੱਖ ਸਟਾਲਾਂ ਤੋਂ ਦੇਖੀਆਂ ਗਈਆਂ।

ਇਸ ਉਪਰੰਤ ਜਿੱਥੇ ਸਿੱਖ ਭਾਈਚਾਰੇ ਨੇ ਵੱਡੀ ਤਾਦਾਦ ਵਿੱਚ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਉਥੇ ਨਾਲ ਨਾਲ ਅਮਰੀਕਨ ਲੋਕਾਂ ਨੇ ਵੀ ਵੱਖ- ਵੱਖ ਲੰਗਰਾਂ ਤੋਂ ਰੱਜ ਕੇ ਲੰਗਰ ਖਾਧਾ। ਐਤਕਾਂ ਵੀ ਸਿਆਸੀ ਪਨਾਹ ਵਾਲੇ ਮੁੰਡਿਆ ਨੇ ਆਪਣੇ ਕੇਸਾਂ ਵਿੱਚ ਮਦਦ ਲਈ ਝੰਡਿਆਂ ਤੇ ਫ਼ਲੋਟਾਂ ਨਾਲ ਖ਼ੂਬ ਫ਼ੋਟੋਆਂ ਕਰਵਾਈਆਂ। ਇਸ ਵੇਰਾਂ ਆਈਸ ਵੱਲੋਂ ਫ਼ੜਨ ਫ਼ੜਾਉਣ ਦੀ ਅਫ਼ਵਾਹ ਵੀ ਫ਼ੈਲਾਈ ਗਈ ਸੀ। ਇਸ ਤੋਂ ਇਲਾਵਾ ਵਿਸ਼ਵ ਭਰ ਦੇ ਮੀਡੀਏ ਨੇ ਇਸ ਸਪੈਸ਼ਲ ਨਗਰ ਕੀਰਤਨ ਨੂੰ ਕਵਰੇਜ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਬਜੀਤ ਸਿੰਘ ਥਿਆੜਾ ਅਤੇ ਸੈਕਟਰੀ ਤਜਿੰਦਰ ਸਿੰਘ ਦੋਸਾਂਝ ਨੇ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸ਼ਾਂਤੀ ਪੂਰਵਕ ਨੇਪਰੇ ਚੜ੍ਹੇ ਕਾਰਜ ਨੇ ਸਿੱਖ ਭਾਈਚਾਰੇ ਪ੍ਰਤੀ ਬਾਕੀ ਭਾਈ ਚਾਰਿਆਂ ਵਿੱਚ ਹੋਰ ਸਤਿਕਾਰ ਪੈਦਾ ਕੀਤਾ ਹੈ।ਅੱਗੋਂ ਤੋਂ ਵੀ ਸੰਗਤ ਦੇ ਇਹੀ ਸਹਿਯੋਗ ਦੀ ਆਸ ਰਹੇਗੀ। ਐਤਕਾਂ ਜਿੱਥੇ ਸਿਕਿਉਰਿਟੀ ਪੱਖੋਂ ਅਤੇ ਹੋਰ ਮੁੱਖ ਪ੍ਰਬੰਧਾਂ ਦੀ ਪ੍ਰਬੰਧਕਾਂ ਦੀ ਤਾਰੀਫ਼ ਕਰਨੀ ਬਣਦੀ ਹੈ ਉੱਥੇ ਦੂਸਰੇ ਪਾਸੇ ਕੁਝ ਗੱਲਾਂ ਐਤਕਾਂ ਸੰਗਤਾਂ ਨੂੰ ਰੜਕਦੀਆਂ ਰਹੀਆਂ ਜਿਨ੍ਹਾਂ ਵਿੱਚ ਬੱਸਾਂ ਦਾ ਬੇਢੈਮਾਂ ਪ੍ਰਬੰਧ ਤੇ ਸੰਗਤਾਂ ਨੂੰ ਬੱਸਾਂ ਹੋਣ ਦੇ ਬਾਵਜੂਦ ਜਿਆਦਾ ਲਾਈਨਾਂ 'ਤੇ ਤੁਰਨ ਦੀ ਮੁਸ਼ਕਿਲ ਇਸ ਤੋਂ ਇਲਾਵਾ ਇੰਨੇ ਵੱਡੇ ਇਕੱਠ ਵਿੱਚ ਮੁੱਖ ਕਿਸੇ ਵੱਡੇ ਸਿੱਖ ਲੀਡਰ ਦਾ ਨਾ ਪਹੁੰਚਣਾ ਤੇ ਕੋਈ ਸਿੱਖ ਕੌਮ ਦੇ ਭਵਿੱਖ ਤੇ ਪ੍ਰਾਪਤੀ ਦਾ ਸੰਦੇਸ਼ ਨਾ ਦੇਣਾ ਆਦਿ ਰੜਕਦਾ ਸੀ।

## ਗਲਾਸਗੋ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼

ਇਸ ਉਪਰੰਤ ਨਗਰ ਕੀਰਤਨ ਨੇ ਵਾਪਸ ਐਲਬਰਟ ਡਰਾਈਵ ਵੱਲ ਨੂੰ ਚਾਲੇ ਪਾ ਦਿੱਤੇ। ਐਲਬਰਟ ਡਰਾਈਵ ਗੁਰੂਘਰ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਦੇ ਮਨੋਰੰਜਨ ਲਈ ਝੂਲਿਆਂ ਆਦਿ ਦੇ ਕੀਤੇ ਪ੍ਰਬੰਧ ਦੀ ਸੰਗਤ ਵੱਲੋਂ ਤਾਰੀਫ ਕੀਤੀ ਜਾ ਰਹੀ ਸੀ। ਬੱਚਿਆਂ ਦੇ ਚਿਹਰਿਆਂ ਦੀ ਖ਼ੁਸ਼ੀ ਜਾਹਰ ਕਰ ਰਹੀ ਸੀ ਕਿ ਕਮੇਟੀ ਵੱਲੋਂ ਝੂਲੇ ਲਗਾਉਣ ਦਾ ਫੈਸਲਾ ਕਿੰਨਾ ਸਹੀ ਸੀ। ਨੌਜਵਾਨ ਕਾਰੋਬਾਰੀਆਂ ਵੱਲੋਂ ਰਲ ਮਿਲ ਕੇ ਗੁਰੂਘਰ ਦੀ ਹਦੂਦ ਅੰਦਰ ਲਗਾਏ ਲੰਗਰਾਂ 'ਤੇ ਸੰਗਤ ਦੀ ਰੌਣਕ ਲਗਾਤਾਰ ਬਣੀ ਰਹੀ। ਗੋਲ ਗੱਪਿਆਂ, ਚਾਟ ਪਾਪੜੀ ਤੇ ਦਹੀਂ ਭੱਲਿਆਂ ਦੀ ਸਟਾਲ 'ਤੇ ਨਵਜੋਤ ਗੋਸਲ, ਲਖਵੀਰ ਸਿੰਘ ਸਿੱਧੂ, ਸੋਢੀ ਬਾਗੜੀ, ਤੇਜਿੰਦਰ ਭੁੱਲਰ, ਤਰਸੇਮ ਕੁਮਾਰ, ਦੁੱਲਾ ਰਾਏ, ਚੰਨੀ ਵਿਰਕ, ਸਾਬੀ, ਦੀਪ ਗਿੱਲ, ਜੱਸਾ ਤੂਰ, ਹਰਪ੍ਰੀਤ ਧਾਲੀਵਾਲ, ਅੰਸ਼ ਪੁੰਜ ਆਦਿ ਸਾਥੀਆਂ ਵੱਲੋਂ ਬਹੁਤ ਹੀ ਤਨਦੇਹੀ ਨਾਲ ਸੇਵਾ ਕਾਰਜ ਨਿਭਾਏ ਗਏ।ਗੁਰੂਘਰ ਦੇ ਮੰਚ ਤੋਂ ਮੁੱਖ ਸੇਵਾਦਾਰ ਲਭਾਇਆ ਸਿੰਘ ਮਹਿਮੀ, ਜਨਰਲ ਸਕੱਤਰ ਪ੍ਰਭਜੋਤ ਕੌਰ ਵਿਰ੍ਹੀਆ ਨੇ ਸੰਬੋਧਨ ਕਰਦਿਆਂ ਸਮੂਹ ਸੰਗਤ ਨੂੰ ਗੁਰਪੁਰਬ ਨਗਰ ਕੀਰਤਨ ਦੀ ਹਾਰਦਿਕ ਵਧਾਈ ਦਿੱਤੀ।

***

## ਅਮਰੀਕੀ ਲੋਕਾਂ ਲਈ ਅਮਰੀਕਨ ਡ੍ਰੀਮ ਵਾਪਸ

ਨਾਲ ਬਦਲਣ ਤੋਂ ਰੋਕਣਾ ਹੈ। 51 ਸਕਿੰਟਾਂ ਦੇ ਇਸ ਵਿਗਿਆਪਨ ਵਿੱਚ 1950 ਦੇ ਦਹਾਕੇ ਦੀਆਂ ਅਮਰੀਕਨ ਡ੍ਰੀਮ ਦੀਆਂ ਤਸਵੀਰਾਂ ਦੀ ਆਧੁਨਿਕ ਅੰਕੜਿਆਂ ਨਾਲ ਤੁਲਨਾ ਕੀਤੀ ਗਈ ਹੈ। ਇਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਐਚ-1ਬੀ ਵੀਜ਼ਾ ਦੇ 72 ਫ਼ੀਸਦੀ ਅਪਰੂਵਲ ਭਾਰਤੀ ਨਾਗਰਿਕਾਂ ਨੂੰ ਮਿਲਦੇ ਹਨ। ਵੀਡੀਓ ਵਿੱਚ ਕਿਹਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਹੁਣ ਅਮਰੀਕਨ ਨੌਜਵਾਨਾਂ ਲਈ ਨਵਾਂ ਮੌਕਾ ਲੈ ਕੇ ਆ ਰਿਹਾ ਹੈ ਅਤੇ ਕੰਪਨੀਆਂ ਨੂੰ ਅਮਰੀਕੀਆਂ ਨੂੰ ਤਰਜੀਹ ਦੇਣ ਲਈ ਮਜ਼ਬੂਰ ਕਰ ਰਿਹਾ ਹੈ।

ਇਹ ਐਡ ਟਰੰਪ ਸਰਕਾਰ ਦੇ ਦੂਜੇ ਕਾਰਜਕਾਲ ਦੇ 'ਅਮਰੀਕਾ ਫਸਟ ਏਜੰਡੇ' ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਪ੍ਰਸ਼ਾਸਨ ਵੱਲੋਂ ਘੋਸ਼ਣਾ ਕੀਤੀ ਗਈ ਹੈ ਕਿ ਪ੍ਰੋਜੈਕਟ ਫਾਇਰਵਾਲ ਤਹਿਤ ਉਹਨਾਂ ਕੰਪਨੀਆਂ ਦੀ ਵਿਆਪਕ ਆਡਿਟ ਕੀਤੀ ਜਾਵੇਗੀ ਜੋ ਐਚ-1ਬੀ ਵੀਜ਼ਾ ਪ੍ਰਣਾਲੀ ਰਾਹੀਂ ਘੱਟ ਤਨਖਾਹਾਂ 'ਤੇ ਵਿਦੇਸ਼ੀ ਮਜ਼ਦੂਰਾਂ ਨੂੰ ਭਰਤੀ ਕਰਦੀਆਂ ਹਨ ਜਾਂ ਅਮਰੀਕੀ ਕਰਮਚਾਰੀਆਂ ਨੂੰ ਹਟਾਉਂਦੀਆਂ ਹਨ।

***

## ਲੋਕ 1984 ਦੇ ਸਿੱਖ ਵਿਰੋਧੀ ਦੰਗਿਆਂ...

ਮੰਤਰੀ ਨੇ ਕਿਹਾ, "ਕਾਨੂੰਨ ਵਿਵਸਥਾ ਬਣਾਈ ਰੱਖਣ ਵਾਲੀਆਂ ਸੰਸਥਾਵਾਂ ਨੇ ਆਪਣਾ ਜ਼ਮੀਰ ਤਿਆਗ ਦਿੱਤਾ ਅਤੇ ਇਨ੍ਹਾਂ ਆਗੂਆਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਆਗੂਆਂ ਨੇ ਇੱਕ ਕਾਂਗਰਸੀ ਵਿਧਾਇਕ ਦੇ ਘਰ ਮੀਟਿੰਗ ਕੀਤੀ ਅਤੇ ਫੈਸਲਾ ਕੀਤਾ ਕਿ ਸਿੱਖਾਂ ਨੂੰ 'ਸਬਕ' ਸਿਖਾਇਆ ਜਾਣਾ ਚਾਹੀਦਾ ਹੈ।ਜਲਣਸ਼ੀਲ ਪਾਊਡਰ ਅਤੇ ਰਸਾਇਣ ਫੈਕਟਰੀਆਂ ਤੋਂ ਲੈ ਕੇ ਭੀੜ ਨੂੰ ਸੌਂਪੇ ਗਏ ਸਨ।"

ਉਨ੍ਹਾਂ ਕਿਹਾ ਕਿ ਸਾਲਾਂ ਬਾਅਦ ਨਾਨਾਵਤੀ ਕਮਿਸ਼ਨ (2005) ਨੇ ਇਸ ਦੀ ਪੁਸ਼ਟੀ ਕੀਤੀ। ਕਮਿਸ਼ਨ ਨੇ ਬਹੁਤ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਸੀ ਕਿ "ਕਾਂਗਰਸ (ਆਈ) ਦੇ ਆਗੂਆਂ ਵਿਰੁੱਧ ਭਰੋਸੇਯੋਗ ਸਬੂਤ ਹਨ ਜਿਨ੍ਹਾਂ ਨੇ ਭੀੜ ਦੀ ਅਗਵਾਈ ਕੀਤੀ ਅਤੇ ਹਮਲਿਆਂ ਨੂੰ ਭੜਕਾਇਆ।"

ਪੁਰੀ ਨੇ ਅਫਸੋਸ ਜਤਾਉਂਦਿਆਂ ਕਿਹਾ, "ਇੱਥੋਂ ਤੱਕ ਕਿ ਉਨ੍ਹਾਂ ਦੀ ਆਪਣੀ ਰਿਪੋਰਟ ਨੇ ਵੀ ਉਸ ਗੱਲ ਦੀ ਪੁਸ਼ਟੀ ਕੀਤੀ ਜੋ ਪੀੜਤ ਹਮੇਸ਼ਾ ਜਾਣਦੇ ਸਨ। ਕਾਂਗਰਸ ਕਤਲੇਆਮ ਨੂੰ ਰੋਕਣ ਵਿੱਚ ਅਸਫਲ ਨਹੀਂ ਰਹੀ ਬਲਕਿ ਉਸ ਨੇ ਇਸ ਨੂੰ ਸੰਭਵ ਬਣਾਇਆ। ਬਾਅਦ ਵਿੱਚ, ਕਾਂਗਰਸ ਨੇ ਦਹਾਕਿਆਂ ਤੱਕ ਸਿੱਖ ਵਿਰੋਧੀ ਹਿੰਸਾ ਤੋਂ ਬੇਸ਼ਰਮੀ ਨਾਲ ਇਨਕਾਰ ਕੀਤਾ। ਉਨ੍ਹਾਂ ਨੇ ਦੋਸ਼ੀਆਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਮੁਨਾਫ਼ੇ ਵਾਲੇ ਅਹੁਦਿਆਂ (ਚੋਣਾਂ ਲੜਨ ਲਈ ਪਾਰਟੀ ਟਿਕਟਾਂ ਵੀ) ਨਾਲ ਵੀ ਨਿਵਾਜ਼ਿਆ।

***

## 1984 ਸਿੱਖ ਨਸਲਕੁਸ਼ੀ ਭਾਰਤ...

ਅੱਜ ਸਿੱਖ ਕੌਮ ਚੜ੍ਹਦੀ ਕਲਾ ਨਾਲ ਵਿਸ਼ਵ ਭਰ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦਾ ਪ੍ਰਚਾਰ ਪ੍ਰਸਾਰ ਕਰ ਰਹੀ ਹੈ ਅਤੇ ਆਪਣੀ ਇਮਾਨਦਾਰੀ ਤੇ ਲਿਆਕਤ ਨਾਲ ਚੰਗੇ ਰੁਤਬੇ ਹਾਸਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੇ ਕਾਤਲਾਂ ਅਤੇ ਸਿੱਖ ਪਛਾਣ ਨੂੰ ਜਜ਼ਬ ਕਰਨ ਵਾਲੀਆਂ ਸ਼ਕਤੀਆਂ ਨੂੰ ਇਸ ਗੱਲ ਦਾ ਭਰਮ ਹੈ ਕਿ ਉਹ ਸਿੱਖਾਂ ਨੂੰ ਮੁਕਾ ਦੇਣਗੇ ਪਰ ਸਿੱਖਾਂ ਨੂੰ ਗੁਰੂ ਦਾ ਥਾਪੜਾ ਹੈ।ਜਥੇਦਾਰ ਗੜਗੱਜ ਨੇ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕੀਤੀ ਕਿ 1984 ਸਿੱਖ ਨਸਲਕੁਸ਼ੀ ਦਾ ਸੇਕ ਝੱਲਣ ਵਾਲੇ ਸਮੂਹ ਪਰਿਵਾਰ ਚੜ੍ਹਦੀ ਕਲਾ ਵਿੱਚ ਰਹਿਣ ਅਤੇ ਚੰਗਾ ਜੀਵਨ ਬਤੀਤ ਕਰਨ।

***

## ਗਿਆਨੀ ਸੁਲਤਾਨ ਸਿੰਘ ਦੇ ਤਬਾਦਲੇ ...

ਉਹਨਾਂ ਕਿਹਾ ਕਿ ਜੇ ਉਹ ਗੁਨਾਹਗਾਰ ਸਨ ਤਾਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ 'ਤੇ ਕਿਉਂ ਲਗਾਇਆ? ਤੇ ਜੇਕਰ ਗੁਨਾਹਗਾਰ ਨਹੀਂ ਸਨ ਤਾਂ ਹੁਣ ਉਹਨਾਂ ਨੂੰ ਕਿਉਂ ਹਟਾਇਆ ਗਿਆ? ਇਹ ਕਿਹੜਾ ਨਿਆਂ ਹੈ? ਉਹਨਾਂ ਸਵਾਲ ਕੀਤਾ ਕਿ ਕੌਮ ਦੇ ਜਥੇਦਾਰਾਂ ਨਾਲ ਅਜਿਹਾ ਰਵੱਈਆ ਰੱਖਣਾ ਸਿੱਖ ਮਰਿਆਦਾ ਅਤੇ ਜਥੇਦਾਰਾਂ ਦੇ ਆਦਰ-ਸਨਮਾਨ ਨਾਲ ਖਿਲਵਾੜ ਹੈ। ਉਹਨਾਂ ਇਸ਼ਾਰਾ ਕੀਤਾ ਕਿ ਦੋ ਦਸੰਬਰ ਵਾਲੇ ਹੁਕਮਨਾਮੇ ਦੇ ਮਾਮਲੇ ਦੌਰਾਨ ਗਿਆਨੀ ਸੁਲਤਾਨ ਸਿੰਘ ਵੀ ਜਥੇਦਾਰਾਂ ਦੇ ਫੈਸਲੇ ਵਿੱਚ ਸ਼ਾਮਲ ਸਨ ਅਤੇ ਉਸ ਸਮੇਂ ਦੇ ਮੱਦੇਨਜ਼ਰ ਹੁਣ ਉਹਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਇੱਥੋਂ ਤੱਕ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਵੀ ਇਹੋ ਜਿਹਾ ਵਤੀਰਾ ਹੋ ਸਕਦਾ ਹੈ।

ਕੌਮ ਬਦਤਰ ਹਾਲ 'ਚ, ਨਵੀਆਂ ਚੋਣਾਂ ਹੀ ਹੱਲ: ਬੀਬੀ ਜਗੀਰ ਕੌਰ

ਇਸ ਤਬਾਦਲੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਵੀ ਗੰਭੀਰ ਚਿੰਤਾ ਜਤਾਈ ਹੈ। ਉਹਨਾਂ ਸਪੱਸ਼ਟ ਕਿਹਾ ਕਿ ਸਿੱਖ ਕੌਮ ਦੀ ਸਥਿਤੀ ਬਹੁਤ ਖਰਾਬ ਹਾਲਾਤ ਵਿੱਚ ਹੈ। ਉਨ੍ਹਾਂ ਕਿਹਾ ਕਿ ਕੌਮ ਵਿੱਚ ਮਰਿਆਦਾ, ਨਿਯਮ, ਸਿਧਾਂਤ ਸਭ ਕੁਝ ਹੌਲੀ-ਹੌਲੀ ਖਤਮ ਹੋ ਰਿਹਾ ਹੈ। ਬੇਅਦਬੀਆਂ ਵਧ ਰਹੀਆਂ ਹਨ ਅਤੇ ਮੌਜੂਦਾ ਪ੍ਰਬੰਧਕਾਂ ਨੂੰ ਇਸ ਦੀ ਕੋਈ ਪੀੜ ਨਹੀਂ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰ ਆਪਣੇ ਆਪ ਨੂੰ ਗੁਰਦੁਆਰਾ ਸਾਹਿਬਾਨ ਦੇ ਮਾਲਕ ਸਮਝ ਬੈਠੇ ਹਨ। ਜਦੋਂ ਤੱਕ ਇਸ ਤਰ੍ਹਾਂ ਦੇ ਲੋਕ ਕਮੇਟੀ ਉੱਤੇ ਕਬਜ਼ਾ ਕਰ ਕੇ ਬੈਠੇ ਹਨ, ਉਦੋਂ ਤੱਕ ਕਿਸੇ ਵੀ ਪ੍ਰਕਾਰ ਦੇ ਧਾਰਮਿਕ ਸੁਧਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਹਨਾਂ ਇਸ ਗੱਲ ਨੂੰ ਬਹੁਤ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਹੁਣ ਇੱਕੋ ਹੱਲ ਹੈ ਨਵੀਆਂ ਚੋਣਾਂ। ਕੌਮ ਨੂੰ ਨਵੀਂ ਲੀਡਰਸ਼ਿਪ ਚਾਹੀਦੀ ਹੈ, ਜੋ ਸੱਚਮੁੱਚ ਗੁਰੂ-ਮਰਿਆਦਾ ਅਨੁਸਾਰ ਸੇਵਾ ਨਿਭਾਉਣ 'ਤੇ ਗੁਰੂ ਦੇ ਭੈਅ ਵਿੱਚ ਰਹਿ ਕੇ ਸਾਰੇ ਕਾਰਜ ਕਰਨ।

***

## ਐਚ-1ਬੀ ਵੀਜ਼ਾ ਬਾਰੇ ਟਰੰਪ ਦੀ ਨਵੀਂ...

ਇਸ ਤੋਂ ਵੀ ਵੱਧ ਚਿੰਤਾਜਨਕ ਹੈ ਫਲੋਰੀਡਾ ਰਾਜ ਵਿੱਚ ਗਵਰਨਰ ਰੌਨ ਡੀਸੈਂਟਿਸ ਦਾ ਐਲਾਨ ਹੈ।29 ਅਕਤੂਬਰ 2025 ਨੂੰ ਉਹਨਾਂ ਨੇ ਫਲੋਰੀਡਾ ਬੋਰਡ ਆਫ਼ ਗਵਰਨਰਜ਼ ਨੂੰ ਹੁਕਮ ਦਿੱਤਾ ਕਿ ਰਾਜ ਦੀਆਂ ਯੂਨੀਵਰਸਿਟੀਆਂ ਵਿੱਚ ਐਚ-1ਬੀ ਵੀਜ਼ਾ ਦੀ ਵਰਤੋਂ ਖ਼ਤਮ ਕੀਤੀ ਜਾਵੇ। ਡੀਸੈਂਟਿਸ ਨੇ ਕਿਹਾ, 'ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਯੋਗ ਅਤੇ ਉਪਲਬਧ ਅਮਰੀਕੀਆਂ ਨੂੰ ਨੌਕਰੀ ਤੇ ਰੱਖਣ ਦੀ ਬਜਾਏ ਐਚ-1ਬੀ ਉੱਤੇ ਵਿਦੇਸ਼ੀ ਕਾਮਿਆਂ ਨੂੰ ਆਯਾਤ ਕਰ ਰਹੀਆਂ ਹਨ। ਅਸੀਂ ਫਲੋਰੀਡਾ ਸੰਸਥਾਵਾਂ ਵਿੱਚ ਐਚ-1ਬੀ ਵੀਜ਼ਾ ਦੀ ਦੁਰਵਰਤੋਂ ਨੂੰ ਬਰਦਾਸ਼ਤ ਨਹੀਂ ਕਰਾਂਗੇ।'

ਉਹਨਾਂ ਨੇ ਉਦਾਹਰਣਾਂ ਵੀ ਦਿੱਤੀਆਂ, ਜਿਵੇਂ ਚੀਨ ਤੋਂ ਆਇਆ ਪਬਲਿਕ ਪਾਲਿਸੀ ਪ੍ਰੋਫੈਸਰ, ਕੈਨੇਡਾ ਤੋਂ ਗ੍ਰਾਫਿਕ ਡਿਜ਼ਾਈਨਰ ਅਤੇ ਸਪੇਨ ਤੋਂ ਅਸਿਸਟੈਂਟ ਸਵਿੰਮ ਕੋਚ। ਡੀਸੈਂਟਿਸ ਨੇ ਪੁੱਛਿਆ: 'ਕੀ ਅਸੀਂ ਦੇਸ਼ ਵਿੱਚ ਅਸਿਸਟੈਂਟ ਸਵਿੰਮ ਕੋਚ ਨਹੀਂ ਪੈਦਾ ਕਰ ਸਕਦੇ?' ਫਲੋਰੀਡਾ ਵਿੱਚ 2025 ਵਿੱਚ 7,250 ਐਚ-1ਬੀ ਅਪਰੂਵਲ ਹੋਏ ਹਨ, ਜਿਹਨਾਂ ਵਿੱਚੋਂ ਬਹੁਤੇ ਯੂਨੀਵਰਸਿਟੀਆਂ ਨਾਲ ਜੁੜੇ ਹਨ। ਯੂਨੀਵਰਸਿਟੀ ਆਫ਼ ਫਲੋਰੀਡਾ ਵਿੱਚ ਇੱਕਲੀ 156 ਐਚ-1ਬੀ ਹੋਲਡਰ ਹਨ। ਇਹ ਪਾਬੰਦੀ ਰਾਜੀ ਯੂਨੀਵਰਸਿਟੀਆਂ ਨੂੰ ਅਮਰੀਕੀ ਗ੍ਰੈਜੂਏਟਾਂ ਨੂੰ ਤਰਜੀਹ ਦੇਣ ਲਈ ਕਹਿੰਦੀ ਹੈ ਅਤੇ ਟੈਕਸਪੇਅਰਾਂ ਦੇ ਪੈਸੇ ਨਾਲ ਚੱਲਣ ਵਾਲੀਆਂ ਸੰਸਥਾਵਾਂ ਨੂੰ 'ਸਸਤੇ ਵਿਦੇਸ਼ੀ ਮਜ਼ਦੂਰਾਂ' ਨੂੰ ਆਯਾਤ ਕਰਨ ਤੋਂ ਰੋਕਦੀ ਹੈ।

ਡੀਸੈਂਟਿਸ ਨੇ ਅੱਗੇ ਕਿਹਾ: 'ਜੇਕਰ ਕੋਈ ਯੂਨੀਵਰਸਿਟੀ ਸੱਚਮੁੱਚ ਖਾਲੀ ਅਸਾਮੀਆਂ ਨੂੰ ਭਰਨ ਲਈ ਅਮਰੀਕੀ ਨਾਗਰਿਕਾਂ ਨੂੰ ਲੱਭ ਰਹੀ ਹੈ, ਤਾਂ ਉਹਨਾਂ ਨੂੰ ਆਪਣੇ ਅਕਾਦਮਿਕ ਪ੍ਰੋਗਰਾਮਾਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਤਾਂ ਜੋ ਇਹ ਪਤਾ ਲੱਗੇ ਕਿ ਉਹ ਗ੍ਰੈਜੂਏਟ ਕਿਉਂ ਨਹੀਂ ਪੈਦਾ ਕਰ ਰਹੇ ਜਿਹਨਾਂ ਨੂੰ ਇਹਨਾਂ ਅਹੁਦਿਆਂ ਲਈ ਰੱਖਿਆ ਜਾ ਸਕੇ।' ਇਹ ਐਲਾਨ ਟਰੰਪ ਦੇ ਨੈਸ਼ਨਲ ਸੈਕਿਉਰਿਟੀ ਏਜੰਡੇ ਨਾਲ ਮੇਲ ਖਾਂਦਾ ਹੈ, ਪਰ ਇਹ ਵੀ ਵਿਵਾਦ ਪੈਦਾ ਕਰ ਰਿਹਾ ਹੈ। ਯੂਨੀਵਰਸਿਟੀ ਲੀਡਰਾਂ ਨੇ ਇਸ ਦਾ ਵਿਰੋਧ ਕੀਤਾ ਹੈ, ਕਿਉਂਕਿ ਐਚ-1ਬੀ ਵੀਜ਼ਾ ਨਾਲ ਵਿਦੇਸ਼ੀ ਟੈਲੰਟ ਅਮਰੀਕੀ ਤਕਨੀਕ ਨੂੰ ਵਧਾਉਂਦੇ ਹਨ। ਨਿਊਜ਼ਵੀਕ ਅਤੇ ਫਲੋਰੀਡਾ ਫੋਨਿਕਸ ਅਨੁਸਾਰ, ਇਹ ਪਾਬੰਦੀ ਅਮਰੀਕੀ ਨੌਕਰੀਆਂ ਦੀ ਰੱਖਿਆ ਲਈ ਹੈ, ਪਰ ਇਹ ਭਾਰਤੀ ਅਕਾਦਮਿਕ ਪੇਸ਼ੇਵਰਾਂ ਲਈ ਵੱਡਾ ਝਟਕਾ ਹੈ।

ਅਮਰੀਕਾ ਵਿੱਚ ਭਾਰਤੀਆਂ ਨੂੰ ਆਰਥਿਕ ਅਤੇ ਸਮਾਜਿਕ ਝਟਕਾ

ਭਾਰਤੀ ਪੇਸ਼ੇਵਰ ਅਮਰੀਕੀ ਅਰਥਵਿਵਸਥਾ ਦਾ ਆਧਾਰ ਹਨ। ਬਿਜ਼ਨੈੱਸ ਸਟੈਂਡਰਡ ਅਤੇ ਬਿਜ਼ਨੈੱਸ ਟੁੱਡੇ ਅਨੁਸਾਰ, ਟੈਕ, ਹੈਲਥਕੇਅਰ ਅਤੇ ਰਿਸਰਚ ਵਿੱਚ ਭਾਰਤੀਆਂ ਦੀ ਭਾਰੀ ਗਿਣਤੀ ਹੈ। ਗੂਗਲ, ਮਾਈਕਰੋਸਾਫਟ ਅਤੇ ਐਮਾਜ਼ਾਨ ਵਰਗੀਆਂ ਕੰਪਨੀਆਂ ਵਿੱਚ ਭਾਰਤੀ ਸੀ.ਈ.ਓ. ਅਤੇ ਇੰਜੀਨੀਅਰ ਹਨ, ਪਰ ਇਹ ਨਿਯਮ ਉਹਨਾਂ ਨੂੰ ਵੀ ਪ੍ਰਭਾਵਿਤ ਕਰਨਗੇ ਕਿਉਂਕਿ ਉਹਨਾਂ ਦੇ ਪਰਿਵਾਰ ਈ.ਏ.ਡੀ. ਉੱਤੇ ਨਿਰਭਰ ਹਨ। ਇੰਡੀਆ ਵੈੱਸਟ ਅਤੇ ਨੈਸ਼ਨਲ ਹੈਰਲਡ ਅਨੁਸਾਰ, ਇਹ ਨਿਯਮ ਅਮਰੀਕੀ ਇਮੀਗ੍ਰੇਸ਼ਨ ਵਿਵਸਥਾ ਵਿੱਚ ਸਭ ਤੋਂ ਵੱਡਾ ਝਟਕਾ ਹੈ, ਖ਼ਾਸ ਕਰਕੇ ਭਾਰਤੀ ਭਾਈਚਾਰੇ ਲਈ।

ਪਰ ਕੁਝ ਮਾਹਿਰ ਇਸ ਨੂੰ ਸਕਾਰਾਤਮਕ ਵੀ ਵੇਖਦੇ ਹਨ। ਉਹ ਕਹਿੰਦੇ ਹਨ ਕਿ ਇਹ ਨਿਯਮ ਅਮਰੀਕੀ ਨੌਕਰੀਆਂ ਨੂੰ ਬਚਾਏਗਾ ਅਤੇ ਸਿਰਫ਼ 'ਅਤਿ ਨਿਪੁੰਨ' ਵਿਦੇਸ਼ੀਆਂ ਨੂੰ ਮੌਕਾ ਦੇਵੇਗਾ।

ਇਸ ਸੰਕਟ ਨਾਲ ਨਜਿੱਠਣ ਲਈ ਭਾਰਤੀ ਪੇਸ਼ੇਵਰਾਂ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਯੂ.ਐਸ.ਸੀ.ਆਈ.ਐਸ. ਨੇ ਸਲਾਹ ਦਿੱਤੀ ਹੈ ਕਿ ਈਏਡੀ ਖ਼ਤਮ ਹੋਣ ਤੋਂ ਪਹਿਲਾਂ ਅਪਲਾਈ ਕਰੋ ਅਤੇ ਆਪਣੇ ਐਮਪਲਾਇਰ ਨਾਲ ਗੱਲ ਕਰੋ। ਭਾਰਤ ਸਰਕਾਰ ਨੇ ਵੀ ਅਮਰੀਕਾ ਵਿੱਚ ਆਪਣੇ ਰਾਜਦੂਤ ਨੂੰ ਇਸ ਲਈ ਗੱਲਬਾਤ ਕਰਨ ਦਾ ਹੁਕਮ ਦਿੱਤਾ ਹੈ। ਇਮੀਗ੍ਰੇਸ਼ਨ ਐਡਵੋਕੇਸੀ ਗਰੁੱਪਾਂ ਨੇ ਕਹਿੰਦੇ ਹਨ ਕਿ ਇਹ ਨਿਯਮ ਨੂੰ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ, ਪਰ ਇਹ ਲੰਮੀ ਪ੍ਰਕਿਰਿਆ ਹੈ।

ਭਵਿੱਖ ਵਿੱਚ, ਟਰੰਪ ਪ੍ਰਸ਼ਾਸਨ ਹੋਰ ਸਖ਼ਤ ਨਿਯਮ ਲਿਆ ਸਕਦਾ ਹੈ, ਜਿਵੇਂ ਐਚ-1ਬੀ ਕੈਪ ਘਟਾਉਣਾ ਜਾਂ ਵੀਜ਼ਾ ਰੀਨਿਊਅਲ ਵਿੱਚ ਵਧੇਰੇ ਜਾਂਚ। ਪਰ ਭਾਰਤੀਆਂ ਲਈ ਇਹ ਸਮਾਂ ਹੈ ਕਿ ਉਹ ਬਦਲ ਲੱਭਣ - ਜਿਵੇਂ ਕੈਨੇਡਾ ਜਾਂ ਯੂਰਪ ਵਿੱਚ ਮਾਈਗ੍ਰੇਟ ਕਰਨਾ। ਇੱਕ ਰਿਪੋਰਟ ਅਨੁਸਾਰ, ਪਿਛਲੇ ਸਾਲ 50,000 ਭਾਰਤੀ ਪੇਸ਼ੇਵਰਾਂ ਨੇ ਅਮਰੀਕਾ ਛੱਡ ਕੇ ਹੋਰ ਦੇਸ਼ਾਂ ਵੱਲ ਰੁਖ ਕੀਤਾ ਸੀ।

ਅੰਤ ਵਿੱਚ, ਇਹ ਨਿਯਮ ਨਾ ਸਿਰਫ਼ ਨੀਤੀਗਤ ਬਦਲਾਅ ਹੈ, ਸਗੋਂ ਇੱਕ ਵੱਡੇ ਸਮਾਜਿਕ ਬਦਲਾਅ ਦਾ ਸੰਕੇਤ ਹੈ। ਭਾਰਤੀ ਪੇਸ਼ੇਵਰਾਂ ਨੇ ਸਾਲਾਂ ਦੀ ਮਿਹਨਤ ਨਾਲ ਅਮਰੀਕਾ ਵਿੱਚ ਆਪਣੀ ਜਗ੍ਹਾ ਬਣਾਈ ਸੀ, ਪਰ ਹੁਣ ਉਹ ਨੌਕਰੀ ਗੁਆਉਣ ਦੇ ਡਰ ਵਿੱਚ ਜੀ ਰਹੇ ਹਨ।

***

## ਬੀ.ਸੀ.ਸੀ.ਆਈ. ਦੇਵੇਗਾ ਵਿਸ਼ਵ...

ਤਨਖਾਹ ਸਮਾਨਤਾ ਵੱਲ ਵੀ ਧਿਆਨ ਦਿੱਤਾ ਗਿਆ। ਪਿਛਲੇ ਮਹੀਨੇ, ਬੀਸੀਸੀਆਈ ਚੇਅਰਮੈਨ ਜੈ ਸ਼ਾਹ ਨੇ ਮਹਿਲਾਵਾਂ ਲਈ ਪੁਰਸਕਾਰ ਰਾਸ਼ੀ ਵਿੱਚ 300 ਫੀਸਦੀ ਦਾ ਵਾਧਾ ਕੀਤਾ। ਪਹਿਲਾਂ ਇਨਾਮੀ ਰਾਸ਼ੀ 2.88 ਮਿਲੀਅਨ ਡਾਲਰ ਸੀ ਅਤੇ ਹੁਣ ਇਸਨੂੰ 14 ਮਿਲੀਅਨ ਡਾਲਰ ਕਰ ਦਿੱਤਾ ਗਿਆ ਹੈ। ਇਨ੍ਹਾਂ ਸਾਰੇ ਕਦਮਾਂ ਨੇ ਮਹਿਲਾ ਕ੍ਰਿਕਟ ਨੂੰ ਬਹੁਤ ਉਤਸ਼ਾਹਿਤ ਕੀਤਾ ਹੈ। ਬੀ.ਸੀ.ਸੀ.ਆਈ. ਨੇ ਪੂਰੀ ਟੀਮ - ਖਿਡਾਰੀਆਂ, ਕੋਚਾਂ ਅਤੇ ਸਹਾਇਕ ਸਟਾਫ ਲਈ 51 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਾ ਐਲਾਨ ਕੀਤਾ ਹੈ।

***

## ਕੀ ਅਮਰੀਕਾ ਵਿੱਚ ਸੱਚਮੁੱਚ ਹਿੰਦੂ ਭਾਈਚਾਰੇ ਉੱਪਰ

ਵੈਂਸ 2019 ਵਿੱਚ ਕੈਥੋਲਿਕ ਬਣੇ ਸਨ ਅਤੇ ਉਹਨਾਂ ਦਾ ਬਚਪਨ ਈਸਾਈ ਧਰਮ ਵਿੱਚ ਗੁਜ਼ਰਿਆ ਸੀ। ਬਾਅਦ ਵਿੱਚ ਉਹ ਨਾਸਤਿਕ ਹੋ ਗਏ ਸਨ। ਪਰ ਇਸ ਬਿਆਨ ਨੇ ਮੈਗਾ ਸਮਰਥਕਾਂ ਨੂੰ ਭੜਕਾ ਦਿੱਤਾ। ਉਹ ਵੈਂਸ ਨੂੰ 'ਝੂਠਾ ਈਸਾਈ' ਕਹਿੰਦੇ ਹਨ ਅਤੇ ਕਹਿੰਦੇ ਹਨ ਕਿ ਹਿੰਦੂ ਪਤਨੀ ਨਾਲ ਵਿਆਹ ਅਮਰੀਕੀ ਮੁੱਲਾਂ ਵਿਰੁੱਧ ਹੈ। ਗੁੱਡ ਫ਼੍ਰਾਈਡੇ ਦੀਆਂ ਸ਼ੁਭਕਾਮਨਾਵਾਂ ਦੇਣ 'ਤੇ ਵੀ ਉਹਨਾਂ ਨੂੰ ਟਰੋਲ ਕੀਤਾ ਗਿਆ। ਇਹ ਟਰੋਲਿੰਗ ਗੋਰੇ ਰਾਸ਼ਟਰਵਾਦੀਆਂ ਅਤੇ ਕੱਟੜ ਕੈਥੋਲਿਕਾਂ ਵੱਲੋਂ ਹੈ, ਜੋ ਇੰਟਰ-ਫ਼ੇਥ ਵਿਆਹ ਨੂੰ 'ਗਲਤ' ਮੰਨਦੇ ਹਨ।

ਟਰੰਪ ਪ੍ਰਸ਼ਾਸਨ ਵਿੱਚ ਹਿੰਦੂ ਅਧਿਕਾਰੀ ਵੀ ਬਚ ਨਹੀਂ ਪਾ ਰਹੇ। ਹਵਾਈ ਮੂਲ ਦੀ ਤੁਲਸੀ ਗਬਾਰਡ, ਜੋ ਡਾਇਰੈਕਟਰ ਆਫ਼ ਨੈਸ਼ਨਲ ਇੰਟੈਲੀਜੈਂਸ ਹੈ, ਅਤੇ ਕਾਸ਼ ਪਟੇਲ, ਜੋ ਐਫ਼.ਬੀ.ਆਈ. ਦੇ ਡਾਇਰੈਕਟਰ ਹਨ, ਦੋਵੇਂ ਹਿੰਦੂ ਪਰਿਵਾਰਾਂ ਤੋਂ ਹਨ। ਦੀਵਾਲੀ ਉਪਰ ਉਹਨਾਂ ਨੇ ਸ਼ੁਭਕਾਮਨਾਵਾਂ ਦਿੱਤੀਆਂ ਤਾਂ ਮੈਗਾ ਗਰੁੱਪਾਂ ਨੇ ਉਹਨਾਂ ਨੂੰ 'ਅਮਰੀਕਾ ਛੱਡੋ' ਕਹਿ ਕੇ ਗਾਲ੍ਹਾਂ ਕੱਢੀਆਂ। ਗਬਾਰਡ 70 ਬਿਲੀਅਨ ਡਾਲਰ ਦੇ ਅਮਰੀਕੀ ਖੁਫ਼ੀਆ ਜਾਲ ਨੂੰ ਕੰਟਰੋਲ ਕਰਦੀ ਹੈ, ਪਰ ਫਿਰ ਵੀ ਨਸਲੀ ਨਿਸ਼ਾਨੇ 'ਤੇ ਹੈ। ਇਹ ਦੱਸਦਾ ਹੈ ਕਿ ਟਰੰਪ ਦਾ ਨਾਅਰਾ ਕਿਵੇਂ ਕਟੜਵਾਦੀ ਈਸਾਈ ਸੰਸਥਾਵਾਂ ਨੂੰ ਤਾਕਤ ਦੇ ਰਿਹਾ ਹੈ, ਜੋ ਹਿੰਦੂ ਰੀਤੀਆਂ ਨੂੰ 'ਬਹੁਦੇਵ ਪੂਜਾ' ਵਜੋਂ ਵੇਖਦੀਆਂ ਹਨ।

ਇਸ ਦਾ ਰਾਜਨੀਤਕ ਪਹਿਲੂ ਵੀ ਡੂੰਘਾ ਹੈ। ਟਰੰਪ ਨੇ ਇਮੀਗ੍ਰੇਸ਼ਨ ਵਿਰੋਧੀ ਭਾਸ਼ਣਾਂ ਨਾਲ ਨਫ਼ਰਤ ਨੂੰ ਜਨਮ ਦਿੱਤਾ, ਜੋ ਪਹਿਲਾਂ ਮੁਸਲਮਾਨਾਂ ਤੇ ਫ਼ੈਲੀ ਅਤੇ ਹੁਣ ਹਿੰਦੂਆਂ ਤੱਕ ਪਹੁੰਚ ਗਈ। ਅਮਰੀਕੀ ਸੈਨੇਟ ਵਿੱਚ ਇੱਕ ਵਾਰ ਹਿੰਦੂ ਪ੍ਰਾਰਥਨਾ ਹੋਈ ਤਾਂ ਕੱਟੜ ਈਸਾਈਆਂ ਨੇ ਇਸ ਨੂੰ ਵੱਡੇ ਪੈਮਾਨੇ ਉੱਪਰ ਵਿਰੋਧ ਕੀਤਾ। ਕੈਥੋਲਿਕ ਧਰਮ ਵਿੱਚ ਯੀਸੂ, ਮਰੀਅਮ ਅਤੇ ਸੰਤਾਂ ਤੋਂ ਬਿਨਾਂ ਹੋਰ ਮੂਰਤੀਆਂ ਨੂੰ ਸਤਿਕਾਰ ਨਹੀਂ ਮਿਲਦਾ।

ਨਿਊਯਾਰਕ ਟਾਈਮਜ਼ ਅਤੇ ਵਾਸ਼ਿੰਗਟਨ ਪੋਸਟ ਵਰਗੀਆਂ ਅਮਰੀਕੀ ਅਖ਼ਬਾਰਾਂ ਨੇ ਰਿਪੋਰਟ ਕੀਤਾ ਹੈ ਕਿ ਮੋਦੀ ਸਰਕਾਰ ਨੇ ਅਜੇ ਤੱਕ ਟਰੰਪ ਨੂੰ ਅਧਿਕਾਰਕ ਰੂਪ ਵਿੱਚ ਇਸ ਮੁੱਦੇ ਤੇ ਚਿੱਠੀ ਨਹੀਂ ਲਿਖੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਸਿਰਫ਼ ਆਮ ਬਿਆਨ ਜਾਰੀ ਕੀਤੇ ਹਨ ਜੋ ਹਿੰਦੂਆਂ ਦੀ ਸੁਰੱਖਿਆ ਬਾਰੇ ਚਿੰਤਾ ਜ਼ਾਹਰ ਕਰਦੇ ਹਨ, ਪਰ ਕੋਈ ਕਾਰਨ ਨਹੀਂ ਦੱਸੇ। ਯੂਨਾਈਟਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰੀਲੀਜਨ ਫ਼੍ਰੀਡਮ (ਯੂ.ਐਸ.ਸੀ.ਆਈ.ਆਰ.ਐਫ਼.) ਨੇ 2020 ਤੋਂ ਭਾਰਤ ਨੂੰ ਖ਼ਾਸ ਚਿੰਤਾ ਵਾਲੇ ਮੁਲਕਾਂ ਦੀ ਸੂਚੀ ਵਿੱਚ ਪਾਉਣ ਦੀ ਸਿਫ਼ਾਰਸ਼ ਕੀਤੀ ਹੈ। 2025 ਵਾਲੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਬੀ.ਜੇ.ਪੀ. ਦੇ 10 ਸਾਲਾਂ ਰਾਜ ਵਿੱਚ ਹਿੰਦੂਆਂ ਦਾ ਦਬਦਬਾ ਵਧਿਆ ਹੈ ਤੇ ਘੱਟ ਗਿਣਤੀਆਂ ਤੇ ਹਮਲੇ ਵਧ ਗਏ ਹਨ। ਜੇ ਭਾਰਤ ਲਿਸਟ ਵਿੱਚ ਸ਼ਾਮਲ ਹੋ ਗਿਆ ਤਾਂ ਭਾਰਤ ਉੱਪਰ ਰੋਕਾਂ ਲੱਗ ਸਕਦੀਆਂ ਹਨ, ਜੋ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਖ਼ਤਰੇ ਵਿੱਚ ਪਾ ਸਕਦੀ ਹੈ।

ਅਮਰੀਕਾ ਵਿੱਚ ਰਹਿਣ ਵਾਲੇ ਹਿੰਦੂ ਵਿਅਕਤੀਆਂ ਦੀਆਂ ਸੰਸਥਾਵਾਂ ਵੀ ਇਸ ਵਿੱਚ ਜੁੜੀਆਂ ਹਨ। ਆਰਐੱਸਐੱਸ, ਵੀਐੱਚਪੀ ਅਤੇ ਬੀਜੇਪੀ ਨਾਲ ਜੁੜੀਆਂ ਹਿੰਦੂ ਸਵੈਮਸੇਵਕ ਸੰਘ (ਐੱਚ.ਐੱਸ.ਐੱਸ. ਯੂ.ਐੱਸ.ਏ.), ਵਿਸ਼ਵ ਹਿੰਦੂ ਪ੍ਰੀਸ਼ਦ ਅਮਰੀਕਾ (ਵੀ.ਐੱਚ.ਪੀ.ਏ.) ਅਤੇ ਓਵਰਸੀਜ਼ ਫ੍ਰੈਂਡਸ ਆਫ਼ ਬੀਜੇਪੀ (ਓ.ਐੱਫ਼.ਬੀ.ਜੇ.ਪੀ.) ਵਰਗੀਆਂ ਸੰਸਥਾਵਾਂ ਭਾਰਤ ਵਿੱਚ ਮੁਸਲਮਾਨ ਵਿਰੋਧੀ ਮੁਹਿੰਮਾਂ ਚਲਾਉਂਦੀਆਂ ਹਨ। 2021 ਵਿੱਚ ਉਹਨਾਂ ਨੇ ਸੀ.ਏ.ਏ.-ਐੱਨ.ਆਰ.ਸੀ. ਵਿਰੋਧੀ ਪ੍ਰਦਰਸ਼ਨ ਕੀਤੇ। 2022 ਵਿੱਚ ਨਿਊਜਰਸੀ ਵਿੱਚ ਇੰਡੀਅਨ ਬਿਜ਼ਨੈੱਸ ਐੱਸੋਸੀਏਸ਼ਨ (ਆਈ.ਬੀ.ਏ.) ਅਤੇ ਓ.ਐੱਫ਼.ਬੀ.ਜੇ.ਪੀ. ਨੇ ਆਜ਼ਾਦੀ ਦਿਵਸ ਪਰੇਡ ਵਿੱਚ ਬੁਲਡੋਜ਼ਰ ਸ਼ਾਮਲ ਕੀਤੇ, ਜੋ ਯੋਗੀ ਆਦਿਤਿਆਨਾਥ ਦੀਆਂ ਮੁਸਲਮਾਨ ਘਰਾਂ ਤੇ ਤੋੜਫ਼ੋੜ ਨੂੰ ਦਰਸਾਉਂਦਾ ਸੀ। ਕਾਉਂਸਲ ਆਨ ਅਮਰੀਕਨ-ਇਸਲਾਮਿਕ ਰਿਲੇਸ਼ਨਜ਼ (ਸੀ.ਏ.ਆਈ.ਆਰ.) ਅਤੇ ਇੰਡੀਅਨ ਅਮਰੀਕਨ ਮੁਸਲਿਮ ਕਾਉਂਸਲ (ਆਈ.ਐੱਮ.ਸੀ.) ਨੇ ਇਸ ਨੂੰ 'ਇਸਲਾਮੋਫ਼ੋਬਿਕ' ਕਿਹਾ ਅਤੇ ਵਿਰੋਧ ਕੀਤਾ। ਇਹ ਦੱਸਦਾ ਹੈ ਕਿ ਹਿੰਦੁਤਵ ਦੀ ਨਫ਼ਰਤ ਅਮਰੀਕਾ ਵਿੱਚ ਫ਼ੈਲ ਰਹੀ ਹੈ।

***

## ਗੁਰੂ ਨਾਨਕ ਦੇਵ ਜੀ ਦਾ ...

ਗੁਰੂ ਸਾਹਿਬ ਨੇ ਆਪਣੀ ਵਿਆਪਕ ਦ੍ਰਿਸ਼ਟੀ ਦੀ ਅਭਿਵਿਅਕਤੀ ਕਰਦਿਆਂ ਬੜੇ ਨਿਮਰ ਭਾਵ ਨਾਲ ਕਿਹਾ ਸੀ : 'ਨਾਨਕ ਵਿਚਾਰਾ ਕੀ ਆਖ ਸਕਦਾ ਹੈ ? ਸਾਰਾ ਸੰਸਾਰ ਹੀ ਤੈਨੂੰ ਇੱਕ ਨੂੰ ਸਲਾਹ ਰਿਹਾ ਹੈ।ਨਾਨਕ ਦਾ ਸਿਰ ਤੇਰੀ ਸਿਫ਼ਤ-ਸਲਾਹ ਕਰਨ ਵਾਲੇ ਬੰਦਿਆਂ ਦੇ ਕਦਮਾਂ 'ਤੇ ਹੈ ਭਾਵੇਂ ਤੈਨੂੰ ਕੋਈ ਕਿਸੇ ਵੀ ਨਾਂਅ ਨਾਲ ਯਾਦ ਕਰ ਰਿਹਾ ਹੈ। ਜਿਤਨੇ ਵੀ ਤੇਰੇ ਨਾਂਅ ਹਨ ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ :

ਨਾਨਕੁ ਵੇਚਾਰਾ ਕਿਆ ਕਹੈ॥
ਸਭੁ ਲੋਕੁ ਸਲਾਹੇ ਏਕਸੈ॥
ਸਿਰੁ ਨਾਨਕ ਲੋਕਾ ਪਾਵ ਹੈ॥
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥
(ਅੰਗ : 1168)

ਸੱਚਮੁੱਚ, ਸਾਰੀ ਮਨੁੱਖਤਾ ਲਈ ਸਾਂਝਾ ਸੀ – ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ।ਗੁਰੂ ਸਾਹਿਬ ਨੇ ਨਿਰਭੈ ਹੋ ਕੇ ਬਰਾਬਰੀ ਦਾ ਸੰਦੇਸ਼ ਦਿੱਤਾ ਸੀ, ਪਿਆਰ ਤੇ ਸਦਭਾਵ ਦੇ ਰਾਹ 'ਤੇ ਤੋਰਿਆ ਸੀ। ਕਰਮ-ਕਾਂਡਾਂ ਤੋਂ ਹਟਾ ਕੇ ਸ਼ੁੱਧ ਮਨ ਨਾਲ, ਭਾਵਨਾ ਨਾਲ ਰੱਬੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਸੀ। ਇਸ ਤਰ੍ਹਾਂ ਆਪਣੀ ਨਿਵੇਕਲੀ ਸੰਵਾਦ ਦੀ ਵਿਧੀ ਨਾਲ ਉਨ੍ਹਾਂ ਨੇ ਲੋਕਾਂ ਵਿੱਚ ਆਪਸੀ ਸਾਂਝ ਅਤੇ ਸਦਭਾਵ ਦੀ ਭਾਵਨਾ ਨੂੰ ਪਰਿਪੱਕ ਕੀਤਾ ਸੀ।

ਭਾਈ ਗੁਰਦਾਸ ਜੀ ਨੇ ਆਪਣੀ ਇਸ ਖ਼ੂਬਸੂਰਤ ਰਚਨਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ਬਿਰਤਾਂਤ ਨੂੰ ਬੜੇ ਨਿਵੇਕਲੇ ਢੰਗ ਨਾਲ ਅੰਕਿਤ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜ਼ਾਹਰ ਪੀਰ ਜਗਤ ਗੁਰ ਬਾਬਾ ਗੁਰੂ ਨਾਨਕ ਸਾਹਿਬ ਨੇ ਸੱਭਿਆਚਾਰਾਂ ਤੇ ਧਰਮਾਂ ਵਿਚਕਾਰ ਸਾਂਝ ਤੇ ਸਦਭਾਵ ਦੀ ਵਿਸ਼ਵ-ਪੱਧਰੀ ਮੁਹਿੰਮ ਚਲਾਈ ਸੀ। ਰਚਨਾ ਦੱਸਦੀ ਹੈ ਕਿ ਹਿੰਦੂ ਲੋਕੀਂ ਗੰਗਾ ਤੇ ਕਾਂਸ਼ੀ ਜਾਂਦੇ ਹਨ, ਮੁਸਲਮਾਨ ਮੱਕੇ-ਕਾਅਬੇ ਦੀ ਜ਼ਿਆਰਤ ਕਰਦੇ ਹਨ, ਪਰ ਦੋਹਾਂ ਧਰਮਾਂ ਦੇ ਪੈਰੋਕਾਰਾਂ ਵਿੱਚ ਬਾਬੇ ਨਾਨਕ ਦੀ ਮਾਨਤਾ ਇਕੋ ਜਿਹੀ ਹੈ। ਐਸਾ ਇਸ ਲਈ ਹੈ ਕਿ ਗੁਰੂ ਨਾਨਕ ਭਗਤ-ਵਛਲ ਬਣ ਕੇ ਆਏ ਹਨ, ਪਾਪੀਆਂ ਦਾ ਉਧਾਰ ਕਰਨ ਵਾਲੇ ਹਨ। ਉਨ੍ਹਾਂ ਦੀ ਕਿਰਪਾ ਨਾਲ ਹਿੰਦੂਆਂ ਦੇ ਚਾਰੇ ਵਰਣ ਇੱਕ ਵਰਣ ਹੋ ਕੇ ਸੰਗਤੀ ਰੂਪ ਵਿੱਚ ਜੁੜ ਬੈਠਦੇ ਹਨ। ਜਿਸ ਤਰ੍ਹਾਂ ਚੰਦਨ ਦੀ ਵਾਸਨਾ ਕਰਕੇ ਸਾਰੀ ਬਨਸਪਤੀ ਚੰਦਨ ਹੋ ਜਾਂਦੀ ਹੈ, ਉਸ ਵਿੱਚ ਕੋਈ ਭਿੰਨ-ਭੇਤ ਤੇ ਵਿਤਕਰਾ ਨਹੀਂ ਰਹਿੰਦਾ, ਉਸੇ ਤਰ੍ਹਾਂ ਗੁਰੂ ਨਾਨਕ ਦੀ ਸੰਗਤ ਇਕਸਾਰ ਹੈ। ਹਿੰਦੂ ਮੁਸਲਮਾਨ ਸਾਰੇ ਉਨ੍ਹਾਂ ਦੇ ਹੁਕਮ ਵਿੱਚ ਹਨ। ਬਾਬਾ ਨਾਨਕ ਮੁਸਲਮਾਨਾਂ ਦੇ ਜ਼ਾਹਰ ਪੀਰ ਅਤੇ ਹਿੰਦੂਆਂ ਦੇ ਜਗਤ ਗੁਰੂ ਹੋ ਨਿਬੜੇ ਹਨ :

ਗੰਗ ਬਨਾਰਸ ਹਿੰਦੂਆ
ਮੁਸਲਮਾਣਾਂ ਮਕਾ ਕਾਬਾ ।
ਘਰਿ ਘਰਿ ਬਾਬਾ ਗਾਵੀਐ
ਵਜਨਿ ਤਾਲ ਮ੍ਰਿਦੰਗੁ ਰਬਾਬਾ ।
ਭਗਤਿ ਵਛਲੁ ਹੋਇ ਆਇਆ
ਪਤਿਤ ਉਧਾਰਣੁ ਅਜਬੁ ਅਜਾਬਾ ।
ਚਾਰਿ ਵਰਨ ਇਕ ਵਰਨ ਹੋਇ
ਸਾਧਿਸੰਗਤਿ ਮਿਲਿ ਹੋਇ ਤਰਾਬਾ।
ਚੰਦਨੁ ਵਾਸੁ ਵਣਾਸਪਤਿ
ਅਵਲਿ ਦੋਮ ਨ ਸੇਮ ਖਰਾਬਾ ।
ਹੁਕਮੈ ਅੰਦਰਿ ਸਭ ਕੋ ਕੁਦਰਤਿ
ਕਿਸ ਦੀ ਕਰੈ ਜਵਾਬਾ ।
ਜਾਹਰ ਪੀਰੁ ਜਗਤੁ ਗੁਰ ਬਾਬਾ ।
(ਭਾਈ ਗੁਰਦਾਸ ਜੀ, ਵਾਰ : 24, ਪਾਉੜੀ : 4

***

## ਇਨਕਲਾਬੀ ਰਹਿਬਰ ਸਤਿਗੁਰੂ...

ਇਸ ਤਰ੍ਹਾਂ ਭਗਤੀ ਤੇ ਘਾਲਿ-ਕਮਾਈ ਦਾ ਨਵਾਂ ਬੇਜੋੜ ਸਿੱਖੀ-ਸਰੂਪ ਸਾਹਮਣੇ ਆਉਂਦਾ ਹੈ। ਪੁਰਾਣੀਆਂ ਧਾਰਮਿਕ ਰਵਾਇਤਾਂ ਤੋਂ ਹਟ ਕੇ ਨਵੇਂ ਸੇਵਾ ਰੂਪੀ ਸਮਾਜਿਕ ਧਰਮ ਦੀ ਬੁਨਿਆਦ ਬਲ ਫੜਨ ਲੱਗੀ। ਗੁਰੂ ਸਾਹਿਬ ਨੇ ਸੇਵਾ ਦੇ ਵੱਡੇ ਮਹਾਤਮ ਉੱਤੇ ਜ਼ੋਰ ਦਿੱਤਾ :

ਵਿਚ ਦੁਨੀਆ ਸੇਵਿ ਕਮਾਈਐ॥
ਤਾ ਦਰਗਹ ਬੈਸਣੁ ਪਾਈਐ ।।(ਅੰਗ : 25)

ਗੁਰੂ ਸਾਹਿਬ ਨੇ ਲੰਮੀ ਪਰਖ ਦੇ ਗੁਣਾਂ ਵਜੋਂ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨੂੰ ਆਪਣਾ ਉੱਤਰਾਧਿਕਾਰੀ ਚੁਣਿਆ । ਉਨ੍ਹਾਂ ਨੇ ਵਾਰਿਸ ਦੀ ਅਜਿਹੀ ਚੋਣ ਸਮੇਂ ਆਪਣੀ ਸੰਤਾਨ ਜਾਂ ਪੁੱਤਰਾਂ ਨੂੰ ਨਕਾਰ ਦਿੱਤਾ ਸੀ। ਨਾਲ ਹੀ ਗੁਰੂ ਸਾਹਿਬ ਨੇ ਆਪਣੀ ਅਤੇ ਹੋਰ ਭਗਤਾਂ ਦੀ ਇਕੱਤਰ ਕੀਤੀ ਬਾਣੀ ਦਾ ਬਸਤਾ (ਝੋਲਾ) ਵੀ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕਰ ਦਿੱਤਾ। ਗੁਰੂ ਸਾਹਿਬ ਨੇ ਤਕਰੀਬਨ 12 ਹਜ਼ਾਰ ਮੀਲ ਦਾ ਲੰਮਾ ਪੈਂਡਾ ਤਹਿ ਕੀਤਾ ਸੀ। ਇਸ ਦੌਰਾਨ ਸਿੱਖੀ ਦਾ ਮੁੱਢ ਬੱਝ ਗਿਆ ਸੀ। ਲੋਕਾਂ ਨੂੰ ਬਦਲ ਵਜੋਂ ਨਵਾਂ ਸਰਲ ਤੇ ਵਿਹਾਰਕ ਕਿਸਮ ਦਾ ਸਮਾਜਿਕ-ਧਾਰਮਿਕ ਰਾਹ ਮਿਲ ਗਿਆ ਸੀ। ਇਹ ਸਾਰੀ ਨਵੀਂ ਜਾਗ ਤੇ ਜਾਗਿਜ਼ੀ ਗੁਰੂ ਨਾਨਕ ਦੇਵ ਜੀ ਕਰਕੇ ਹੀ ਸੀ।

ਪ੍ਰੋ. ਪੂਰਨ ਸਿੰਘ ਇਹ ਮੰਨਦਾ ਹੈ:
ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ ।

ਗੁਰੂ ਸਾਹਿਬ ਆਪਣੀ ਉਮਰ ਦੇ ਪਹਿਲੇ 35 ਸਾਲ ਤਲਵੰਡੀ ਹੀ ਰਹੇ ਸਨ। ਇਸ ਉਮਰ ਤੱਕ ਉਹ ਦੁਕਾਨ, ਵਪਾਰ ਤੇ ਨੌਕਰੀ ਵਗੈਰਾ ਦੇ ਵੱਖ-ਵੱਖ ਕਿੱਤਿਆਂ ਨਾਲ ਜੁੜੇ ਸਨ। ਫਿਰ ਗੁਰੂ ਸਾਹਿਬ ਹਿੰਦੂ, ਮੁਸਲਮਾਨਾਂ ਦੀ ਸਾਂਝੀ ਵਸੋਂ ਵਾਲੇ ਇਲਾਕੇ ਕਰਤਾਰਪੁਰ ਵਿੱਚ ਟਿਕ ਕੇ ਪੂਰੀ ਤਰ੍ਹਾਂ ਆਪਣੇ ਅਸਲੀ ਮਿਸ਼ਨ 'ਚ ਜੁਟ ਗਏ। ਇਹ ਸਥਾਨ ਤਬਦੀਲੀ ਪੂਰੀ ਤਰ੍ਹਾਂ ਦੁਨਿਆਦਾਰੀ ਦੇ ਨਾਲ-ਨਾਲ 'ਰੂਹਾਨੀਅਤ' ਦੇ ਰਾਹ ਪੈ ਜਾਣ ਦਾ ਪ੍ਰਮਾਣ ਹੈ। ਇੱਥੇ ਗੁਰੂ ਸਾਹਿਬ ਨੇ (1521 ਤੋਂ 1539 ਤੱਕ) 18 ਸਾਲ ਬਿਤਾਏ ਸਨ। ਇਥੇ ਆਪ ਜੀ ਨੇ ਖੇਤੀ ਕੀਤੀ ਸੀ। ਇੱਥੇ ਹੀ ਗੁਰੂ ਸਾਹਿਬ ਦੀ ਕੀਰਤਨ-ਦਰਬਾਰ ਅਤੇ ਲੋਹ-ਲੰਗਰ ਦੀ ਪ੍ਰਥਾ ਰੋਜ਼ਾਨਾ ਦਾ ਵਿਹਾਰਕ ਵਰਤਾਰਾ ਬਣ ਗਈ ਸੀ। ਪ੍ਰਭੂ ਦੇ ਨਾਮ-ਸਿਮਰਨ ਸੰਬੰਧੀ ਕੀਰਤਨ-ਪ੍ਰਵਾਹ ਅਤੇ ਖੇਤੀ ਦੀ ਸੱਚੀ ਕਿਰਤ ਕਮਾਈ ਦੀ ਮਰਿਆਦਾ ਸਥਾਪਤ ਹੋਈ। ਗੁਰੂ ਸਾਹਿਬ ਨੇ ਹੱਥਕਾਰ (ਕਿਰਤ) ਵੱਲ ਅਤੇ ਧਿਆਨ ਨਿਰੰਕਾਰ ਵੱਲ ਦਾ ਦੋਹਰਾ ਨਵਾਂ ਅਮਲ ਸ਼ੁਰੂ ਕੀਤਾ। ਇੱਥੋਂ ਹੀ ਧਰਨੇ, ਜਾਤਾਂ ਤੇ ਜਮਾਤਾਂ ਤੋਂ ਉਪਰ ਇਕੋ ਥਾਂ ਬੈਠ ਕੇ ਸੰਗਤੀ ਤੇ ਪੰਗਤੀ ਰੂਪ ਵਿੱਚ ਲੰਗਰ ਛੱਕਣ ਦੀ ਸਾਂਝ ਤੇ ਸਮਾਨਤਾ ਵਾਲੀ ਸਮਾਜਿਕ ਭਾਵਨਾ ਬਲ ਫੜ੍ਹਦੀ ਹੈ। ਅਜਿਹਾ ਅਮਲ ਸਿੱਖ ਅਤੇ ਸਿੱਖੀ ਦੀ ਬੁਨਿਆਦ ਬਣ ਗਿਆ।

ਗੁਰੂ ਸਾਹਿਬ 'ਬਲਿਹਾਰੀ ਕੁਦਰਤਿ ਵਸਿਆ' ਦੇ ਗੁਣਗਾਣ ਕਰਦੇ ਸਨ। ਉਹ ਪ੍ਰਕਿਰਤੀ ਦੇ ਫੁੱਲ-ਬੂਟਿਆਂ ਨੂੰ ਆਪਣੇ ਕਾਦਰ ਦੇ ਸੁਹੱਪਣ ਦਾ ਸੁਹਜ-ਸੁਨੇਹਾ ਮੰਨਦੇ ਸਨ। ਉਨ੍ਹਾਂ ਨੇ ਕੁਦਰਤ ਦੇ ਵੱਖ-ਵੱਖ ਰੂਪਾਂ ਨੂੰ ਮਨੁੱਖ ਦੇ ਪ੍ਰਾਣਧਾਰੀ ਆਧਾਰ ਵਜੋਂ ਪੇਸ਼ ਕੀਤਾ ਹੈ:

ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ॥ (ਅੰਗ : 472)
ਅਤੇ
ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
(ਅੰਗ : 8)

ਅੱਜ ਅਸੀਂ ਕੁਦਰਤ ਦੇ (ਹਵਾ, ਪਾਣੀ ਤੇ ਜ਼ਮੀਨ) ਸੁਹੱਪਣ ਦਾ ਨਾਸ਼ ਮਾਰ ਰਹੇ ਹਾਂ। ਨਾਲ ਗੁਰੂ ਸਾਹਿਬ ਦੇ ਉਦੇਸ਼ ਪ੍ਰਤੀ ਵੀ ਕੋਤਾਹੀ ਕਰ ਰਹੇ ਹਾਂ । ਅੱਜ ਅਸੀਂ ਬਾਬੇ ਨਾਨਕ ਦੇ ਦੱਸੇ ਕਿਰਤ ਦੇ ਰਾਹ ਤੋਂ ਟੁੱਟ ਰਹੇ ਹਾਂ। ਇਸ ਕਰਕੇ ਅਸੀਂ ਕਈ ਵੱਡੇ ਸੰਕਟਾਂ ਦੇ ਰੂਬਰੂ ਹਾਂ। ਅਸੀਂ ਆਪਣੇ ਗੁਰੂ ਸਾਹਿਬਾਨ ਨੂੰ ਤਾਂ ਮੰਨ ਰਹੇ ਹਾਂ ਪਰ ਉਨ੍ਹਾਂ ਦੇ ਦੱਸੇ ਰਾਹ ਤੋਂ ਇੱਧਰ-ਉੱਧਰ ਭਟਕ ਰਹੇ ਹਾਂ। ਇਸ ਵਿੱਚ ਹੀ ਸਾਡੀਆਂ ਸਭ ਸਮਾਜਿਕ, ਧਾਰਮਿਕ ਤੇ ਸਿਆਸੀ ਨਾਮੋਸ਼ੀਆਂ ਹਨ। ਅਸੀਂ ਚੀਜ਼ਾਂ-ਵਸਤਾਂ ਤੇ ਪਦਵੀਆਂ ਦੇ ਲੋਭ-ਲਾਲਚ ਦੀ ਖ਼ੁਦ.ਗਰਜ਼ੀ ਵਿੱਚ ਹਾਂ, ਇਸ ਸਭ ਕੁਝ ਉੱਤੇ ਆਪਣੀ ਹਉਮੈਂ ਦਾ ਮੁਲੰਮਾ ਵੱਖਰਾ ਹੈ। ਸਮੱਸਿਆਵਾਂ ਦੇ ਹੱਲ ਦੀਆਂ ਗੁਰਮਤਿ ਰੂਪੀ ਕੁੰਜੀਆਂ ਸਾਡੇ ਸਾਹਮਣੇ ਹਨ। ਗੁਰੂ ਸਾਹਿਬ ਦੀ ਬਾਣੀ ਤੇ ਜੀਵਨ ਵਿਹਾਰ ਦਾ ਅਮੁੱਲ ਖ਼ਜ਼ਾਨਾ ਸਾਡੇ ਕੋਲ ਹੈ ਪਰ ਅਸੀਂ ਇਹ ਵੇਖ ਹੀ ਨਹੀਂ ਰਹੇ ਹਾਂ। ਸਾਨੂੰ ਆਪਣੇ ਗੁਰੂ ਦੇ ਕਿਰਤੀ ਵਿਹਾਰ ਵੱਲ ਮੁੜਨਾ ਤੇ ਜੁੜਨਾ ਚਾਹੀਦਾ ਹੈ। ਗੁਰੂ ਨਾਨਕ ਦਾ ਫ਼ਲਸਫ਼ਾ ਕੇਵਲ ਕਿਸੇ ਇਕ ਮਨੁੱਖ ਜਾਤੀ ਤੱਕ ਸੀਮਤ ਨਹੀਂ ਹੈ, ਇਹ ਸਾਰੇ ਬ੍ਰਹਿਮੰਡ ਲਈ ਹੈ। ਇਸ ਵੇਲੇ ਵੱਡੀ ਜ਼ਰੂਰਤ ਅਜਿਹੇ ਖ਼ਜ਼ਾਨੇ ਵੱਲ ਮੂੰਹ ਕਰਨ ਦੀ ਹੈ। ਇਸ ਨੂੰ ਜਾਨਣ-ਸਮਝਣ ਤੇ ਅਪਣਾਉਣ ਦੀ ਜ਼ਰੂਰਤ ਹੈ। ਇਸੇ ਵਿੱਚ ਹੀ ਸੁੱਖ-ਸ਼ਾਂਤੀ ਤੇ ਸਰਬੱਤ ਦਾ ਭਲਾ ਹੈ। ਇਸ ਦਰ ਤੋਂ ਹੀ ਅੱਗੇ ਸਭ ਪ੍ਰਾਪਤੀਆਂ ਤੇ ਦਾਤਾਂ ਦਾ ਦਰਵਾਜ਼ਾ ਖੁੱਲ੍ਹਣਾ ਹੈ। ਇਸ ਰਾਹ 'ਤੇ ਚੱਲਣਾ ਹੀ ਗੁਰੂ-ਸਾਹਿਬਾਨ ਨੂੰ ਸੱਚੀ ਤੇ ਅਸਲ ਸ਼ਰਧਾਂਜਲੀ ਹੈ।

***

## ਗੁਰੂ ਨਾਨਕ ਬਾਣੀ 'ਚ...

ਸਤਿਗੁਰਾਂ ਨੇ ਜਿੱਥੇ ਲੋਕਾਈ ਨੂੰ ਧਾਰਮਿਕ, ਰਾਜਨੀਤਕ ਤੇ ਸਮਾਜਿਕ ਪਾਖੰਡਵਾਦ, ਲੁੱਟ-ਖਸੁੱਟ ਤੇ ਅੰਧ ਵਿਸ਼ਵਾਸਾਂ ਪ੍ਰਤੀ ਜਾਗਰੂਕ ਕੀਤਾ, ਉੱਥੇ ਗਿਆਨ ਵਿਹੂਣੇ ਹੰਕਾਰੀਆਂ ਬਾਰੇ ਵੀ ਫ਼ਰਮਾਇਆ ਕਿ ਕਈਆਂ ਨੂੰ ਨਾ ਚੰਗੀ ਸੂਝ ਹੈ, ਨਾ ਬੁੱਧ ਹੈ, ਨਾ ਅਕਲ ਦੀ ਸਾਰ ਹੈ ਅਤੇ ਨਾ ਹੀ ਕੋਈ ਅੱਖਰ ਪੜ੍ਹਨਾ ਜਾਣਦੇ ਹਨ । ਬਿਨਾਂ ਸਮਝ ਤੋਂ ਹੰਕਾਰੇ ਹੋਏ ਅਜਿਹੇ ਮਨੁੱਖ ਅਸਲ ਖਰ (ਗਧੇ) ਹਨ ।

ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥
(ਮਹਲਾ 1 ਅੰਗ 1246)

ਅਸਲ ਵਿਚ ਅੱਖਰ ਤੋਂ ਭਾਵ ਭਾਸ਼ਾ ਦਾ ਗਿਆਨ ਹੈ, ਜੋ ਸੰਸਾਰੀ ਤੇ ਨਿਰੰਕਾਰੀ ਬੌਧਿਕਤਾ ਦਾ ਮੂਲ ਹੈ। ਅੱਖਰ ਗਿਆਨ ਤੋਂ ਵਿਹੂਣਾ ਸਮਾਜ ਕਿਸੇ ਪੱਖੋਂ ਵੀ ਵਿਕਾਸ ਨਹੀਂ ਕਰ ਸਕਦਾ। ਸਤਿਗੁਰਾਂ ਨੇ ਮਨੁੱਖੀ ਜੀਵਨ ਦੀ ਸਫਲਤਾ ਤੇ ਸਵੈਮਾਣ ਨਾਲ ਜਿਉਣ ਦੀ ਕਲਾ ਦਾ ਆਧਾਰ ਅੱਖਰਾਂ ਨੂੰ ਪ੍ਰਵਾਨਿਆ ਹੈ । ਜਪੁਜੀ ਸਾਹਿਬ ਬਾਣੀ 'ਚ ਅਸੀਂ ਰੋਜ਼ਾਨਾਂ ਪਾਠ ਸਰਵਣ ਕਰਦੇ ਹਾਂ:-

ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥
(ਜਪੁਜੀ ਸਾਹਿਬ, (ਜਪੁ) ਅੰਗ 04)

ਭਾਵ ਭਾਸ਼ਾ ਦੇ ਸ਼ਬਦਾਂ ਨਾਲ ਹੀ ਪ੍ਰਭੂ ਦਾ ਨਾਮ ਲਿਆ ਜਾਂਦਾ ਹੈ ਅਤੇ ਅੱਖਰਾਂ ਨਾਲ ਹੀ ਸਿਫ਼ਤ ਸਲਾਹ ਹੋ ਸਕਦੀ ਹੈ। ਅੱਖਰਾਂ ਨਾਲ ਹੀ ਗਿਆਨ ਅਰਜਤ ਕੀਤਾ ਜਾਂਦਾ ਤੇ ਪ੍ਰਭੂ ਸਿਫਤੀ ਗਾ ਕੇ, ਗੁਣਾ ਤੋਂ ਵਾਕਫ ਹੋਇਆ ਜਾਂਦਾ ਹੈ । ਅੱਖਰਾਂ ਨਾਲ ਹੀ ਬਾਣੀ ਲਿਖੀ ਤੇ ਬੋਲੀ ਜਾਂਦੀ ਹੈ ਅਤੇ ਅੱਖਰਾਂ ਰਾਹੀਂ ਹੀ ਪ੍ਰਭੂ ਨਾਲ ਜੀਵ ਦਾ ਰਿਸ਼ਤਾ ਬਿਆਨ ਕੀਤਾ ਜਾਂਦਾ ਹੈ ।

ਤੱਤਸਾਰ ਕਿ ਅੱਖਰ ਹੀ ਭਾਸ਼ਾ ਦਾ ਮੂਲ ਹਨ ਅਤੇ ਮਾਤ ਭਾਸ਼ਾ ਦੇ ਅੱਖਰ ਹੀ ਰੂਹ ਨਾਲ ਸਦੀਵ ਸਾਂਝ ਰੱਖਦੇ ਹਨ। ਸੰਸਾਰ ਦਾ ਹਰ ਵਿਕਾਸ ਅੱਖਰਾਂ ਦੀ ਸ਼ਕਤੀ 'ਚ ਸਮਾਇਆ ਹੋਇਆ ਹੈ। ਇਸ ਲਈ ਮਾਤ ਭਾਸ਼ਾ ਹਰ ਮਨੁੱਖ ਦਾ ਈਮਾਨ (ਧਰਮ, ਭਰੋਸਾ, ਸਿਦਕ) ਹੈ। ਆਓ ! ਜਿਸ ਭਾਸ਼ਾ 'ਚ ਪ੍ਰਭੂ ਦੇ ਸਰਗੁਣ ਸਰੂਪ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਦੈਵੀ ਬਾਣੀ ਬਖਸ਼ੀ, ਉਸ ਦੀ ਸ਼ਕਤੀ ਨੂੰ ਪਹਿਚਾਣੀਏ, ਅਮਲ ਤੇ ਪਿਆਰ ਕਰੀਏ।

***

## ਸਿੱਖ ਪੰਥ ਨੂੰ ਦਰਪੇਸ਼ ਸੰਕਟ ਤੇ...

ਇਸ ਤਰ੍ਹਾਂ ਗੁਰੂ ਕਾਲ ਵਿੱਚ ਧਰਮ ਪ੍ਰਚਾਰ ਲਈ ਸਥਾਪਿਤ ਉਦਾਸੀ ਤੇ ਨਿਰਮਲ ਪੰਥ ਵੀ ਅੰਗਰੇਜ਼ ਰਾਜ ਵੇਲੇ ਗੁਰਦੁਆਰਾ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਕੌਮ ਦੀ ਮੁੱਖ ਧਾਰਾ ਤੋਂ ਦੂਰ ਹੋ ਚੁੱਕੇ ਹਨ। ਚੀਫ਼ ਖ਼ਾਲਸਾ ਦੀਵਾਨ ਵੀ ਆਪਣੇ ਕਿਸੇ ਵੀ ਮਨੋਰਥ ਨੂੰ ਪੂਰਾ ਨਹੀਂ ਕਰ ਸਕਿਆ ਹੈ। ਇਸ ਤਰ੍ਹਾਂ ਸਿੱਖ ਧਰਮ ਵਿੱਚ ਨਾ ਤਾਂ ਕੋਈ ਅੰਤਰ ਰਾਸ਼ਟਰੀ ਧਰਮ ਪ੍ਰਚਾਰ ਜਾਂ ਧਾਰਮਿਕ ਖੋਜ ਲਈ ਸੰਸਥਾ ਬਣ ਸਕੀ ਹੈ । 1986 ਜਨਵਰੀ ਤੋਂ ਬਾਅਦ ਹੁਣ ਤੱਕ ਪੰਥਕ ਸੰਸਥਾਵਾਂ ਵਲੋਂ ਮੁਕਾਬਲੇ ਦੇ ਜਥੇਦਾਰ ਬਣਾਉਣ ਦੀ ਪਿਰਤ ਪੈ ਗਈ ਹੈ। ਸ਼੍ਰੋਮਣੀ ਅਕਾਲੀ ਦਲ ਵੀ ਕਈ ਹਨ ਤੇ ਪੰਜਾਬ ਦੀ ਰਾਜਨੀਤੀ ਵਿੱਚ ਹੀ ਹਾਸ਼ੀਏ ਤੋਂ ਉੱਪਰ ਹਨ। ਅੱਜ ਪੰਥ ਧਾਰਮਿਕ ਤੌਰ 'ਤੇ, ਰਾਜਨੀਤਕ ਤੌਰ 'ਤੇ ਆਗੂ ਰਹਿਤ ਲੱਗਦਾ ਹੈ।

ਰਾਜਨੀਤੀ ਵਿੱਚ ਪਰਪੱਕਤਾ ਤੇ ਦੂਰ-ਦਰਸ਼ਤਾ ਦੀ ਅਣਹੋਂਦ ਕਾਰਨ ਗੁਰੂ ਨਾਨਕ ਦੇਵ ਜੀ ਵਲੋਂ ਪ੍ਰਗਟ ਕੀਤੇ ਦੇਵਤੇ ਆਪਣੀ ਪਛਾਣ ਕਮਜ਼ੋਰ ਕਰ ਰਹੇ ਹਨ ਅਤੇ ਗੁਰੂ ਹੁਕਮ ਤੋਂ ਆਕੀ ਹੋ ਕੇ ਇੱਕ ਦੂਜੇ ਨੂੰ ਕਮਜ਼ੋਰ ਕਰਨ ਵੱਲ ਲੱਗੇ ਕੌਮੀ ਨੁਕਸਾਨ ਕਰ ਰਹੇ ਹਨ।

ਇਸ ਸਥਿਤੀ ਤੋਂ ਬਾਹਰ ਆਉਣ ਲਈ ਲੰਬੀ ਸੋਚ ਵਿਚਾਰ ਕਰ, ਚੰਗੀ ਨੀਯਤ ਤੇ ਉੱਤਮ ਨੀਤੀ ਨਾਲ, ਅੱਗੇ ਵਧਣ ਵਾਲੇ ਆਗੂਆਂ ਦੀ ਲੋੜ ਹੈ । ਕੌਮਾਂ ਨੂੰ ਅੱਗੇ ਵਧਾਉਣ ਲਈ ਨੇਤਾ, ਨੀਯਤ ਤੇ ਨੀਤੀ ਦੀ ਲੋੜ ਹੁੰਦੀ ਹੈ ਬਦਕਿਸਮਤੀ ਨਾਲ ਅੱਜ ਸਿੱਖ ਭਾਈਚਾਰੇ ਵਿੱਚ ਇਨ੍ਹਾਂ ਵਿੱਚੋਂ ਇੱਕ ਵੀ ਕੋਲ ਨਹੀਂ ਰਹੀ । ਸਮਾਂ ਆ ਗਿਆ ਹੈ ਕਿ, ਸਿੱਖ ਕੌਮ ਦੁਬਾਰਾ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਇੱਕ ਅਕਾਲ ਦੀ ਪੂਜਾ, ਨਿਆਂ, ਸੇਵਾ, ਜਾਤ-ਪਾਤ ਰਹਿਤ ਸਮਾਜ, ਸਰਬ ਸਾਂਝੀਵਾਲਤਾ ਤੇ ਹਲੇਮੀ ਰਾਜ ਨੂੰ ਅਪਣਾ ਕੇ ਕੇਵਲ ਇਤਿਹਾਸ ਨੂੰ ਹੀ ਨਹੀਂ ਭਵਿੱਖ ਨੂੰ ਵੀ ਰੋਸ਼ਨ ਕਰੇ।

***

## ਖੇਤਰੀ ਦਲਾਂ ਦਾ ਭਵਿੱਖ ਤੈਅ ਕਰਨਗੇ ਬਿਹਾਰ...

ਜਿਵੇਂ ਸਿਆਸੀ ਤੌਰ 'ਤੇ ਭਾਜਪਾ ਵੱਲੋਂ ਹਰ ਚੋਣ, ਖ਼ਾਸ ਕਰਕੇ ਬਿਹਾਰ ਚੋਣਾਂ 'ਚ ਡੂੰਘੇ ਜ਼ਖ਼ਮ ਦੇਣ ਦਾ ਟੀਚਾ ਮਿੱਥਿਆ ਹੈ, ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕਾਂਗਰਸ ਦੀ ਚੁਣੌਤੀ ਦੇ ਰੂਪ 'ਚ ਉੱਭਰੇ ਖੇਤਰੀ ਦਲ ਅੱਗੋਂ ਭਾਜਪਾ ਨੂੰ ਚੁਣੌਤੀ ਦੇਣ ਦੀ ਸਥਿਤੀ ਵਿੱਚ ਹੋਣਗੇ ? ਬਿਹਾਰ ਦੀ ਚੋਣ ਇਸ ਤਰ੍ਹਾਂ ਦੇ ਕਈ ਹੋਰ ਸਵਾਲਾਂ ਦਾ ਜਵਾਬ ਵੀ ਦੇਵੇਗੀ। ਕਦੇ ਨਿਤੀਸ਼ ਕੁਮਾਰ ਨੇ ਭਾਜਪਾ ਦੇ ਵਿਰੋਧ ਵਿੱਚ ਕਾਂਗਰਸ ਨਾਲ ਰਲ਼ ਕੇ ਗੱਠਜੋੜ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੂੰ ਬਿਹਾਰ ਵਿੱਚ ਭਾਜਪਾ ਦੇ ਲਗਾਤਾਰ ਅੱਗੇ ਵਧਣ ਦਾ ਡਰ ਸਤਾ ਰਿਹਾ ਸੀ। ਪਰ ਗੱਠਜੋੜ ਵਿੱਚ ਉਹ ਕਾਂਗਰਸ ਦੇ ਨਾਲ਼ ਕੁਝ ਵਿਰੋਧਾਂ ਕਾਰਨ ਚੱਲ ਨਹੀਂ ਸਕੇ ਅਤੇ ਭਾਜਪਾ ਦੇ ਖੇਮੇ ਵਿੱਚ ਜਾ ਪੁੱਜੇ।

2024 ਦੀਆਂ ਚੋਣਾਂ ਬਾਅਦ ਭਾਜਪਾ ਨੂੰ ਅਹਿਸਾਸ ਹੋ ਗਿਆ ਕਿ ਉਸ ਨੂੰ ਆਪਣਾ ਪ੍ਰਭਾਵ ਬਣਾਈ ਰੱਖਣ ਲਈ ਖੇਤਰੀ ਧਿਰਾਂ ਦੀ ਲੋੜ ਹੈ, ਉਹਨਾਂ ਨੇ ਨਿਤੀਸ਼ ਅਤੇ ਨਾਇਡੂ ਦੀ ਖੇਤਰੀ ਪਾਰਟੀ ਦਾ ਸਾਥ ਲਿਆ ਕਿਉਂਕਿ ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਯੂ.ਪੀ. ਵਿੱਚ ਇੱਕ ਖੇਤਰੀ ਦਲ ਨੇ ਉਸ ਦੇ ਸਾਰੇ ਸਮੀਕਰਨ ਲੋਕ ਸਭਾ ਚੋਣਾਂ ਵਿੱਚ ਵਿਗਾੜ ਦਿੱਤੇ ਸਨ ਅਤੇ ਕੇਂਦਰ ਵਿਚਲੀ ਸਰਕਾਰ ਦਾ ਪੂਰਨ ਬਹੁਮਤ ਵਾਲਾ ਖਿਤਾਬ ਖੇਰੂੰ-ਖੇਰੂੰ ਕਰ ਦਿੱਤਾ ਸੀ।

ਰਾਜਦ ( ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ) ਵੱਲੋਂ ਬਿਹਾਰ ਵਿੱਚ ਹਾਲਾਂਕਿ ਵੋਟ ਚੋਰ, ਗੱਦੀ ਛੋੜ ਦੇ ਨਾਅਰੇ ਲੱਗ ਰਹੇ ਹਨ। ਭਾਰਤੀ ਚੋਣ ਕਮਿਸ਼ਨ ਤੇ ਭਾਜਪਾ ਦੀ ਆਪਸੀ ਸਾਂਝ ਵਿਰੁੱਧ ਗੁੱਸੇ 'ਚ ਲੋਕ ਉਬਲੇ ਪਏ ਹਨ। ਪਰ ਨਾਲ਼ - ਨਾਲ਼ ਰਾਜਦ (ਭਾਜਪਾ ਅਤੇ ਜਨਤਾ ਦਲ ਯੂਨਾਈਟਡ) ਪਰਿਵਾਰਵਾਦ ਦੀ ਰਾਜਨੀਤੀ ਨੂੰ ਖਾਰਜ ਕਰਨ ਲਈ ਗੁਹਾਰ ਲਗਾ ਰਹੇ ਹਨ।

ਪਰ ਬਿਹਾਰ 'ਚ ਮਾਹੌਲ ਅਸਪੱਸ਼ਟ ਹੈ। ਚੋਣਾਂ ਸੰਬੰਧੀ ਕੋਈ ਵੀ ਅੰਦਾਜ਼ਾ ਜਾਂ ਅਜ਼ਾਦਾਨਾ ਭਵਿੱਖਬਾਣੀ ਸੰਭਵ ਨਹੀਂ ਜਾਪਦੀ।

ਪਰ ਸਵਾਲਾਂ ਦਾ ਸਵਾਲ ਇਹ ਹੈ ਕਿ ਲਗਾਤਾਰ ਇੱਧਰ-ਉੱਧਰ ਤਾਕਤ ਲਈ ਭਟਕਣ ਵਾਲੇ ਨਿਤੀਸ਼ ਦਾ ਫਿਰ ਤੋਂ ਤਾਰਾ ਚਮਕੇਗਾ ਜਾਂ ਉਹ ਅਲੋਪ ਹੋ ਜਾਣਗੇ ?

ਇਸ ਦਾ ਫਾਇਦਾ ਕਿਸ ਨੂੰ ਹੋਏਗਾ — ਕਾਂਗਰਸ ਜਾਂ ਭਾਜਪਾ ਨੂੰ ? ਉਸ ਕਾਂਗਰਸ ਨੂੰ ਜੋ ਭਾਜਪਾ ਲਈ ਲੋਕ ਸਭਾ ਚੋਣਾਂ 'ਚ ਖਤਰਾ ਬਣੀ ਹੈ ਅਤੇ ਇਹ ਖਤਰਾ 40 ਤੋਂ 99 ਤੱਕ ਪੁੱਜ ਗਿਆ ਹੈ।

ਇਸ ਸਭ-ਕੁਝ ਦੇ ਵਿਚਕਾਰ ਬਿਹਾਰ ਦੇ ਚੋਣ ਨਤੀਜੇ ਖੇਤਰੀ ਦਲਾਂ ਦੀ ਭੂਮਿਕਾ ਤੈਅ ਕਰਨਗੇ।

***

## ਅਨੇਕਾਂ ਮੁਸ਼ਕਿਲਾਂ ਵਿੱਚ ਕਿਉਂ ਘਿਰੇ ਹੋਏ...

ਇੰਜ ਪੰਜਾਬ ਦੇ ਕਿਸਾਨਾਂ ਨੂੰ 50 ਲੱਖ ਟਨ ਝੋਨੇ ਦੇ ਘਾਟੇ ਕਾਰਨ 12 ਹਜ਼ਾਰ ਕਰੋੜ ਦਾ ਹੋਰ ਕਸਾਰਾ ਪੈ ਜਾਵੇਗਾ। ਪੰਜਾਬ 'ਚ ਹੜ੍ਹ ਆਏ, ਸਰਕਾਰਾਂ ਕਿਤੇ ਨਹੀਂ ਲੱਭੀਆਂ, ਸਿਰਫ਼ ਫੋਟੋ ਸ਼ੂਟ ਹੀ ਦਿਸੇ। ਪ੍ਰਧਾਨ ਮੰਤਰੀ ਨੇ ਹਵਾਈ ਗੇੜਾ ਮਾਰਿਆ, 1600 ਕਰੋੜ ਦੀ ਆਟੇ 'ਚ ਲੂਣ ਬਰਾਬਰ ਮਦਦ ਦਾ ਐਲਾਨ ਕੀਤਾ, ਫੋਟੋਆਂ ਖਿਚਾਈਆਂ ਤੇ ਉੱਡਦੇ ਬਣੇ। ਅੱਜ ਤੱਕ ਇੱਕ ਧੇਲਾ ਪੰਜਾਬ 'ਚ ਨਹੀਂ ਆਇਆ। ਪੰਜਾਬ ਸਰਕਾਰ ਪੀੜਤਾਂ ਨੂੰ ਚੈੱਕ ਵੰਡਦੀ ਹੈ, ਸ਼ਾਮ ਨੂੰ ਸਰਕਾਰੀ ਅਮਲਾ ਚੈੱਕ ਵਾਪਸ ਲੈ ਜਾਂਦਾ ਹੈ, ਅਖੇ ਹੋਰ ਪੈਸੇ ਵਧਾ ਕੇ ਫਿਰ ਚੈੱਕ ਦਿਆਂਗੇ। ਕਿਸਾਨਾਂ ਪੱਲੇ ਧੇਲਾ ਨਹੀਂ ਪਿਆ।

ਜਿਊਂਦਾ ਰਹੇ ਸਾਡਾ ਭਾਈਚਾਰਾ। ਪੰਜਾਬੀ ਦੁਨੀਆ ਭਰ 'ਚੋਂ ਆਪਣਿਆਂ ਦੀ ਮਦਦ ਲਈ ਉੱਡ ਕੇ ਆ ਗਏ। ਅੱਜ ਤੱਕ ਮਦਦਗਾਰਾਂ ਦੀਆਂ ਕਤਾਰਾਂ ਨਹੀਂ ਟੁੱਟੀਆਂ। ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਨੂੰ ਦੱਸ ਦਿੱਤਾ ਕਿ ਪੰਜਾਬੀ ਆਪਣਿਆਂ ਦਾ ਫਿਕਰ ਕਰਨਾ ਜਾਣਦੇ ਹਨ। ਪਹਿਲਾਂ ਪੰਜਾਬੀਆਂ ਨੇ ਪਾਣੀ ਟੁੱਟਣ ਤੋਂ ਬੰਨ੍ਹਾਂ ਦੀ ਰਾਖੀ ਕੀਤੀ। ਹੁਣ ਹਰ ਤਰ੍ਹਾਂ ਦੀ ਮਦਦ ਲਈ ਲਗਾਤਾਰ ਅੱਪੜ ਰਹੇ ਹਨ। ਦੇਸ਼ਾਂ-ਵਿਦੇਸ਼ਾਂ 'ਚ ਬੈਠੇ ਪੰਜਾਬੀ, ਕਲਾਕਾਰ, ਅਦਾਕਾਰ, ਹਰਿਆਣਾ, ਯੂ.ਪੀ. ਉੱਤਰਾਖੰਡ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਬੈਠੇ ਕਿਸਾਨ ਲੱਕ ਬੰਨ੍ਹ ਕੇ ਭਾਈਚਾਰੇ ਦੀ ਮਦਦ ਲਈ ਦਿਨ-ਰਾਤ ਇਕ ਕਰ ਰਹੇ ਹਨ। ਪੰਜਾਬੀ ਮੀਡੀਆ ਨੇ ਵੀ ਪੂਰਾ ਤਾਣ ਲਾਇਆ ਹੋਇਆ ਹੈ।

ਹੜ੍ਹਾਂ ਕਾਰਨ ਪੰਜਾਬ ਦਾ 15 ਹਜ਼ਾਰ ਕਰੋੜ ਦਾ ਨੁਕਸਾਨ ਹੋਇਆ। ਹੁਣ ਨਵੀਂ ਕੁਦਰਤੀ ਕਰੋਪੀ ਨੇ ਝੋਨੇ ਦੇ ਝਾੜ 'ਚ 12 ਹਜ਼ਾਰ ਕਰੋੜ ਦਾ ਰਗੜਾ ਲਾ ਦਿੱਤਾ। ਪੰਜਾਬੀਆਂ ਦਾ ਹੌਸਲਾ ਬਣਿਆ ਰਹੇ। ਅਫ਼ਸੋਸ ਸਰਕਾਰਾਂ 'ਤੇ ਹੈ, ਜੋ ਅਮੀਰ ਘਰਾਣਿਆਂ ਨੂੰ ਹਰ ਸਾਲ ਕਰਜ਼ਾ ਮਾਫ਼ੀ ਵਜੋਂ ਔਸਤਨ ਢਾਈ ਲੱਖ ਕਰੋੜ ਕੇਂਦਰੀ ਖ਼ਜ਼ਾਨੇ ਵਿਚੋਂ ਰਾਹਤ ਐਲਾਨ ਕਰਕੇ ਦਿੰਦੀ ਹੈ। ਸਾਡੇ ਦੇਸ਼ ਵਿੱਚ ਸਰਮਾਏਦਾਰੀ ਸਿਸਟਮ ਵਾਲੀ ਸਰਕਾਰ ਹੈ, ਕਹਿਣ ਨੂੰ ਇਹ ਸਮਾਜਵਾਦੀ ਸਿਸਟਮ ਵਾਲੀ ਹੈ। ਸਰਕਾਰਾਂ ਦੀ ਨੀਤ 'ਤੇ ਬੇਹੱਦ ਅਫ਼ਸੋਸ ਹੁੰਦਾ ਹੈ। ਇਸ ਵਰ੍ਹੇ ਦੀ ਦੀਵਾਲੀ ਤਾਂ ਪੰਜਾਬ ਦੇ ਕਿਸਾਨਾਂ ਲਈ ਕਾਲੀ ਦੀਵਾਲੀ ਹੀ ਰਹੀ ਹੈ। ਵਾਹਿਗੁਰੂ ਮਿਹਰ ਕਰੇ, ਪੰਜਾਬੀ ਮਿਲ ਕੇ ਇਸ ਵੱਡੇ ਆਰਥਿਕ ਸੰਕਟ 'ਤੇ ਵੀ ਕਾਬੂ ਪਾ ਸਕਣ।

***

## ਵਿਦਿਆਰਥੀਆਂ ਨਾਲ ਆਪਣੀ ਜ਼ਿੰਦਗੀ...

ਇਹੀ ਨਹੀਂ ਉਸ ਨੇ ਬਤੌਰ ਪਟਕਥਾ ਲੇਖਕ ਤੇ ਨਿਰਦੇਸ਼ਕ 'ਮਾਂ', 'ਅਸੀਸ', 'ਪੋਸਤੀ', 'ਸਨੋਮੈਨ' ਅਤੇ 'ਮਨਸੂਬਾ' ਫਿਲਮਾਂ ਪੇਸ਼ ਕੀਤੀਆਂ ਜਿਨ੍ਹਾਂ ਵਿੱਚ ਰਿਸ਼ਤਿਆਂ ਦੀਆਂ ਕੌੜੀਆਂ, ਮਿੱਠੀਆਂ ਗੱਲਾਂ ਨੂੰ ਦਰਸਾਉਂਦੇ ਭਾਵ ਦਿਖਾਏ ਗਏ। ਉਸ ਦੇ ਕਈ ਕਾਵਿ ਸੰਗ੍ਰਹਿ ਤੇ ਨਾਵਲ ਵੀ ਪ੍ਰਕਾਸ਼ਿਤ ਹੋਏ।

ਰਾਣੇ ਨੇ ਆਪਣੀ ਲੇਖਣੀ ਰਾਹੀਂ ਤਾਂ ਲੋਕਾਂ ਨੂੰ ਆਪਣਾ ਮੁਰੀਦ ਕੀਤਾ ਹੀ, ਇਸ ਦੇ ਨਾਲ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਵੰਡਣਾ ਸ਼ੁਰੂ ਕੀਤਾ ਤੇ ਇੱਕ ਸਕਾਰਾਤਮਕ ਪ੍ਰੇਰਣਾਦਾਇਕ ਸਪੀਕਰ ਦੇ ਤੌਰ 'ਤੇ ਵੀ ਸਾਹਮਣੇ ਆਇਆ। ਉਹ ਅਕਸਰ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨਾਲ ਪ੍ਰੇਰਣਾਦਾਇਕ ਗੱਲਾਂ ਕਰਦਾ ਸੁਣਿਆ ਜਾਂਦਾ ਹੈ।

***

## ਨਵੰਬਰ ਮਹੀਨੇ ਮੁੜ ਕੁਰੇਦੇ ਜਾਂਦੇ ਹਨ

ਇੱਥੋਂ ਸਪੱਸ਼ਟ ਹੁੰਦਾ ਹੈ ਕਿ ਸਥਾਪਤੀ ਨੇ ਆਪਣੇ ਹਿਤਾਂ ਲਈ ਕਿੰਨੀ ਲਚਕੀਲੀ ਬਣਾ ਕੇ ਰੱਖਿਆ ਹੈ ਭਾਰਤੀ ਨਿਆਂ ਪ੍ਰਣਾਲੀ ਨੂੰ, ਜਿਸ ਨੂੰ ਸੱਤਾ ਆਪਣੀ ਮਰਜ਼ੀ ਨਾਲ ਜਿੱਧਰ ਨੂੰ ਦਿਲ ਕਰੇ ਮੋੜ ਸਕਦੀ ਹੈ। ਘੱਟ ਗਿਣਤੀਆਂ ਦੇ ਮਾਮਲੇ ਵਿੱਚ ਕਿੰਨੀ ਪੱਥਰ-ਦਿਲ ਬਣਾ ਦਿੰਦੀ ਹੈ ਕਿ 40-40 ਸਾਲ ਤੱਕ ਸਿੱਖਾਂ ਦੀ ਗੱਲ ਤੱਕ ਸੁਣਨ ਨੂੰ ਵੀ ਤਿਆਰ ਨਹੀਂ ਹੁੰਦੀ। ਇੱਕ ਪਾਸੇ ਬਲਾਤਕਾਰ ਅਤੇ ਕਤਲਾਂ ਦੇ ਦੋਸ਼ੀ ਡੇਰੇਦਾਰਾਂ ਨੂੰ ਸਾਲ ਵਿੱਚ ਦੋ-ਦੋ ਤਿੰਨ-ਤਿੰਨ ਵਾਰੀ ਪੈਰੋਲ 'ਤੇ ਭੇਜਿਆ ਜਾਂਦਾ ਹੈ, ਉਹਨਾਂ ਦੀ ਖ਼ਾਤਰਦਾਰੀ ਦੇ ਇੰਤਜ਼ਾਮ ਕੀਤੇ ਜਾਂਦੇ ਹਨ, ਜਦਕਿ ਆਪਣੇ ਹੱਕਾਂ ਦੀ ਖ਼ਾਤਰ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਨੌਜਵਾਨ ਜਿਹੜੇ ਜੇਲਾਂ ਦੇ ਵਿੱਚ ਬੈਠੇ ਹੀ ਉਮਰਾਂ ਗਾਲ਼ ਕੇ ਬੁੱਢੇ ਹੋ ਚੁੱਕੇ ਹਨ ਉਹਨਾਂ ਨੂੰ ਉਹਨਾਂ ਦੀਆਂ ਆਖ਼ਰੀ ਸਾਹਾਂ ਤੇ ਪਈਆਂ ਬਜ਼ੁਰਗ ਮਾਵਾਂ ਨਾਲ ਵੀ ਮਿਲਣ ਨਹੀਂ ਦਿੱਤਾ ਜਾਂਦਾ। ਸਵਾਲ ਇਹ ਉੱਠਦਾ ਹੈ ਕਿ ਜੇਕਰ ਸਾਬਕਾ ਪ੍ਰਧਾਨ ਮੰਤਰੀ ਰਜੀਵ ਗਾਂਧੀ ਦੇ ਕਾਤਲ ਰਿਹਾਅ ਹੋ ਸਕਦੇ ਹਨ, ਤਾਂ ਫਿਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿੱਚ ਸਜ਼ਾਵਾਂ ਕੱਟ ਚੁੱਕੇ ਸਿੱਖ ਨੌਜਵਾਨਾਂ ਨੂੰ ਰਿਹਾਈਆਂ ਕਿਉਂ ਨਹੀਂ ? ਜੇਕਰ ਸਵਰਗੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੱਕ ਵਿੱਚ ਜਹਾਜ਼ ਅਗਵਾ ਕਰਨ ਵਾਲੇ ਬਾਅਦ ਵਿੱਚ ਮੈਂਬਰ ਪਾਰਲੀਮੈਂਟ ਜਾਂ ਵਜ਼ੀਰ ਬਣ ਕੇ ਨਿਵਾਜੇ ਜਾ ਸਕਦੇ ਹਨ ਫਿਰ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਹੱਕ ਵਿੱਚ ਜਹਾਜ਼ ਅਗਵਾ ਕਰਨ ਵਾਲਿਆਂ ਨੂੰ ਸਾਰੀ ਉਮਰ ਜਲਾਵਤਨੀ ਹੰਢਾ ਕੇ ਕਿਉਂ ਮਰਨਾ ਪਿਆ ਅਤੇ ਕਿਉਂ ਬਾਕੀ ਦੇ ਸਿੱਖ ਹਾਈਜੈਕਰਾਂ ਨੂੰ ਮੁੜ ਤੋਂ ਅਦਾਲਤਾਂ ਵਿੱਚ ਘਸੀਟਿਆ ਜਾ ਰਿਹਾ ਹੈ ? ਸਿੱਖਾਂ ਤੋਂ ਉਹਨਾਂ ਦੇ ਹੱਕ ਕਿਉਂ ਖੋਹੇ ਗਏ ਹਨ, ਕਿਉਂ ਬੰਦੀ ਸਿੱਖਾਂ ਨੂੰ ਜੇਲ੍ਹਾਂ ਵਿੱਚੋਂ ਬਾਹਰ ਆਉਣ ਦੀ ਆਗਿਆ ਨਹੀਂ ਮਿਲ ਰਹੀ ? ਕਿਉਂ ਦੇਸ਼ ਦੀ ਸਰਵ ਉੱਚ ਅਦਾਲਤ 45 ਸਾਲ ਬੀਤ ਜਾਣ ਦੇ ਬਾਵਜੂਦ ਵੀ ਦਿੱਲੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਵਿੱਚ ਅਸਫਲ ਰਹੀ ਹੈ ? ਅਜਿਹੇ ਅਨੇਕਾਂ ਸਵਾਲ ਸਿੱਖ ਮਨਾਂ ਵਿੱਚ ਹਮੇਸ਼ਾ ਹੀ ਪਨਪਦੇ ਰਹਿੰਦੇ ਹਨ ਜਿਹੜੇ ਉਹਨਾਂ ਨੂੰ ਇਸ ਦੇਸ਼ ਵਿੱਚ ਬੇਗਾਨਗੀ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ। ਪ੍ਰੰਤੂ ਜੂਨ ਅਤੇ ਨਵੰਬਰ ਮਹੀਨੇ ਦੇ ਵਿੱਚ ਇਹ ਜ਼ਖ਼ਮ ਮੁੜ ਤੋਂ ਇਸ ਕਰਕੇ ਫਿਰ ਤਾਜ਼ਾ ਹੋ ਜਾਂਦੇ ਹਨ ਕਿਉਂਕਿ ਭਾਰਤੀ ਨਿਜ਼ਾਮ ਘੱਟ ਗਿਣਤੀ ਸਿੱਖ ਕੌਮ ਨੂੰ ਇਨਸਾਫ਼ ਦੇਣ ਦੀ ਬਜਾਏ ਉਹਨਾਂ ਦੇ ਜਜ਼ਬਾਤਾਂ ਦੀ ਖਿਲੀ ਉਡਾਉਂਦਾ ਹੈ। ਭਾਵੇਂ ਰਾਜਨੀਤਕ ਲੋਕਾਂ ਲਈ ਇਹ ਮਹਿਜ਼ ਸਿਆਸੀ ਰੋਟੀਆਂ ਸੇਕਣ ਦਾ, ਕਦੇ ਵੀ ਹੱਲ ਨਾ ਹੋਣ ਵਾਲਾ ਮੁੱਦਾ ਹੈ, ਪਰੰਤੂ ਸਿੱਖਾਂ ਲਈ ਇਹ ਅਜਿਹੀ ਆਤਮਿਕ ਪੀੜਾ ਹੈ, ਜਿਹੜੀ ਰਹਿੰਦੀ ਦੁਨੀਆਂ ਤੱਕ ਸਿੱਖਾਂ ਨੂੰ ਇਸ ਅਣਹੋਣੀ ਦਾ ਅਹਿਸਾਸ ਕਰਵਾਉਂਦੀ ਰਹੇਗੀ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**